Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ. ਐੱਸ. ਏ.

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।



Gurjatinder S. Randhawa
REALTOR CA DRE licence # 01490567
916-320-9444

Vol. 19, Issue- 856, 29 May to 04 June, 2025, Ph: 916-320-9444, E-mail: punjabmailusa@yahoo.com, Web: punjabmailusa.com

## ਟਰੰਪ ਪ੍ਰਸ਼ਾਸਨ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਾ ਇੰਟਰਵਿਊ 'ਤੇ ਅਸਥਾਈ ਤੌਰ 'ਤੇ ਲਾਈ ਪਾਬੰਦੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਾ ਇੰਟਰਵਿਊ 'ਤੇ ਅਸਥਾਈ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਕਦਮ ਸੋਸ਼ਲ ਮੀਡੀਆ ਖਾਤਿਆਂ ਦੀ ਡੂੰਘਾਈ ਨਾਲ ਜਾਂਚ ਨੂੰ ਲਾਜ਼ਮੀ ਬਣਾਉਣ ਦੀ ਯੋਜਨਾ ਦੇ ਹਿੱਸੇ ਵਜੋਂ ਚੁੱਕਿਆ ਗਿਆ ਹੈ। ਅਮਰੀਕੀ ਮੀਡੀਆ ਸੰਗਠਨ ਪੋਲੀਟੀਕੋ ਦੀ ਇੱਕ ਰਿਪੋਰਟ ਮੁਤਾਬਕ, ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੁਆਰਾ ਦਸਤਖਤ ਕੀਤੇ ਦਸਤਾਵੇਜ਼ਾਂ ਵਿਚ ਇਸਦੀ ਪੁਸ਼ਟੀ ਕੀਤੀ ਗਈ ਹੈ।

ਇਸ ਫੈਸਲੇ ਦਾ ਸਿੱਧਾ ਅਸਰ ਅਮਰੀਕੀ ਵੀਜ਼ਾ ਪ੍ਰਕਿਰਿਆ 'ਤੇ ਪਵੇਗਾ। ਖਾਸ ਕਰਕੇ ਉਹ ਯੂਨੀਵਰਸਿਟੀਆਂ ਜੋ ਵਿਦੇਸ਼ੀ ਵਿਦਿਆਰਥੀਆਂ 'ਤੇ ਨਿਰਭਰ ਕਰਦੀਆਂ ਹਨ, ਉਨ੍ਹਾਂ ਨੂੰ ਵਿੱਤੀ ਨੁਕਸਾਨ ਹੋ ਸਕਦਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਦੋਂ ਤੱਕ ਅਗਲੇ

**■ ਸੋਸ਼ਲ ਮੀਡੀਆ ਜਾਂਚ ਹੋਵੇਗੀ ਲਾਜ਼ਮੀ**



ਦਿਸ਼ਾ-ਨਿਰਦੇਸ਼ ਜਾਰੀ ਨਹੀਂ ਕੀਤੇ ਜਾਂਦੇ ਐੱਫ., ਐੱਮ. ਅਤੇ ਜੇ. ਵੀਜ਼ਾ (ਵਿਦੇਸ਼ੀ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਟਰ) ਲਈ ਨਵੇਂ ਇੰਟਰਵਿਊ ਤੈਅ ਨਹੀਂ ਕੀਤੇ ਜਾਣਗੇ। ਦਸਤਾਵੇਜ਼ ਵਿਚ ਕਿਹਾ ਗਿਆ ਹੈ: "ਸੋਸ਼ਲ ਮੀਡੀਆ ਸਕ੍ਰੀਨਿੰਗ ਦੇ ਵਿਸਥਾਰ ਦੀ ਤਿਆਰੀ ਵਿਚ ਕਿਸੇ ਵੀ ਵਿਦਿਆਰਥੀ ਜਾਂ ਐਕਸਚੇਂਜ ਵੀਜ਼ਾ ਲਈ ਨਵੀਂ ਨਿਯੁਕਤੀ ਸਮਰੱਥਾ ਇਸ ਸਮੇਂ ਉਦੋਂ ਤੱਕ ਨਹੀਂ ਜੋੜੀ ਜਾਵੇਗੀ, ਜਦੋਂ ਤੱਕ ਅਗਲੇ ਨਿਰਦੇਸ਼ ਪ੍ਰਾਪਤ ਨਹੀਂ ਹੁੰਦੇ।"

ਇਸ ਨਵੀਂ ਨੀਤੀ ਤਹਿਤ ਗਾਜ਼ਾ ਵਿਚ ਇਜ਼ਰਾਈਲ ਦੀ ਫੌਜੀ ਕਾਰਵਾਈ ਦੇ ਵਿਰੋਧ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀਆਂ ਸੋਸ਼ਲ ਮੀਡੀਆ ਗਤੀਵਿਧੀਆਂ ਦੀ ਵਿਸ਼ੇਸ਼ ਤੌਰ 'ਤੇ ਜਾਂਚ ਕੀਤੀ ਜਾਵੇਗੀ। ਅਪ੍ਰੈਲ ਵਿਚ ਅਮਰੀਕੀ ਸਰਕਾਰ ਨੇ ਇਹ ਵੀ ਕਿਹਾ ਸੀ ਕਿ "ਅਮਰੀਕਾ ਵਿਚ ਵੀਜ਼ਾ ਜਾਂ ਸਥਾਈ ਨਿਵਾਸ (ਗ੍ਰੀਨ ਕਾਰਡ) ਲਈ ਅਰਜ਼ੀ ਦੇਣ ਵਾਲੇ ਲੋਕਾਂ ਦੀਆਂ ਸੋਸ਼ਲ ਮੀਡੀਆ ਪੋਸਟਾਂ ਦੀ ਸਮੀਖਿਆ ਕੀਤੀ ਜਾਵੇਗੀ, ਖਾਸ ਕਰਕੇ ਜੇ ਉਹ 'ਯਹੂਦੀ-ਵਿਰੋਧੀ ਗਤੀਵਿਧੀਆਂ' ਨਾਲ ਜੁੜੀਆਂ ਹੋਣ।" ਯੂ.ਐੱਸ.ਸੀ.ਆਈ.ਐੱਸ. (ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼) ਨੇ ਕਿਹਾ ਕਿ ਇਹ ਕਦਮ "ਪਛਾਣ ਤਸਦੀਕ, ਸੁਰੱਖਿਆ ਤਸਦੀਕ ਅਤੇ ਰਾਸ਼ਟਰੀ ਸੁਰੱਖਿਆ" ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਸੀ।

■ ਬਾਕੀ ਖਬਰ ਸਫਾ 14 'ਤੇ

## ਆਈ.ਸੀ.ਈ. ਏਜੰਟਾਂ ਵੱਲੋਂ ਅਮਰੀਕੀ ਅਦਾਲਤਾਂ 'ਚ ਹੀ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਗ੍ਰਿਫ਼ਤਾਰੀ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਵਾਸੀਆਂ ਪ੍ਰਤੀ ਸਖ਼ਤ ਨੀਤੀ ਅਪਣਾਈ ਹੋਈ ਹੈ। ਇਸ ਨੀਤੀ ਨੂੰ ਸਫਲ ਬਣਾਉਣ ਲਈ ਅਮਰੀਕਾ ਦੀਆਂ ਇਮੀਗ੍ਰੇਸ਼ਨ ਅਦਾਲਤਾਂ ਹੁਣ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਏਜੰਟਾਂ ਲਈ ਨਵਾਂ ਅੱਡਾ ਬਣ ਗਈਆਂ ਹਨ, ਜਿਥੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸੁਣਵਾਈ ਤੋਂ ਤੁਰੰਤ ਬਾਅਦ ਗ੍ਰਿਫ਼ਤਾਰ ਕਰਕੇ ਡਿਪੋਰਟ ਕੀਤਾ ਜਾ ਰਿਹਾ ਹੈ। ਟਰੰਪ ਪ੍ਰਸ਼ਾਸਨ ਵੱਲੋਂ ਲਾਗੂ ਕੀਤੀ ਨਵੀਂ ਨੀਤੀ ਅਧੀਨ ਆਈ.ਸੀ.ਈ. ਅਧਿਕਾਰੀ ਜੱਜ ਵੱਲੋਂ ਦੇਸ਼ ਨਿਕਾਲੇ ਦਾ ਹੁਕਮ ਆਉਣ ਜਾਂ ਸਰਕਾਰੀ ਵਕੀਲ ਕੇਸ ਖਤਮ ਕਰਨ ਦੀ ਅਰਜ਼ੀ ਦੇਣ 'ਤੇ ਤੁਰੰਤ ਹੀ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲੈ ਰਹੇ ਹਨ। ਇਹ ਨੀਤੀ ਅਕਸਰ ਉਨ੍ਹਾਂ ਲੋਕਾਂ ਲਈ ਮੁਸੀਬਤ

**■ ਸੁਣਵਾਈ ਤੋਂ ਤੁਰੰਤ ਬਾਅਦ ਗ੍ਰਿਫ਼ਤਾਰ ਕਰਕੇ ਕੀਤੇ ਜਾ ਰਿਹੈ ਡਿਪੋਰਟ**



**■ 20 ਤੋਂ ਵੱਧ ਰਾਜਾਂ ਦੀਆਂ ਅਦਾਲਤਾਂ 'ਚ ਏਜੰਟ ਤਾਇਨਾਤ**

ਬਣ ਗਈ ਹੈ, ਜੋ ਕਾਨੂੰਨੀ ਕਾਰਵਾਈ ਵਿਚ ਪੂਰੀ ਤਰ੍ਹਾਂ ਸਹਿਯੋਗ ਦੇ ਰਹੇ ਹਨ।

ਆਈ.ਸੀ.ਈ. ਦੇ ਨਕਾਬਪੋਸ਼ ਏਜੰਟ 20 ਤੋਂ ਵੱਧ ਰਾਜਾਂ ਦੀਆਂ ਅਦਾਲਤਾਂ ਜਿਵੇਂ ਐਰੀਜ਼ੋਨਾ, ਵਰਜੀਨੀਆ ਆਦਿ ਵਿਚ ਤਾਇਨਾਤ ਹਨ, ਜੋ ਸੁਣਵਾਈ ਖਤਮ ਹੋਣ 'ਤੇ ਤੁਰੰਤ ਗ੍ਰਿਫ਼ਤਾਰੀ ਕਰਦੇ ਹਨ। ਕਈ ਕੇਸਾਂ ਵਿਚ ਜਿੱਥੇ ਪਹਿਲਾਂ ਕੇਸ ਖਤਮ ਹੋਣਾ ਰਾਹਤ ਦਾ ਕਾਰਨ ਹੁੰਦਾ ਸੀ, ਹੁਣ ਆਈ.ਸੀ.ਈ. ਉਨ੍ਹਾਂ ਵਿਅਕਤੀਆਂ ਨੂੰ ਬਾਹਰ ਨਿਕਲਦਿਆਂ ਹੀ ਫੜ ਲੈਂਦੇ ਹਨ। ਇਹ ਗ੍ਰਿਫ਼ਤਾਰੀਆਂ ਸਿਰਫ਼ ਅਪਰਾਧਿਕ ਪਿਛੋਕੜ ਵਾਲਿਆਂ ਤੱਕ ਸੀਮਤ ਨਹੀਂ ਹਨ, ਸਗੋਂ ਸ਼ਰਣ ਮੰਗਣ ਵਾਲਿਆਂ, ਬਿਨਾਂ ਵਕੀਲਾਂ ਵਾਲਿਆਂ ਅਤੇ ਸਾਫ਼ ਰਿਕਾਰਡ ਵਾਲਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਤਰੀਕੇ ਨੇ ਪ੍ਰਵਾਸੀ ਭਾਈਚਾਰੇ ਵਿਚ ਡਰ ਅਤੇ ਭੰਬਲਭੂਸਾ ਪੈਦਾ ਕਰ ਦਿੱਤਾ ਹੈ।

■ ਬਾਕੀ ਖਬਰ ਸਫਾ 14 'ਤੇ

## ਅਪਰਾਧਿਕ ਮਾਮਲਾ ਪੈਂਡਿੰਗ ਹੋਣ 'ਤੇ ਪਾਸਪੋਰਟ ਸਹੂਲਤ ਤੋਂ ਨਹੀਂ ਕੀਤਾ ਜਾ ਸਕਦਾ ਇਨਕਾਰ : ਹਾਈਕੋਰਟ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਕਿ ਸਿਰਫ਼ ਅਪਰਾਧਿਕ ਮਾਮਲਾ ਪੈਂਡਿੰਗ ਹੋਣ ਦੇ ਆਧਾਰ 'ਤੇ ਕਿਸੇ ਵਿਅਕਤੀ ਨੂੰ ਪਾਸਪੋਰਟ ਸਹੂਲਤ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਵੱਖ-ਵੱਖ ਫ਼ੈਸਲਿਆਂ ਦਾ ਜ਼ਿਕਰ ਕਰਦੇ ਹੋਏ ਜਸਟਿਸ ਹਰਸ਼ ਬੰਗਰ ਨੇ ਆਪਣੇ ਹੁਕਮ 'ਚ ਕਿਹਾ ਕਿ ਸਿਰਫ਼ ਅਪਰਾਧਿਕ ਮਾਮਲਾ ਪੈਂਡਿੰਗ ਹੋਣਾ ਕਿਸੇ ਬਿਨੈਕਾਰ ਨੂੰ ਪਾਸਪੋਰਟ ਸਹੂਲਤ ਦੇਣ ਤੋਂ ਇਨਕਾਰ ਕਰਨ ਦਾ ਅਧਿਕਾਰ ਨਹੀਂ ਹੋ ਸਕਦਾ ਕਿਉਂਕਿ ਨਿੱਜੀ ਆਜ਼ਾਦੀ ਦੇ ਅਧਿਕਾਰ 'ਚ ਨਾ ਸਿਰਫ਼ ਬਿਨੈਕਾਰ ਦਾ ਵਿਦੇਸ਼ ਯਾਤਰਾ ਕਰਨ ਦਾ ਅਧਿਕਾਰ ਸ਼ਾਮਿਲ





ਹੈ, ਬਲਕਿ ਬਿਨੈਕਾਰ ਦਾ ਪਾਸਪੋਰਟ ਰੱਖਣ ਦਾ ਅਧਿਕਾਰ ਵੀ ਸ਼ਾਮਲ ਹੈ।

ਹਾਈਕੋਰਟ ਇਕ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ, ਜਿਸ 'ਚ ਪ੍ਰਤੀਵਾਦੀ ਅਥਾਰਟੀਆਂ ਨੂੰ ਕੁਲਦੀਪ ਸਿੰਘ ਨਾਂ ਦੇ ਵਿਅਕਤੀ ਨੂੰ ਪਾਸਪੋਰਟ ਜਾਰੀ ਕਰਨ ਦਾ ਨਿਰਦੇਸ਼ ਦੇਣ ਲਈ ਬੇਨਤੀ ਕੀਤੀ ਗਈ ਸੀ। ਕੁਲਦੀਪ ਸਿੰਘ ਐੱਨ.ਡੀ.ਪੀ.ਐੱਸ. ਐਕਟ ਦੀ ਧਾਰਾ 15 'ਚ ਕੇਸ ਦਾ ਸਾਹਮਣਾ ਕਰ ਰਹੇ ਸਨ। ਮਾਮਲੇ ਦੇ ਪੈਂਡਿੰਗ ਹੋਣ ਕਾਰਨ ਪਟੀਸ਼ਨਰ ਨੇ ਨਵੇਂ ਪਾਸਪੋਰਟ ਲਈ ਅਪਲਾਈ ਕਰਨ ਲਈ ਵਧੀਕ ਸੈਸ਼ਨ ਜੱਜ ਤੋਂ ਇਜਾਜ਼ਤ ਮੰਗੀ ਸੀ। ਮੋਗਾ ਦੀ ਅਦਾਲਤ ਨੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਸਰਕੂਲਰ ਤੇ ਵੱਖ-ਵੱਖ ਅਦਾਲਤੀ ਫ਼ੈਸਲਿਆਂ ਦੇ ਮੱਦੇਨਜ਼ਰ ਪਟੀਸ਼ਨਰ ਨੂੰ ਨਵੇਂ ਪਾਸਪੋਰਟ ਲਈ ਅਪਲਾਈ ਕਰਨ ਦੀ ਇਜਾਜ਼ਤ ਦਿੱਤੀ ਸੀ।

■ ਬਾਕੀ ਖਬਰ ਸਫਾ 14 'ਤੇ

## ਟਰੰਪ ਦੇ ਬਿਆਨ 'ਤੇ ਰੂਸ ਨੇ ਤੀਜੇ ਵਿਸ਼ਵ ਯੁੱਧ ਦੀ ਦਿੱਤੀ ਧਮਕੀ!

**ਮਾਸਕੋ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗਬੰਦੀ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਪੁਤਿਨ ਇਸ ਲਈ ਤਿਆਰ ਨਹੀਂ ਹਨ। ਹਾਲ ਹੀ ਵਿਚ ਰੂਸ ਵੱਲੋਂ ਯੂਕਰੇਨ 'ਤੇ ਡਰੋਨ ਹਮਲਿਆਂ ਨੂੰ ਲੈ ਕੇ ਟਰੰਪ ਨੇ ਵਲਾਦੀਮੀਰ ਪੁਤਿਨ ਨੂੰ ਪਾਗਲ ਤੱਕ ਕਿਹਾ ਸੀ। ਟਰੰਪ ਨੇ ਪੁਤਿਨ ਨੂੰ ਸਾਫ਼-ਸਾਫ਼ ਕਿਹਾ ਸੀ ਕਿ ਸਾਡੀ ਗੱਲ ਨਾ ਸੁਣ ਕੇ ਉਹ ਅੱਗ ਨਾਲ ਖੇਡ ਰਿਹਾ ਹੈ, ਪਰ ਹੁਣ ਰੂਸ ਨੇ ਟਰੰਪ ਦੀ ਇਸ ਧਮਕੀ ਦਾ ਢੁੱਕਵਾਂ ਜਵਾਬ ਦਿੱਤਾ ਹੈ।



ਰੂਸ ਦੀ ਸੁਰੱਖਿਆ ਪ੍ਰੀਸ਼ਦ ਦੇ ਡਿਪਟੀ ਚੇਅਰਮੈਨ ਦਮਿਤਰੀ ਮੇਦਵੇਦੇਵ ਨੇ ਕਿਹਾ ਕਿ ਟਰੰਪ ਨੇ ਪੁਤਿਨ ਬਾਰੇ ਕਿਹਾ ਹੈ ਕਿ ਉਹ ਅੱਗ ਨਾਲ ਖੇਡ ਰਹੇ ਹਨ ਅਤੇ ਉਹ ਰੂਸ ਨਾਲ ਕੁਝ ਬੁਰਾ ਕਰ ਸਕਦੇ ਹਨ। ਮੈਨੂੰ ਸਿਰਫ਼ ਇੱਕ ਹੀ ਬੁਰੀ ਗੱਲ ਪਤਾ ਹੈ ਅਤੇ ਉਹ ਹੈ ਤੀਜਾ ਵਿਸ਼ਵ ਯੁੱਧ। ਉਮੀਦ ਹੈ ਕਿ ਟਰੰਪ ਇਸ ਗੱਲ ਨੂੰ ਸਮਝਣਗੇ।

ਇਸ ਬਿਆਨ ਤੋਂ ਜ਼ਾਹਰ ਹੁੰਦਾ ਹੈ ਕਿ ਅਮਰੀਕਾ ਅਤੇ ਰੂਸ ਵਿਚਕਾਰ ਸਭ ਕੁਝ ਆਮ ਨਹੀਂ ਹੈ। ਇਸ ਤੋਂ ਪਹਿਲਾਂ ਟਰੰਪ ਨੇ ਪੁਤਿਨ 'ਤੇ ਵਰ੍ਹਦਿਆਂ ਕਿਹਾ ਸੀ ਕਿ ਵਲਾਦੀਮੀਰ ਪੁਤਿਨ ਨੂੰ ਸਮਝਣਾ ਚਾਹੀਦਾ ਹੈ ਕਿ ਜੇ ਮੈਂ ਉੱਥੇ ਨਾ ਹੁੰਦਾ, ਤਾਂ ਹੁਣ ਤੱਕ ਰੂਸ ਨਾਲ ਬਹੁਤ ਬੁਰਾ ਹਾਲ ਹੋ ਚੁੱਕਾ ਹੁੰਦਾ। ਮੇਰਾ ਮਤਲਬ ਹੈ ਸੱਚਮੁੱਚ, ਬਹੁਤ ਬੁਰਾ। ਉਹ ਅੱਗ ਨਾਲ ਖੇਡ ਰਿਹਾ ਹੈ। ਟਰੰਪ ਪਹਿਲਾਂ ਵੀ ਪੁਤਿਨ ਨੂੰ ਪਾਗਲ ਕਹਿ ਚੁੱਕੇ ਹਨ।

■ ਬਾਕੀ ਖਬਰ ਸਫਾ 14 'ਤੇ

## ਸਿੱਧੂ ਮੂਸੇਵਾਲਾ ਦੇ ਪਿਤਾ ਵੱਲੋਂ ਮਾਨਸਾ ਵਿਧਾਨ ਸਭਾ ਚੋਣ ਲੜਨ ਦਾ ਐਲਾਨ

**ਮਾਨਸਾ, (ਪੰਜਾਬ ਮੇਲ)-** ਸਿੱਧੂ ਮੂਸੇਵਾਲਾ ਦੇ ਪਿਤਾ



ਬਲਕੌਰ ਸਿੰਘ ਨੇ ਐਲਾਨ ਕੀਤਾ ਹੈ ਕਿ ਉਹ 2027 ਵਿਧਾਨ ਸਭਾ ਚੋਣ ਦੌਰਾਨ ਮਾਨਸਾ ਵਿਧਾਨ ਸਭਾ ਤੋਂ ਚੋਣ ਲੜਨਗੇ। ਉਨ੍ਹਾਂ ਇਹ ਐਲਾਨ ਮਾਨਸਾ ਵਿਚ ਕਾਂਗਰਸ ਵਲੋਂ ਕੀਤੀ ਗਈ 'ਸੰਵਿਧਾਨ ਬਚਾਓ' ਰੈਲੀ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਨੂੰ ਤਿੰਨ ਸਾਲ ਦਾ ਸਮਾਂ ਲੰਘਣ ਦੇ ਬਾਵਜੂਦ ਪੁੱਤਰ ਦੇ ਕਤਲ ਦਾ ਅੱਜ ਤੱਕ ਇਨਸਾਫ਼ ਨਹੀਂ ਮਿਲਿਆ, ਇਸ ਕਰ ਕੇ ਉਹ 2027 ਦੀ ਵਿਧਾਨ ਸਭਾ ਚੋਣ ਵਿਚ ਮਾਨਸਾ ਵਿਧਾਨ ਸਭਾ ਸੀਟ ਤੋਂ ਚੋਣ ਲੜਨਗੇ ਅਤੇ ਆਪਣੇ ਪੁੱਤਰ ਨੂੰ ਇਨਸਾਫ਼ ਦਿਵਾਉਣ ਲਈ ਪੰਜਾਬ ਵਿਧਾਨ ਸਭਾ 'ਚ ਆਵਾਜ਼ ਉਠਾਉਣਗੇ ਅਤੇ ਆਪਣੇ ਹਲਕੇ ਲਈ ਵੀ ਕੰਮ ਕਰਦੇ ਰਹਿਣਗੇ।

## ਵਿਦੇਸ਼ਾਂ ਤੋਂ ਫੰਡ ਹਾਸਲ ਕਰਨ ਵਾਲੇ ਐੱਨ.ਜੀ.ਓ. ਖਿਲਾਫ ਸਖਤ ਹੋਈ ਭਾਰਤ ਸਰਕਾਰ!

**ਨਵੀਂ ਦਿੱਲੀ (ਪੰਜਾਬ ਮੇਲ)-** ਕੇਂਦਰ ਸਰਕਾਰ ਨੇ ਵਿਦੇਸ਼ਾਂ ਤੋਂ ਫੰਡ ਪ੍ਰਾਪਤ ਕਰਨ ਵਾਲੀਆਂ ਗੈਰ-ਸਰਕਾਰੀ ਸੰਸਥਾਵਾਂ ਲਈ ਇੱਕ ਨਿਰਦੇਸ਼ ਜਾਰੀ ਕੀਤਾ ਹੈ। ਕੇਂਦਰ ਸਰਕਾਰ ਨੇ ਪੁਰਾਣੇ ਨਿਯਮ ਬਦਲਦੇ ਹੋਏ ਸਪੱਸ਼ਟ ਕਰ ਦਿੱਤਾ ਹੈ ਕਿ ਵਿਦੇਸ਼ੀ ਫੰਡਿੰਗ ਪ੍ਰਾਪਤ ਕਰਨ ਵਾਲੇ ਅਤੇ ਪ੍ਰਕਾਸ਼ਨ ਨਾਲ ਸਬੰਧਤ ਕੰਮ ਕਰਨ ਵਾਲੇ ਗੈਰ-ਸਰਕਾਰੀ ਸੰਗਠਨਾਂ ਨੂੰ ਹੁਣ ਕੋਈ ਵੀ ਨਿਊਜ਼ਲੈਟਰ ਜਾਂ ਖ਼ਬਰਾਂ ਨਾਲ ਸਬੰਧਤ ਸਮੱਗਰੀ ਪ੍ਰਕਾਸ਼ਿਤ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ।

ਜ਼ਿਕਰਯੋਗ ਹੈ ਕਿ ਸਰਕਾਰ ਮੁਤਾਬਕ ਹੁਣ ਪ੍ਰਕਾਸ਼ਨ ਗਤੀਵਿਧੀਆਂ ਵਿਚ ਲੱਗੇ ਅਤੇ ਵਿਦੇਸ਼ੀ ਯੋਗਦਾਨ

**■ ਹੁਣ ਗੈਰ-ਸਰਕਾਰੀ ਸੰਗਠਨਾਂ ਨੂੰ ਨਿਊਜ਼ਲੈਟਰ ਜਾਂ ਖ਼ਬਰਾਂ ਨਾਲ ਸਬੰਧਤ ਸਮੱਗਰੀ ਪ੍ਰਕਾਸ਼ਿਤ ਕਰਨ ਦੀ ਨਹੀਂ ਹੋਵੇਗੀ ਇਜਾਜ਼ਤ**

**■ ਗ੍ਰਹਿ ਮੰਤਰਾਲੇ ਵਲੋਂ ਜਾਰੀ ਹੋਏ ਨਿਰਦੇਸ਼**

**■ ਲਾਜ਼ਮੀ ਤੌਰ 'ਤੇ ਦੇਣੀ ਪਵੇਗੀ ਸਾਰੀ ਜਾਣਕਾਰੀ**

ਪ੍ਰਾਪਤ ਕਰਨ ਵਾਲੇ ਗੈਰ-ਸਰਕਾਰੀ ਸੰਗਠਨ (ਐੱਨ.ਜੀ.ਓਜ਼) ਕੋਈ ਵੀ ਅਖ਼ਬਾਰ ਪ੍ਰਕਾਸ਼ਿਤ ਨਹੀਂ ਕਰ ਸਕਣਗੇ ਅਤੇ ਉਨ੍ਹਾਂ ਨੂੰ ਭਾਰਤ ਦੇ ਰਜਿਸਟਰਾਰ ਆਫ਼ ਨਿਊਜ਼ਪੇਪਰਜ਼ ਤੋਂ ਇੱਕ ਸਰਟੀਫਿਕੇਟ ਪ੍ਰਾਪਤ ਕਰਨਾ ਹੋਵੇਗਾ ਕਿ ਉਹ ਕੋਈ ਵੀ ਖ਼ਬਰ ਸਮੱਗਰੀ ਪ੍ਰਕਾਸ਼ਿਤ ਨਹੀਂ ਕਰਦੇ ਹਨ। ਕੇਂਦਰ ਨੇ ਕਿਹਾ ਹੈ ਕਿ ਵਿਦੇਸ਼ੀ ਯੋਗਦਾਨ (ਰੈਗੂਲੇਸ਼ਨ) ਐਕਟ (ਐੱਫ.ਸੀ.ਆਰ.ਏ.) ਅਧੀਨ ਰਜਿਸਟ੍ਰੇਸ਼ਨ ਦੀ ਮੰਗ ਕਰਨ ਵਾਲੀਆਂ ਐੱਨ.ਜੀ.ਓਜ਼ ਨੂੰ ਨਵੇਂ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਇੱਕ ਨੋਟੀਫਿਕੇਸ਼ਨ ਵਿੱਚ, ਗ੍ਰਹਿ ਮੰਤਰਾਲੇ ਨੇ ਕਿਹਾ ਕਿ ਉਸਨੇ ਐੱਫ.ਸੀ.ਆਰ.ਏ. ਦੇ ਤਹਿਤ ਬਣਾਏ ਗਏ ਨਿਯਮਾਂ ਵਿੱਚ ਸੋਧ ਕੀਤੀ ਹੈ ਅਤੇ ਹੁਣ ਵਿਦੇਸ਼ੀ ਫੰਡ ਪ੍ਰਾਪਤ ਕਰਨ ਦੀ ਇਜਾਜ਼ਤ ਲੈਣ ਵਾਲੀਆਂ ਐੱਫ.ਏ.ਟੀ.ਐੱਫ. ਨੂੰ ਇੱਕ ਵਾਅਦਾ ਦੇਣਾ ਹੋਵੇਗਾ ਕਿ ਉਹ ਵਿੱਤੀ ਐਕਸ਼ਨ ਟਾਸਕ ਫੋਰਸ (ਐੱਨ.ਜੀ.ਓ.) ਦੇ ਚੰਗੇ ਆਚਰਣ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨਗੇ।

■ ਬਾਕੀ ਖਬਰ ਸਫਾ 14 'ਤੇ

## ਟਰੰਪ ਵੱਲੋਂ ਅਮਰੀਕਾ ਰਹਿੰਦੇ ਪ੍ਰਵਾਸੀਆਂ ਨੂੰ ਪੈਸੇ ਟਰਾਂਸਫਰ ਕਰਨ 'ਤੇ ਪ੍ਰਸਤਾਵਿਤ ਟੈਕਸ 'ਤੇ ਰਾਹਤ ਪ੍ਰਦਾਨ

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕਾ ਦੀ ਡੋਨਾਲਡ ਟਰੰਪ ਸਰਕਾਰ ਨੇ ਉਨ੍ਹਾਂ

**■ ਪੈਸੇ ਟਰਾਂਸਫਰ ਕਰਨ 'ਤੇ ਪਹਿਲਾਂ ਪ੍ਰਸਤਾਵਿਤ 5% ਟੈਕਸ ਨੂੰ ਘਟਾ ਕੇ 3.5% ਕੀਤਾ**

ਵਿਦੇਸ਼ੀਆਂ ਨੂੰ ਰਾਹਤ ਪ੍ਰਦਾਨ ਕੀਤੀ ਹੈ, ਜੋ ਅਮਰੀਕਾ ਵਿਚ ਕੰਮ ਕਰਦੇ, ਪੜ੍ਹਦੇ ਅਤੇ ਕਾਰੋਬਾਰ ਕਰਦੇ ਹਨ ਅਤੇ ਆਪਣੇ ਦੇਸ਼ਾਂ ਨੂੰ ਪੈਸੇ ਵਾਪਸ ਭੇਜਦੇ ਹਨ। ਰਾਹਤ ਵਜੋਂ ਪਹਿਲਾਂ ਪ੍ਰਸਤਾਵਿਤ 5% ਟੈਕਸ ਨੂੰ ਘਟਾ ਕੇ 3.5% ਕਰ ਦਿੱਤਾ ਗਿਆ ਹੈ। ਇਸ ਤਾਜ਼ਾ ਫੈਸਲੇ ਨਾਲ ਅਮਰੀਕਾ ਵਿਚ ਕੰਮ ਕਰਨ ਵਾਲੇ ਭਾਰਤੀਆਂ ਨੂੰ ਬਹੁਤ ਵੱਡਾ ਫਾਇਦਾ ਹੋਵੇਗਾ। ਇਹ ਟੈਕਸ ਜਿਸਨੂੰ 'ਰਿਮਿਟੈਂਸ ਟਰਾਂਸਫਰ 'ਤੇ ਐਕਸਾਈਜ਼ ਟੈਕਸ' ਕਿਹਾ ਜਾਂਦਾ ਹੈ, 1 ਜਨਵਰੀ, 2026 ਤੋਂ ਲਾਗੂ ਹੋਵੇਗਾ। ਇਸ ਫੈਸਲੇ ਨਾਲ ਅਮਰੀਕਾ ਤੋਂ ਪੈਸੇ ਭੇਜਣ ਵਾਲਿਆਂ ਨੂੰ ਕੁਝ ਹੱਦ ਤੱਕ ਫਾਇਦਾ ਹੋਵੇਗਾ।

■ ਬਾਕੀ ਖਬਰ ਸਫਾ 14 'ਤੇ

# ਹੁਣ ਅਮਰੀਕਾ ’ਚ ਆਇਆ ਕੋਵਿਡ ਦਾ ਨਵਾਂ ਰੂਪ !

- ਹਾਂਗ ਕਾਂਗ-ਤਾਈਵਾਨ ’ਚ ਵੀ ਵਧੇ ਮਾਮਲੇ
- ਡਬਲਯੂ.ਐੱਚ.ਓ. ਰੱਖ ਰਿਹੈ ਨਜ਼ਰ



ਵਾਸ਼ਿੰਗਟਨ, (ਪੰਜਾਬ ਮੇਲ)- ਦੁਨੀਆਂ ਵਿਚ ਇੱਕ ਵਾਰ ਫਿਰ ਕੋਰੋਨਾ ਦਾ ਖ਼ਤਰਾ ਮੰਡਰਾ ਰਿਹਾ ਹੈ। ਕੋਵਿਡ ਦਾ ਇੱਕ ਨਵਾਂ ਰੂਪ ਸਿੰਗਾਪੁਰ ਅਤੇ ਥਾਈਲੈਂਡ ਸਮੇਤ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਵਿਚ ਵੀ ਦੇਖਿਆ ਗਿਆ ਹੈ। ਇਨ੍ਹੀਂ ਦਿਨੀਂ ਭਾਰਤ ਵਿਚ ਵੀ ਕੋਵਿਡ ਦੇ ਮਾਮਲਿਆਂ ਵਿਚ ਵਾਧਾ ਦੇਖਿਆ ਜਾ ਰਿਹਾ ਹੈ। ਹੁਣ ਕੋਵਿਡ ਦਾ ਇੱਕ ਨਵਾਂ ਰੂਪ ਅਮਰੀਕਾ ਵਿਚ ਆ ਗਿਆ ਹੈ। ਇੱਥੇ ਹਵਾਈ ਅੱਡੇ ’ਤੇ ਪਹੁੰਚਣ ਵਾਲੇ ਕਈ ਵਿਦੇਸ਼ੀ ਯਾਤਰੀਆਂ ਵਿਚ ਐੱਨ.ਬੀ.1.8.1 ਨਾਮਕ ਇੱਕ ਨਵਾਂ ਕੋਵਿਡ ਰੂਪ ਪਾਇਆ ਗਿਆ ਹੈ। ਇਹ ਵੇਰੀਐਂਟ ਚੀਨ ਸਮੇਤ ਕਈ ਏਸ਼ੀਆਈ ਦੇਸ਼ਾਂ ਵਿਚ ਤੇਜ਼ੀ ਨਾਲ ਫੈਲ ਰਿਹਾ ਹੈ।

ਇੱਕ ਰਿਪੋਰਟ ਅਨੁਸਾਰ ਐੱਨ.ਬੀ.1.8.1 ਵੇਰੀਐਂਟ ਵਾਲੇ ਲੋਕ ਵਾਸ਼ਿੰਗਟਨ, ਕੈਲੀਫੋਰਨੀਆ, ਨਿਊਯਾਰਕ ਅਤੇ ਵਰਜੀਨੀਆ ਸ਼ਹਿਰਾਂ ਦੇ ਆਲੇ-ਦੁਆਲੇ ਦੇ ਹਵਾਈ ਅੱਡਿਆਂ ’ਤੇ ਸਕਾਰਾਤਮਕ ਪਾਏ ਗਏ ਹਨ। ਰਿਪੋਰਟ ਅਨੁਸਾਰ ਇਨ੍ਹਾਂ ਲੋਕਾਂ ਦਾ ਯਾਤਰਾ ਇਤਿਹਾਸ ਦੱਖਣੀ ਕੋਰੀਆ, ਜਾਪਾਨ, ਚੀਨ ਅਤੇ ਫਰਾਂਸ ਸਮੇਤ ਹੋਰ ਦੇਸ਼ਾਂ ਦਾ ਹੈ। ਇਸੇ ਤਰ੍ਹਾਂ ਦੇ ਮਾਮਲੇ ਉਨ੍ਹਾਂ ਰਾਜਾਂ ਵਿਚ ਵੀ ਸਾਹਮਣੇ ਆਏ ਹਨ, ਜੋ ਹਵਾਈ ਅੱਡਿਆਂ ਨਾਲ ਜੁੜੇ ਨਹੀਂ ਹਨ, ਜਿਵੇਂ ਕਿ ਓਹਾਇਓ, ਰ੍ਹੋਡ ਆਈਲੈਂਡ ਅਤੇ ਹਵਾਈ। ਕੋਵਿਡ ਦੇ ਪਹਿਲੇ ਮਾਮਲੇ ਕੈਲੀਫੋਰਨੀਆ ਅਤੇ ਵਾਸ਼ਿੰਗਟਨ ਵਿਚ ਮਾਰਚ ਦੇ ਅਖੀਰ ਅਤੇ ਅਪ੍ਰੈਲ ਦੇ ਸ਼ੁਰੂ ਵਿਚ ਸਾਹਮਣੇ ਆਏ ਸਨ। ਸੀ.ਡੀ.ਸੀ. ਦੇ ਅੰਕੜਿਆਂ ਮੁਤਾਬਕ ਪਿਛਲੇ ਮਹੀਨੇ ਕੋਰੋਨਾ ਵਾਇਰਸ ਨਾਲ ਹਰ ਹਫਤੇ ਔਸਤਨ 350 ਲੋਕਾਂ ਦੀ ਮੌਤ ਹੋਈ ਹੈ। ਏਜੰਸੀ ਨੇ ਕਿਹਾ ਕਿ ਮਰੀਜ਼ਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ।

ਸਿਹਤ ਮਾਹਿਰ ਇਸ ਨਵੇਂ ਰੂਪ ’ਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਦੱਸ ਦੇਈਏ ਕਿ ਹਾਂਗਕਾਂਗ ਅਤੇ ਤਾਈਵਾਨ ਵਿਚ ਕੋਵਿਡ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਉੱਥੇ ਹਸਪਤਾਲ ਮਰੀਜ਼ਾਂ ਨਾਲ ਭਰੇ ਹੋਏ ਹਨ ਅਤੇ ਲੋਕਾਂ ਨੂੰ ਮਾਸਕ ਪਹਿਨਣ ਲਈ ਕਿਹਾ ਜਾ ਰਿਹਾ ਹੈ। ਲੋਕਾਂ ਨੂੰ ਭੀੜ ਵਾਲੇ ਇਲਾਕਿਆਂ ਤੋਂ ਬਚਣ ਲਈ ਕਿਹਾ ਜਾ ਰਿਹਾ ਹੈ। ਤਾਈਵਾਨ ਵਿਚ ਵੀ ਕੋਵਿਡ ਦੇ ਗੰਭੀਰ ਮਾਮਲੇ ਦੇਖੇ ਜਾ ਰਹੇ ਹਨ। ਉੱਥੇ ਟੀਕਿਆਂ ਦਾ ਭੰਡਾਰ ਕੀਤਾ ਜਾ ਰਿਹਾ ਹੈ। ਸ਼ੁਰੂਆਤੀ ਖੋਜ ਸੁਝਾਅ ਦਿੰਦੀ ਹੈ ਕਿ ਐੱਨ.ਬੀ.1.8.1 ਰੂਪ ਦੂਜਿਆਂ ਨਾਲੋਂ ਤੇਜ਼ੀ ਨਾਲ ਫੈਲ ਸਕਦਾ ਹੈ, ਪਰ ਇਹ ਓਨਾ ਗੰਭੀਰ ਨਹੀਂ ਹੈ।

ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਐੱਨ.ਬੀ.1.8.1 ਵੇਰੀਐਂਟ ਦੀ ਨਿਗਰਾਨੀ ਕਰ ਰਿਹਾ ਹੈ ਕਿਉਂਕਿ ਦੁਨੀਆਂ ਭਰ ਵਿਚ ਕੇਸ ਤੇਜ਼ੀ ਨਾਲ ਵੱਧ ਰਹੇ ਹਨ। ਇਹ ਵੇਰੀਐਂਟ ਐਕਸ.ਡੀ.ਵੀ.1.5.1 ਵੇਰੀਐਂਟ ਦਾ ਨਵਾਂ ਵਰਜਨ ਹੈ।

# ਅਮਰੀਕਾ ਨੇ ਫਿਰ ਦੁਹਰਾਇਆ ਕੈਨੇਡਾ ਨੂੰ 51ਵਾਂ ਰਾਜ ਬਣਾਉਣ ਦਾ ਇਰਾਦਾ

- ਕਿਹਾ: 51ਵਾਂ ਰਾਜ ਬਣ ਕੇ ਕੈਨੇਡਾ ‘ਗੋਲਡਨ ਡੋਮ’ ਮਿਜ਼ਾਈਲ ਰੱਖਿਆ ਪ੍ਰਣਾਲੀ ’ਚ ਮੁਫਤ ’ਚ ਹੋ ਸਕਦੈ ਸ਼ਾਮਲ

ਵਾਸ਼ਿੰਗਟਨ, ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ’ਗੋਲਡਨ ਡੋਮ’ ਮਿਜ਼ਾਈਲ ਰੱਖਿਆ ਪ੍ਰਣਾਲੀ ਦੇ ਬਹਾਨੇ ਇੱਕ ਵਾਰ ਫਿਰ ਕੈਨੇਡਾ ’ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਨੇ ਇੱਕ ਵਾਰ ਫਿਰ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੇ ਆਪਣੇ ਇਰਾਦੇ ਨੂੰ ਦੁਹਰਾਇਆ ਹੈ। ਟਰੰਪ ਨੇ ਕਿਹਾ ਹੈ ਕਿ ਕੈਨੇਡਾ ਉਨ੍ਹਾਂ ਦੇ ਪ੍ਰਸਤਾਵਿਤ ‘ਗੋਲਡਨ ਡੋਮ’ ਮਿਜ਼ਾਈਲ ਰੱਖਿਆ ਪ੍ਰਣਾਲੀ ਵਿਚ ਮੁਫਤ ਵਿਚ ਸ਼ਾਮਲ ਹੋ ਸਕਦਾ ਹੈ। ਇਸ ਲਈ ਇਸਨੂੰ ਸਿਰਫ ਅਮਰੀਕਾ ਦਾ ਹਿੱਸਾ ਬਣਨਾ ਪਵੇਗਾ। ਜੇਕਰ ਇਹ ਅਜਿਹਾ ਨਹੀਂ ਕਰਦਾ ਹੈ, ਤਾਂ ਕੈਨੇਡਾ ਨੂੰ ਇਸਦਾ ਹਿੱਸਾ ਬਣਨ ਲਈ 61 ਬਿਲੀਅਨ ਡਾਲਰ ਖਰਚ ਕਰਨੇ ਪੈਣਗੇ।

ਟਰੰਪ ਨੇ ਅਮਰੀਕਾ ਦੇ ਉੱਤਰੀ ਗੁਆਂਢੀ ਨੂੰ 51ਵਾਂ ਰਾਜ ਬਣਨ ਲਈ ਵਾਰ-ਵਾਰ ਪ੍ਰਸਤਾਵ ਦਿੱਤਾ ਹੈ। ਕੈਨੇਡਾ ਨੇ ਵੀ ਮਿਜ਼ਾਈਲ ਪ੍ਰਣਾਲੀ ਵਿਚ ਸ਼ਾਮਲ ਹੋਣ ਵਿਚ ਦਿਲਚਸਪੀ ਦਿਖਾਈ ਹੈ। ‘ਗੋਲਡਨ ਡੋਮ’ ਦਾ ਐਲਾਨ ਟਰੰਪ ਦੁਆਰਾ ਪਿਛਲੇ ਹਫ਼ਤੇ ਹੀ ਕੀਤਾ ਗਿਆ ਸੀ। ਇਸ ਦੌਰਾਨ ਟਰੰਪ ਨੇ ਕਈ ਹਥਿਆਰਾਂ ਦਾ ਵੀ ਜ਼ਿਕਰ ਕੀਤਾ, ਜੋ ਲੋਕਾਂ ਅਤੇ ਦੇਸ਼ ਨੂੰ ਦੁਸ਼ਮਣ ਹਥਿਆਰਾਂ ਤੋਂ ਬਚਾ ਸਕਦੇ ਹਨ। ਟਰੰਪ ਨੇ ਆਪਣੇ ਟਰੂੱਥ ਸੋਸ਼ਲ ਨੈੱਟਵਰਕ ’ਤੇ ਪੋਸਟ ਕੀਤਾ, ‘ਮੈਂ ਕੈਨੇਡਾ ਨੂੰ ਕਿਹਾ ਸੀ ਕਿ ਜੋ ਵੀ ਸਾਡੇ ਸ਼ਾਨਦਾਰ ਗੋਲਡਨ ਡੋਮ ਪ੍ਰਣਾਲੀ ਦਾ ਹਿੱਸਾ ਬਣਨਾ ਚਾਹੁੰਦਾ ਹੈ, ਉਸਨੂੰ ਸਾਡੀ ਗੱਲ ਸੁਣਨੀ ਪਵੇਗੀ। ਜੇਕਰ ਉਹ ਇੱਕ ਵੱਖਰਾ ਰਾਸ਼ਟਰ ਬਣਿਆ ਰਹਿੰਦਾ ਹੈ, ਤਾਂ ਉਸਨੂੰ 61 ਬਿਲੀਅਨ ਡਾਲਰ ਖਰਚ ਕਰਨੇ ਪੈਣਗੇ। ਜੇਕਰ ਉਹ ਸਾਡਾ ਪਿਆਰਾ 51ਵਾਂ ਰਾਜ ਬਣ ਜਾਂਦਾ ਹੈ, ਤਾਂ ਇਸਦੀ ਕੀਮਤ ਉਨ੍ਹਾਂ ਨੂੰ ਜ਼ੀਰੋ ਡਾਲਰ ਹੋਵੇਗੀ। ਉਹ ਇਸ ਪੇਸ਼ਕਸ਼ ’ਤੇ ਵਿਚਾਰ ਕਰ ਰਹੇ ਹਨ!’ ਟਰੰਪ ਦੀ ਇਸ ਯੋਜਨਾ ਦੀ ਅਨੁਮਾਨਤ ਲਾਗਤ ਲਗਭਗ 175 ਬਿਲੀਅਨ ਡਾਲਰ ਹੈ।

ਟਰੰਪ ਨੇ ਇਹ ਵੀ ਕਿਹਾ ਸੀ ਕਿ ਕੈਨੇਡਾ ਮਿਜ਼ਾਈਲ ਪ੍ਰਣਾਲੀ ਵਿਚ ਸ਼ਾਮਲ ਹੋਣ ਵਿਚ ਦਿਲਚਸਪੀ ਰੱਖਦਾ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀ ਪੁਸ਼ਟੀ ਕੀਤੀ ਸੀ ਕਿ ਉਨ੍ਹਾਂ ਦੇ ਦੇਸ਼ ਨੇ ਇਸ ਮੁੱਦੇ ’ਤੇ ਉੱਚ-ਪੱਧਰੀ ਗੱਲਬਾਤ ਕੀਤੀ ਹੈ। ਕਾਰਨੀ ਨੇ ਇਕ ਪ੍ਰੈੱਸ ਕਾਨਫੰਰਸ ਵਿਚ ਕਿਹਾ ਸੀ ਕਿ ਕੈਨੇਡੀਅਨ ਲੋਕਾਂ ਲਈ ਸੁਰੱਖਿਆ ਉਪਾਅ ਕਰਨਾ ਵਧੀਆ ਹੈ। ਕਾਰਨੀ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਵ੍ਹਾਈਟ ਹਾਊਸ ਦਾ ਦੌਰਾ ਕਰਨ ਵੇਲੇ ਕੈਨੇਡਾ ਨੂੰ ਅਮਰੀਕਾ ਦਾ ਹਿੱਸਾ ਬਣਾਉਣ ਦੇ ਟਰੰਪ ਦੇ ਸੱਦੇ ਨੂੰ ਨਿਮਰਤਾ ਨਾਲ ਪਰ ਦ੍ਰਿੜ੍ਹਤਾ ਨਾਲ ਰੱਦ ਕਰ ਦਿੱਤਾ ਸੀ।

# ਅਮਰੀਕਾ ਵੱਲੋਂ ਭਾਰਤੀ ਵਿਦਿਆਰਥੀਆਂ ਲਈ ਨਵੀਂ ਚਿਤਾਵਨੀ ਜਾਰੀ

- ਸੰਸਥਾ ਨੂੰ ਸੂਚਿਤ ਕੀਤੇ ਬਿਨਾਂ ਪੜ੍ਹਾਈ ਛੱਡਣ ਵਾਲੇ ਵਿਦਿਆਰਥੀਆਂ ਦੇ ਵੀਜ਼ੇ ਕੀਤੇ ਜਾ ਸਕਦੇ ਨੇ ਰੱਦ

ਨਵੀਂ ਦਿੱਲੀ/ ਵਾਸ਼ਿੰਗਟਨ (ਪੰਜਾਬ ਮੇਲ)- ਅਮਰੀਕਾ ਵਿਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਲਈ ਮੰਗਲਵਾਰ ਨੂੰ ਨਵੀਂ ਚਿਤਾਵਨੀ ਜਾਰੀ ਕੀਤੀ ਗਈ। ਭਾਰਤ ਵਿਚ ਅਮਰੀਕੀ ਦੂਤਘਰ ਨੇ ਅਮਰੀਕਾ ਵਿਚ ਪੜ੍ਹ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਹ ਆਪਣੀ ਸੰਸਥਾ ਨੂੰ ਸੂਚਿਤ ਕੀਤੇ ਬਿਨਾਂ “ਪੜ੍ਹਾਈ ਛੱਡ ਦਿੰਦੇ ਹਨ, ਕਲਾਸਾਂ ਵਿਚ ਸ਼ਾਮਲ ਨਹੀਂ ਹੁੰਦੇ ਜਾਂ ਪੜ੍ਹਾਈ ਦੇ ਆਪਣੇ ਪ੍ਰੋਗਰਾਮ ਨੂੰ ਛੱਡ ਦਿੰਦੇ ਹਨ” ਤਾਂ ਉਨ੍ਹਾਂ ਦੇ ਵਿਦਿਆਰਥੀ ਵੀਜ਼ੇ ਰੱਦ ਕੀਤੇ ਜਾ ਸਕਦੇ ਹਨ।

ਦੂਤਘਰ ਨੇ ‘ਐਕਸ’ ’ਤੇ ਇੱਕ ਪੋਸਟ ਵਿਚ ਵਿਦਿਆਰਥੀਆਂ ਨੂੰ ਵੀਜ਼ਾ ਸ਼ਰਤਾਂ ਦੀ ਪਾਲਣਾ ਕਰਨ ਅਤੇ ਕਿਸੇ ਵੀ ਸਮੱਸਿਆ ਤੋਂ ਬਚਣ ਲਈ “ਆਪਣੀ ਵਿਦਿਆਰਥੀ ਸਥਿਤੀ ਨੂੰ ਬਣਾਈ ਰੱਖਣ” ਦੀ ਅਪੀਲ ਕੀਤੀ। ਇਸ ਵਿਚ ਕਿਹਾ ਗਿਆ ਹੈ, “ਜੇਕਰ ਤੁਸੀਂ ਆਪਣੇ ਸਕੂਲ (ਸੰਸਥਾ) ਨੂੰ ਸੂਚਿਤ ਕੀਤੇ ਬਿਨਾਂ ਪਿੱਛੇ ਹਟ ਜਾਂਦੇ ਹੋ, ਕਲਾਸਾਂ ਵਿਚ ਨਹੀਂ ਜਾਂਦੇ ਜਾਂ ਆਪਣਾ ਪੜ੍ਹਾਈ ਦਾ ਪ੍ਰੋਗਰਾਮ ਛੱਡ ਦਿੰਦੇ ਹੋ, ਤਾਂ ਤੁਹਾਡਾ ਵਿਦਿਆਰਥੀ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਭਵਿੱਖ ਦੇ ਅਮਰੀਕੀ ਵੀਜ਼ਿਆਂ ਲਈ ਯੋਗਤਾ ਗੁਆ ਸਕਦੇ ਹੋ।” ਇਸ ਲਈ ਕਿਸੇ ਵੀ ਸਮੱਸਿਆ ਤੋਂ ਬਚਣ ਲਈ ਹਮੇਸ਼ਾ ਆਪਣੇ ਵੀਜ਼ੇ ਦੇ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਕਰੋ ਅਤੇ ਆਪਣੀ ਵਿਦਿਆਰਥੀ ਸਥਿਤੀ ਨੂੰ ਬਣਾਈ ਰੱਖੋ।”

ਵੱਡੀ ਗਿਣਤੀ ਵਿਚ ਭਾਰਤੀ ਵਿਦਿਆਰਥੀ ਅਮਰੀਕੀ ਯੂਨੀਵਰਸਿਟੀਆਂ ਵਿਚ ਪੜ੍ਹਨ ਲਈ ਦਾਖਲਾ ਲੈਂਦੇ ਹਨ। ਭਾਰਤ ਵਿਚ ਅਮਰੀਕੀ ਕੌਂਸਲੇਟ ਟੀਮ ਨੇ 2023 ਵਿਚ 1,40,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ। ਇਹ ਕਿਸੇ ਵੀ ਹੋਰ ਦੇਸ਼ ਨਾਲੋਂ ਵੱਧ ਸੀ ਅਤੇ ਇਹ ਲਗਾਤਾਰ ਤੀਜਾ ਸਾਲ ਸੀ, ਜਦੋਂ ਇਸ ਸਬੰਧ ਵਿਚ ਰਿਕਾਰਡ ਬਣਾਇਆ ਗਿਆ ਸੀ। ਉਸੇ ਸਾਲ ਭਾਰਤ ਵਿਚ ਅਮਰੀਕੀ ਮਿਸ਼ਨ ਨੇ ਰਿਕਾਰਡ 1.4 ਮਿਲੀਅਨ ਵੀਜ਼ੇ ਜਾਰੀ ਕੀਤੇ।



# ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਨੂੰ ਝਾੜ; ਮੀਟਿੰਗ ਦਾ ਸਵਾਦ ਹੋਇਆ ਫਿੱਕਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਪੁੱਜੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸੀਰਿਲ ਰਾਮਾਫੋਸਾ ਗੋਲਫ਼ ਪ੍ਰੇਮੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਖੁਸ਼ ਕਰਨ ਲਈ ਆਪਣੇ ਨਾਲ ਦੋ ਚੈਂਪੀਅਨਸ਼ਿੱਪ ਗੋਲਫ਼ਰਜ 'ਤੇ ਇਕ ਵੱਡੀ ਪੁਸਤਕ ਜਿਸ ਵਿਚ ਦੱਖਣੀ ਅਫਰੀਕਾ ਦੇ ਸ਼ਾਨਦਾਰ ਗੋਲਫ਼ ਮੈਦਾਨਾਂ ਦਾ ਵੇਰਵਾ ਸੀ, ਲੈ ਕੇ ਆਏ ਪਰੰਤੂ ਉਨ੍ਹਾਂ ਦੀ ਇਹ ਕੋਸ਼ਿਸ਼ ਨਾਕਾਮ ਰਹੀ। ਟਰੰਪ ਨੇ ਨਸਲਕੁਸ਼ੀ ਦੇ ਮਾਮਲੇ 'ਤੇ ਰਾਮਾਫੋਸਾ ਨੂੰ ਝਾੜ ਪਾਈ। ਦੋਨਾਂ ਆਗੂਆਂ ਵਿਚਾਲੇ ਹੋਈ ਇਕ ਘੰਟੇ ਦੀ ਮੀਟਿੰਗ ਫਰਵਰੀ 'ਚ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੰਸਕੀ ਨਾਲ ਹੋਈ ਮੀਟਿੰਗ ਵਰਗੀਆਂ ਕੌੜੀਆਂ ਯਾਦਾਂ ਛੱਡ ਗਈ। ਟਰੰਪ ਨੇ ਦੱਖਣੀ ਅਫਰੀਕੀ ਰਾਸ਼ਟਰਪਤੀ ਉਪਰ ਦੋਸ਼ ਲਾਇਆ ਕਿ ਉਹ ਵ੍ਹਾਈਟ ਅਫਰੀਕਨਾਂ ਵਿਰੁੱਧ ਨਸਲਕੁਸ਼ੀ ਦੇ ਮਾਮਲੇ ਨੂੰ ਠੀਕ ਸਾਬਤ ਕਰਨ ਦਾ ਯਤਨ ਕਰ ਰਹੇ ਹਨ। ਟਰੰਪ ਨੇ ਇਸ ਸਬੰਧੀ ਇਕ ਵੀਡੀਓ ਵੀ ਚਲਾਈ, ਜਿਸ ਦਾ ਪ੍ਰਬੰਧ ਮੀਟਿੰਗ ਤੋਂ ਪਹਿਲਾਂ ਕਰ ਲਿਆ ਗਿਆ ਸੀ। ਮੀਟਿੰਗ ਦੌਰਾਨ ਟਰੰਪ ਇਕ ਰਿਪੋਰਟਰ ਨੂੰ ਵੀ ਟੁੱਟ ਕੇ ਪੈ ਗਏ, ਜਿਸ ਨੇ ਕਤਰ ਤੋਂ 40 ਕਰੋੜ ਡਾਲਰ ਦੀ ਲਾਗਤ ਵਾਲਾ ਜੈੱਟ ਜਹਾਜ਼ ਲੈਣ ਬਾਰੇ ਸਵਾਲ ਕੀਤਾ ਸੀ। ਮਾਹੌਲ ਗਰਮ ਹੁੰਦਾ ਵੇਖ ਕੇ ਰਾਮਾਫੋਸਾ ਨੇ ਕਿਹਾ, ਮੈਨੂੰ ਅਫਸੋਸ ਹੈ ਕਿ ਤੁਹਾਨੂੰ ਦੇਣ ਲਈ ਮੇਰੇ ਕੋਲ ਜਹਾਜ਼ ਨਹੀਂ ਹੈ। ਇਸ 'ਤੇ ਟਰੰਪ ਨੇ ਕਿਹਾ, ਜੇਕਰ ਤੁਹਾਡਾ ਦੇਸ਼ ਯੂ.ਐੱਸ. ਏਅਰ ਫੋਰਸ ਨੂੰ ਜਹਾਜ਼ ਦੀ ਪੇਸ਼ਕਸ਼ ਕਰਦਾ, ਤਾਂ ਮੈਂ ਉਸ ਨੂੰ ਸਵਿਕਾਰ ਕਰ ਲੈਂਦਾ। ਇਸ ਤਕਰਾਰ ਦੇ ਪਿਛੋਕੜ ਨੂੰ ਵੇਖੀਏ ਤਾਂ ਟਰੰਪ ਪ੍ਰਸ਼ਾਸਨ ਨੇ ਹਾਲ ਹੀ ਵਿਚ ਵ੍ਹਾਈਟ ਦੱਖਣੀ ਅਫਰੀਕੀ ਲੋਕਾਂ ਨੂੰ ਅਮਰੀਕਾ ਵਿਚ ਰਫ਼ਿਊਜੀ ਵਜੋਂ ਪ੍ਰਵਾਨ ਕਰਨ ਦਾ ਨਿਰਨਾ ਲਿਆ ਹੈ। ਇਹ ਨਿਰਣਾ ਉਸ ਸਮੇਂ ਲਿਆ ਗਿਆ ਹੈ, ਜਦੋਂ ਟਰੰਪ ਪ੍ਰਸ਼ਾਸਨ ਨੇ ਹੋਰ ਰਫ਼ਿਊਜੀਆਂ ਖਾਸ ਕਰਕੇ ਕਾਲੇ ਲੋਕਾਂ ਦਾ ਅਮਰੀਕਾ ਵਿਚ ਸਵਾਗਤ ਕਰਨਾ ਬੰਦ ਕਰ ਦਿੱਤਾ ਹੈ। ਟਰੰਪ ਵ੍ਹਾਈਟ ਦੱਖਣੀ ਅਫਰੀਕੀ ਲੋਕਾਂ ਨਾਲ ਖੜ੍ਹੇ ਹਨ। ਟਰੰਪ ਦਾ ਕਹਿਣਾ ਹੈ ਕਿ ਦੱਖਣੀ ਅਫਰੀਕਾ ਵਿਚ ਨਵੇਂ ਕਾਨੂੰਨ ਤਹਿਤ ਘੱਟ ਗਿਣਤੀ ਵ੍ਹਾਈਟ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਕਾਨੂੰਨ ਤਹਿਤ ਦੱਖਣੀ ਅਫਰੀਕੀ ਸਰਕਾਰ ਜਨਤਕ ਹਿੱਤਾਂ ਲਈ ਬਿਨਾਂ ਮੁਆਵਜ਼ਾ ਦਿੱਤੇ ਕੋਈ ਵੀ ਜਾਇਦਾਦ ਜ਼ਬਤ ਕਰ ਸਕਦੀ ਹੈ। ਪਿਛਲੇ ਹਫਤੇ ਟਰੰਪ ਵੱਲੋਂ ਲਾਏ ਇਨ੍ਹਾਂ ਦੋਸ਼ਾਂ ਨੂੰ ਦੱਖਣੀ ਅਫਰੀਕੀ ਸਰਕਾਰ ਨੇ ਰੱਦ ਕਰ ਦਿੱਤਾ ਸੀ।



ਵ੍ਹਾਈਟ ਹਾਊਸ ਵਿਖੇ ਓਵਲ ਦਫਤਰ 'ਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰਾਸ਼ਟਰਪਤੀ ਟਰੰਪ ਤੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸੀਰਿਲ ਰਾਮਾਫੋਸਾ।

# ਭਾਰਤ-ਅਮਰੀਕਾ 8 ਜੁਲਾਈ ਤੋਂ ਪਹਿਲਾਂ ਅੰਤਰਿਮ ਵਪਾਰ ਸਮਝੌਤੇ ਦਾ ਕਰ ਸਕਦੇ ਨੇ ਐਲਾਨ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਤੇ ਅਮਰੀਕਾ 8 ਜੁਲਾਈ ਤੋਂ ਪਹਿਲਾਂ ਇਕ ਅੰਤਰਿਮ ਵਪਾਰ ਸਮਝੌਤੇ ਦਾ ਐਲਾਨ ਕਰ ਸਕਦੇ ਹਨ, ਜਿਸ ਵਿਚ ਨਵੀਂ ਦਿੱਲੀ ਘਰੇਲੂ ਵਸਤੂਆਂ 'ਤੇ ਵਾਧੂ 26 ਫੀਸਦੀ ਟੈਰਿਫ ਦੀ ਪੂਰੀ ਛੋਟ ਚਾਹੁੰਦਾ ਹੈ। ਅਮਰੀਕਾ ਨੇ 2 ਅਪ੍ਰੈਲ ਨੂੰ ਭਾਰਤੀ ਸਾਮਾਨਾਂ 'ਤੇ 26 ਫੀਸਦੀ ਵਾਧੂ ਰਿਸਪ੍ਰੋਸੀਕਲ ਟੈਰਿਫ ਲਗਾਇਆ ਸੀ, ਪਰ ਇਸ ਨੂੰ 9 ਜੁਲਾਈ ਤੱਕ 90 ਦਿਨਾਂ ਲਈ ਮੁਅੱਤਲ ਕਰ ਦਿੱਤਾ ਸੀ। ਹਾਲਾਂਕਿ, ਅਮਰੀਕਾ ਦੁਆਰਾ ਲਗਾਇਆ ਗਿਆ 10 ਫੀਸਦੀ ਬੇਸਲਾਈਨ ਟੈਰਿਫ ਅਜੇ ਵੀ ਲਾਗੂ ਹੈ। ਸਰਕਾਰੀ ਅਧਿਕਾਰੀ ਨੇ ਕਿਹਾ ਕਿ ਭਾਰਤ ਦੇ ਸੰਵੇਦਨਸ਼ੀਲ ਖੇਤਰਾਂ ਦੀ ਰੱਖਿਆ ਕਰਨ ਦੇ ਯਤਨਾਂ ਵਿਚ ਕੁਝ ਕੋਟੇ ਜਾਂ ਘੱਟੋ-ਘੱਟ ਆਯਾਤ ਕੀਮਤਾਂ ਸ਼ਾਮਿਲ ਹੋ ਸਕਦੀਆਂ ਹਨ। ਅਜਿਹੇ ਖੇਤਰਾਂ ਵਿਚ ਖੇਤੀਬਾੜੀ ਉਤਪਾਦ ਤੇ ਡੇਅਰੀ ਸ਼ਾਮਲ ਹਨ।

ਵਣਜ ਤੇ ਉਦਯੋਗ ਮੰਤਰੀ ਪਿਊਸ਼ ਗੋਇਲ ਇਸ ਹਫ਼ਤੇ ਦੇ ਸ਼ੁਰੂ ਵਿਚ ਵਪਾਰਕ ਗੱਲਬਾਤ ਨੂੰ ਤੇਜ਼ ਕਰਨ ਲਈ ਵਾਸ਼ਿੰਗਟਨ ਵਿਚ ਸਨ। ਉਸਨੇ ਅਮਰੀਕੀ ਵਪਾਰ ਪ੍ਰਤੀਨਿਧੀ ਜੈਮੀਸਨ ਗ੍ਰੀਰ ਤੇ ਅਮਰੀਕੀ ਵਣਜ ਸਕੱਤਰ ਹਾਵਰਡ ਲੂਟਨਿਕ ਨਾਲ ਮੀਟਿੰਗਾਂ ਕੀਤੀਆਂ। 'ਗੱਲਬਾਤ ਸਾਕਾਰਾਤਮਕ ਢੰਗ ਨਾਲ ਅੱਗੇ ਵਧ ਰਹੀ ਹੈ। 8 ਜੁਲਾਈ ਤੋਂ ਪਹਿਲਾਂ ਅਸੀਂ ਪਹਿਲੇ ਪੜਾਅ ਤੋਂ ਪਹਿਲਾਂ ਇਕ ਅੰਤਰਿਮ ਸਮਝੌਤੇ ਨੂੰ ਪੂਰਾ ਕਰਨ 'ਤੇ ਵਿਚਾਰ ਕਰ ਰਹੇ ਹਾਂ। ਇਸ 'ਚ ਵਸਤੂਆਂ, ਗੈਰ-ਟੈਰਿਫ ਰੁਕਾਵਟਾਂ, ਡਿਜੀਟਲ ਵਰਗੇ ਸੇਵਾਵਾਂ ਦੇ ਕੁਝ ਖੇਤਰ ਵੀ ਸ਼ਾਮਲ ਹੋਣਗੇ। ਅਧਿਕਾਰੀ ਨੇ ਕਿਹਾ ਕਿ ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਭਾਰਤ ਲਈ ਕੋਈ 26 ਫੀਸਦੀ ਵਾਧੂ ਡਿਊਟੀ ਤੇ 10 ਫੀਸਦੀ ਬੇਸਲਾਈਨ ਟੈਰਿਫ ਨਾ ਹੋਵੇ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਆਪਣੇ ਕਿਰਤ-ਸੰਬੰਧੀ ਖੇਤਰਾਂ ਜਿਵੇਂ ਕਿ ਕੱਪੜਾ ਅਤੇ ਚਮੜੇ ਲਈ ਰਿਆਇਤਾਂ ਦੀ ਮੰਗ ਕਰ ਰਿਹਾ ਹੈ। ਇਸ ਵੇਲੇ, ਟਰੰਪ ਪ੍ਰਸ਼ਾਸਨ ਨੂੰ ਦਰਾਂ ਤੋਂ ਹੇਠਾਂ ਟੈਰਿਫ ਲਿਆਉਣ ਲਈ ਅਮਰੀਕੀ ਕਾਂਗਰਸ ਤੋਂ ਪ੍ਰਵਾਨਗੀ ਦੀ ਲੋੜ ਹੈ।

**■ ਅਮਰੀਕਾ ਅੰਤਰਿਮ ਵਪਾਰ ਸਮਝੌਤੇ ਵਿਚ 26 ਫੀਸਦੀ ਵਾਧੂ ਟੈਰਿਫ ਦੀ ਛੋਟ ਦੇਵੇ : ਭਾਰਤ**

# ਅਮਰੀਕੀ ਵੀਜ਼ਾ ਧੋਖਾਧੜੀ ਅਤੇ ਮਨੀ ਲਾਂਡਰਿੰਗ ਦੇ ਦੋਸ਼ਾਂ 'ਚ 2 ਪਾਕਿਸਤਾਨੀ ਗ੍ਰਿਫ਼ਤਾਰ

**ਟੈਕਸਾਸ, (ਪੰਜਾਬ ਮੇਲ)**- ਅਮਰੀਕਾ ਦੇ ਟੈਕਸਾਸ ਵਿਚ 2 ਪਾਕਿਸਤਾਨੀ ਨਾਗਰਿਕਾਂ ਨੂੰ ਵੀਜ਼ਾ ਧੋਖਾਧੜੀ ਅਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਅਬਦੁਲ ਹਾਦੀ ਮੁਰਸ਼ੀਦ (39) ਅਤੇ ਮੁਹੰਮਦ ਸਲਮਾਨ ਨਾਸਿਰ (35) 'ਤੇ ਜਾਅਲੀ ਨੌਕਰੀ ਦੇ ਇਸ਼ਤਿਹਾਰਾਂ ਰਾਹੀਂ ਲੋਕਾਂ ਨੂੰ ਅਮਰੀਕੀ ਵੀਜ਼ਾ ਪ੍ਰਾਪਤ ਕਰਨ ਵਿਚ ਮਦਦ ਕਰਨ ਦਾ ਦੋਸ਼ ਹੈ। ਇਹ ਰੈਕੇਟ ਇੱਕ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਬਣ ਗਿਆ ਹੈ, ਜਿਸ ਵਿਚ ਇੱਕ ਕਾਨੂੰਨ ਫਰਮ ਅਤੇ ਇੱਕ ਵਪਾਰਕ ਸੰਸਥਾ ਵੀ ਸ਼ਾਮਲ ਹੈ। ਅਧਿਕਾਰੀਆਂ ਅਨੁਸਾਰ, ਮੁਰਸ਼ੀਦ ਅਤੇ ਨਸੀਰ "ਡੀ. ਰੌਬਰਟ ਜੋਨਸ ਪੀ.ਐੱਲ.ਐੱਲ.ਸੀ." ਨਾਂ ਦੀ ਇੱਕ ਕਾਨੂੰਨੀ ਫਰਮ ਅਤੇ "ਰਿਲੀਏਬਲ ਵੈਂਚਰਸ, ਇੰਕ." ਨਾਂ ਦੀ ਇੱਕ ਵਪਾਰਕ ਸੰਸਥਾ ਰਾਹੀਂ ਜਾਅਲੀ ਨੌਕਰੀ ਦੇ ਇਸ਼ਤਿਹਾਰ ਪ੍ਰਕਾਸ਼ਿਤ ਕੀਤੇ। ਇਨ੍ਹਾਂ ਇਸ਼ਤਿਹਾਰਾਂ ਦਾ ਉਦੇਸ਼ ਧੋਖਾਧੜੀ ਨਾਲ ਵਿਦੇਸ਼ੀ ਨਾਗਰਿਕਾਂ ਲਈ ਅਮਰੀਕੀ ਵੀਜ਼ਾ ਪ੍ਰਾਪਤ ਕਰਨਾ ਸੀ। ਅਧਿਕਾਰੀਆਂ ਨੇ ਇਸ ਨੂੰ ਇੱਕ ਅੰਤਰਰਾਸ਼ਟਰੀ ਅਪਰਾਧ ਵਜੋਂ ਸ਼੍ਰੇਣੀਬੱਧ ਕੀਤਾ ਹੈ, ਜੋ ਕਿ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਗੰਭੀਰ ਉਲੰਘਣਾ ਨੂੰ ਦਰਸਾਉਂਦਾ ਹੈ।

ਜੇਕਰ ਮੁਰਸ਼ੀਦ ਅਤੇ ਨਾਸਿਰ ਦੋਸ਼ੀ ਪਾਏ ਜਾਂਦੇ ਹਨ, ਤਾਂ ਉਨ੍ਹਾਂ ਨੂੰ 20 ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਇਸ ਤੋਂ ਇਲਾਵਾ ਮੁਰਸ਼ੀਦ ਦੀ ਅਮਰੀਕੀ ਨਾਗਰਿਕਤਾ ਵੀ ਰੱਦ ਕੀਤੀ ਜਾ ਸਕਦੀ ਹੈ। ਅਮਰੀਕੀ ਅਟਾਰਨੀ ਲੀਆ ਸਿਮੋਂਟਨ ਨੇ ਇਸ ਮਾਮਲੇ ਨੂੰ ਇੱਕ ਗੰਭੀਰ ਅਪਰਾਧ ਦੱਸਿਆ, ਜਿਸ ਵਿਚ ਇਮੀਗ੍ਰੇਸ਼ਨ ਪ੍ਰਣਾਲੀ ਦੀ ਦੁਰਵਰਤੋਂ ਕੀਤੀ ਗਈ ਸੀ। ਐੱਫ.ਬੀ.ਆਈ. ਦੇ ਡਾਇਰੈਕਟਰ ਕਸ਼ ਪਟੇਲ ਨੇ ਇਸ ਧੋਖਾਧੜੀ ਰੈਕੇਟ ਵਿਰੁੱਧ ਕੀਤੀ ਗਈ ਕਾਰਵਾਈ ਨੂੰ ਮਹੱਤਵਪੂਰਨ ਦੱਸਿਆ ਹੈ। ਉਨ੍ਹਾਂ ਨੇ ਇਸ ਨੂੰ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਸੁਰੱਖਿਆ ਅਤੇ ਅਖੰਡਤਾ ਬਣਾਈ ਰੱਖਣ ਲਈ ਇੱਕ ਜ਼ਰੂਰੀ ਕਦਮ ਦੱਸਿਆ। ਅਧਿਕਾਰੀਆਂ ਨੇ ਇਸ ਮਾਮਲੇ ਨੂੰ ਅੰਤਰਰਾਸ਼ਟਰੀ ਅਪਰਾਧ ਵਜੋਂ ਸ਼੍ਰੇਣੀਬੱਧ ਕੀਤਾ ਹੈ, ਜੋ ਕਿ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਗੰਭੀਰ ਉਲੰਘਣਾ ਨੂੰ ਦਰਸਾਉਂਦਾ ਹੈ।

# ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਪੀ.ਆਰ. 'ਚ 15 ਫ਼ੀਸਦੀ ਕਟੌਤੀ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ ਦੀ ਪੀ.ਆਰ. ਉਡੀਕ ਰਹੇ ਹਜ਼ਾਰਾਂ ਲੋਕਾਂ ਦੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ, ਜਦੋਂ ਇਮੀਗ੍ਰੇਸ਼ਨ ਵਿਭਾਗ ਵੱਲੋਂ ਨਵੇਂ ਆ ਰਹੇ ਪ੍ਰਵਾਸੀਆਂ ਦੀ ਗਿਣਤੀ ਵਿਚ 15 ਫ਼ੀਸਦੀ ਕਟੌਤੀ ਕਰ ਦਿੱਤੀ ਗਈ। ਰਿਪੋਰਟ ਮੁਤਾਬਕ ਵਿਜ਼ਟਰ ਵੀਜ਼ਾ, ਸਟੱਡੀ ਵੀਜ਼ਾ ਅਤੇ ਵਰਕ ਪਰਮਿਟ 'ਚ ਕਟੌਤੀ ਕਰਨ ਮਗਰੋਂ ਪੀ.ਆਰ. ਲੈ ਕੇ ਕੈਨੇਡਾ ਆਉਣ ਵਾਲਿਆਂ ਦੀ ਗਿਣਤੀ ਵਿਚ ਤਕਰੀਬਨ 20 ਹਜ਼ਾਰ ਦੀ ਕਮੀ ਆ ਚੁੱਕੀ ਹੈ। ਇੱਥੇ ਦੱਸ ਦਈਏ ਕਿ ਕੈਨੇਡਾ 2025, 2026 ਅਤੇ 2027 ਲਈ ਆਪਣੇ ਇਮੀਗ੍ਰੇਸ਼ਨ ਟੀਚਿਆਂ ਨੂੰ ਘਟਾ ਰਿਹਾ ਹੈ, ਜਿਸ ਵਿਚ 2025 ਲਈ ਸਥਾਈ ਨਿਵਾਸੀਆਂ ਵਿਚ 15% ਦੀ ਕਮੀ ਸ਼ਾਮਲ ਹੈ। ਇਹ ਹਾਲ ਹੀ ਦੇ ਸਾਲਾਂ ਵਿਚ ਇਮੀਗ੍ਰੇਸ਼ਨ ਪੱਧਰਾਂ ਵਿਚ ਇੱਕ ਮਹੱਤਵਪੂਰਨ ਵਾਧੇ ਤੋਂ ਬਾਅਦ ਹੈ ਅਤੇ ਇਹ ਫੈਸਲਾ ਰਿਹਾਇਸ਼ ਅਤੇ ਸਿਹਤ ਸੰਭਾਲ ਦੇ ਦਬਾਅ ਬਾਰੇ ਚਿੰਤਾਵਾਂ ਦੁਆਰਾ ਪ੍ਰੇਰਿਤ ਹੈ। ਦੂਜੇ ਪਾਸੇ ਇਮੀਗ੍ਰੇਸ਼ਨ ਪਾਬੰਦੀਆਂ ਕਾਰਨ ਕੈਨੇਡੀਅਨ ਵਸੋਂ ਵਿਚ ਵਾਧਾ ਪਿਛਲੇ ਚਾਰ ਸਾਲ ਦੇ ਹੇਠਲੇ ਪੱਧਰ 'ਤੇ ਆ ਚੁੱਕਾ ਹੈ। ਸਟੈਟਕੈਨ ਦੇ ਅੰਕੜਿਆਂ ਮੁਤਾਬਕ 1 ਜਨਵਰੀ, 2025 ਨੂੰ ਕੈਨੇਡਾ ਦੀ ਆਬਾਦੀ 4 ਕਰੋੜ 15 ਲੱਖ, 28 ਹਜ਼ਾਰ ਅਤੇ 680 ਤੱਕ ਪੁੱਜ ਗਈ। ਅਕਤੂਬਰ 2024 ਤੋਂ ਦਸੰਬਰ 2024 ਦਰਮਿਆਨ ਵਸੋਂ ਵਿਚ 63,382 ਵਾਧਾ ਹੋਇਆ, ਜਦਕਿ ਇਸ ਤੋਂ ਪਿਛਲੀਆਂ ਦੋ ਤਿਮਾਹੀਆਂ ਦੌਰਾਨ ਵਸੋਂ ਵਿਚ 1 ਲੱਖ 76 ਹਜ਼ਾਰ ਅਤੇ 699 ਦਾ ਵਾਧਾ ਦਰਜ ਕੀਤਾ ਗਿਆ ਸੀ।

# ਕੈਨੇਡਾ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕਰਨ 'ਚ ਵੱਡੀ ਕਟੌਤੀ

**ਵੈਨਕੂਵਰ, (ਪੰਜਾਬ ਮੇਲ)**- ਕੈਨੇਡਾ 'ਚ ਪੜ੍ਹਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਨੂੰ ਵੱਡਾ ਝਟਕਾ ਲੱਗਾ ਹੈ। ਕੈਨੇਡਾ ਨੇ ਭਾਰਤੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕਰਨ ਵਿਚ ਵੱਡੀਆਂ ਕਟੌਤੀਆਂ ਕੀਤੀਆਂ ਹਨ। 2025 ਦੀ ਪਹਿਲੀ ਤਿਮਾਹੀ ਵਿਚ ਭਾਰਤੀ ਵਿਦਿਆਰਥੀ ਪਰਮਿਟਾਂ ਵਿਚ 31% ਦੀ ਕਟੌਤੀ ਕੀਤੀ ਗਈ। ਜਨਵਰੀ ਤੋਂ ਮਾਰਚ 2025 ਦਰਮਿਆਨ ਸਿਰਫ਼ 30,640 ਭਾਰਤੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕੀਤੇ ਗਏ ਸਨ, ਜਦੋਂ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਇਹ ਗਿਣਤੀ 44,295 ਸੀ। ਇਹ ਗਿਰਾਵਟ ਅਜਿਹੇ ਸਮੇਂ ਦਰਜ ਕੀਤੀ ਗਈ ਹੈ, ਜਦੋਂ ਕੈਨੇਡਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ 'ਤੇ ਪਾਬੰਦੀਆਂ ਲਗਾਤਾਰ ਵਧ ਰਹੀਆਂ ਹਨ। ਕੈਨੇਡੀਅਨ ਸਰਕਾਰ ਦੀਆਂ ਨਵੀਆਂ ਨੀਤੀਆਂ ਅਤੇ ਪਾਬੰਦੀਆਂ ਕਾਰਨ ਨਾ ਸਿਰਫ਼ ਭਾਰਤ ਤੋਂ, ਸਗੋਂ ਦੂਜੇ ਦੇਸ਼ਾਂ ਤੋਂ ਵੀ ਵਿਦਿਆਰਥੀ ਵੀਜ਼ਾ ਦਰਾਂ ਘਟੀਆਂ ਹਨ। 2024 ਦੀ ਪਹਿਲੀ ਤਿਮਾਹੀ ਵਿਚ ਕੁੱਲ 1,21,070 ਸਟੱਡੀ ਪਰਮਿਟ ਜਾਰੀ ਕੀਤੇ ਗਏ ਸਨ, ਜਦੋਂਕਿ 2025 ਵਿਚ ਇਹ ਅੰਕੜਾ ਘੱਟ ਕੇ 96,015 ਰਹਿ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਭਵਿੱਖ ਵਿਚ ਇਹ ਗਿਰਾਵਟ ਹੋਰ ਵੀ ਡੂੰਘੀ ਹੋਣ ਦੀ ਸੰਭਾਵਨਾ ਹੈ।



2023 ਦੇ ਆਖਰੀ ਮਹੀਨਿਆਂ ਤੋਂ ਕੈਨੇਡੀਅਨ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਕੰਟਰੋਲ ਕਰਨ ਲਈ ਸਖ਼ਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਸਨ। ਇਸ ਦੇ ਪਿੱਛੇ ਮੁੱਖ ਕਾਰਨ ਦੇਸ਼ ਵਿਚ ਤੇਜ਼ੀ ਨਾਲ ਵਧ ਰਹੀ ਆਬਾਦੀ, ਰਿਹਾਇਸ਼ ਦੀ ਘਾਟ ਅਤੇ ਸਿਹਤ ਅਤੇ ਆਵਾਜਾਈ ਸਹੂਲਤਾਂ 'ਤੇ ਵਧਦਾ ਦਬਾਅ ਹੈ। 28 ਅਪ੍ਰੈਲ, 2025 ਨੂੰ ਹੋਈਆਂ ਸੰਘੀ ਚੋਣਾਂ ਤੋਂ ਬਾਅਦ ਪ੍ਰਧਾਨ ਮੰਤਰੀ ਮਾਰਕ ਕਾਰਨੀ ਸਰਕਾਰ ਵਿਚ ਵਾਪਸ ਆਏ ਅਤੇ ਉਨ੍ਹਾਂ ਨੇ ਖਾਸ ਤੌਰ 'ਤੇ ਕਿਹਾ ਕਿ 2027 ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਿਦੇਸ਼ੀ ਕਾਮਿਆਂ ਸਮੇਤ ਅਸਥਾਈ ਨਿਵਾਸੀਆਂ ਦੀ ਗਿਣਤੀ ਦੇਸ਼ ਦੀ ਕੁੱਲ ਆਬਾਦੀ ਦੇ 5% ਤੋਂ ਵੱਧ ਨਹੀਂ ਹੋਵੇਗੀ। ਉਨ੍ਹਾਂ ਦਾ ਰੁਖ਼ ਦਰਸਾਉਂਦਾ ਹੈ ਕਿ ਇਸ ਸਮੇਂ ਇਨ੍ਹਾਂ ਨੀਤੀਆਂ ਵਿਚ ਕਿਸੇ ਵੀ ਤਰ੍ਹਾਂ ਦੀ ਢਿੱਲ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

ਸਰਕਾਰੀ ਅੰਕੜਿਆਂ ਅਨੁਸਾਰ 2023 ਵਿਚ, ਕੈਨੇਡਾ ਨੇ ਕੁੱਲ 6,81,155 ਸਟੱਡੀ ਪਰਮਿਟ ਜਾਰੀ ਕੀਤੇ ਸਨ, ਜਿਨ੍ਹਾਂ ਵਿਚੋਂ 2,78,045 ਭਾਰਤੀ ਵਿਦਿਆਰਥੀਆਂ ਨੂੰ ਦਿੱਤੇ ਗਏ ਸਨ। ਇਸ ਦੇ ਨਾਲ ਹੀ, 2024 ਵਿਚ ਇਹ ਅੰਕੜਾ ਘੱਟ ਕੇ 5,16,275 ਹੋ ਗਿਆ ਅਤੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਘੱਟ ਕੇ 1,88,465 ਹੋ ਗਈ। ਆਈ.ਆਰ.ਸੀ.ਸੀ. (ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ) ਨੇ 18 ਸਤੰਬਰ, 2024 ਨੂੰ ਸਪੱਸ਼ਟ ਕੀਤਾ ਸੀ ਕਿ 2025 ਲਈ ਸਟੱਡੀ ਪਰਮਿਟਾਂ ਦੀ ਵੱਧ ਤੋਂ ਵੱਧ ਸੀਮਾ 4,37,000 ਹੋਵੇਗੀ, ਜੋ ਕਿ 2024 ਲਈ 4,85,000 ਦੇ ਟੀਚੇ ਤੋਂ ਬਹੁਤ ਘੱਟ ਹੈ। ਇਹ 'ਸਥਿਰ' ਅੰਕੜਾ 2026 'ਤੇ ਵੀ ਲਾਗੂ ਹੋਵੇਗਾ। ਕੈਨੇਡੀਅਨ ਸਰਕਾਰ ਨੇ 1 ਜਨਵਰੀ, 2024 ਤੋਂ ਸਟੱਡੀ ਵੀਜ਼ਾ ਲਈ ਵਿੱਤੀ ਯੋਗਤਾ ਸ਼ਰਤਾਂ ਨੂੰ ਵੀ ਸਖ਼ਤ ਕਰ ਦਿੱਤਾ ਹੈ। ਹੁਣ ਇੱਕ ਸਿੰਗਲ ਬਿਨੈਕਾਰ ਨੂੰ ਇਹ ਦਿਖਾਉਣਾ ਹੋਵੇਗਾ ਕਿ ਉਸ ਕੋਲ 20,635 ਕੈਨੇਡੀਅਨ ਡਾਲਰ (ਲਗਭਗ 12.7 ਲੱਖ ਰੁਪਏ) ਦਾ ਫੰਡ ਹੈ, ਜਦੋਂ ਕਿ ਪਹਿਲਾਂ ਇਹ ਸੀਮਾ 10,000 ਕੈਨੇਡੀਅਨ ਡਾਲਰ (ਲਗਭਗ 6.14 ਲੱਖ ਰੁਪਏ) ਸੀ।

**Editorial Board**

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Sanjeev Khanna

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਵਰਜੀਨੀਆ 'ਚ ਪੰਜਾਬੀ ਸਿੱਖ ਕੁਲਵਿੰਦਰ ਸਿੰਘ ਫਲੋਰਾ ਨੂੰ ਸਟੋਰ 'ਤੇ ਮਾਰਨ ਦੀ ਕੋਸ਼ਿਸ਼ ਹੋਈ ਨਾਕਾਮ

## ■ ਹਮਲਾਵਰ ਗ੍ਰਿਫ਼ਤਾਰ



**ਵਰਜੀਨੀਆ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ ਦੇ ਸੂਬੇ ਵਰਜੀਨੀਆ ਦੇ ਫੈਅਰ ਫੈਕਸ 'ਚ ਸਥਿਤ ਸਟੋਰ ਮਾਲਿਕ ਇਕ ਸਿੱਖ ਪੰਜਾਬੀ ਕੁਲਵਿੰਦਰ ਸਿੰਘ ਫਲੋਰਾ ਨੂੰ ਇਕ ਫਾਇਰ ਬੰਬ ਨਾਲ ਉਸ ਦੇ ਸਟੋਰ 'ਤੇ ਜਾਨੋਂ ਮਾਰਨ ਦੀ ਕੋਸ਼ਿਸ਼ ਕਰਨ ਦੀ ਖ਼ਬਰ ਸਾਹਮਣੇ ਆਈ ਹੈ। ਉਸ ਦੇ ਸਟੋਰ ਨੂੰ ਭਾਰੀ ਨੁਕਸਾਨ ਦੇ ਨਾਲ ਉਸ ਅੱਤਵਾਦੀ ਨੇ ਫਾਇਰ ਬੰਬ ਦਾ ਸਹਾਰਾ ਲੈ ਕੇ ਉਸ 'ਤੇ ਜਾਨਲੇਵਾ ਹਮਲਾ ਕੀਤਾ। ਹਮਲਾਵਰ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਉਸ ਦੀ ਪਹਿਚਾਣ ਕ੍ਰਿਸਟੋਫਰ ਟੈਰਲ ਵਜੋਂ ਹੋਈ ਹੈ। ਸਟੋਰ ਮਾਲਿਕ ਕੁਲਵਿੰਦਰ ਸਿੰਘ ਫਲੋਰਾ ਨੇ ਬੜੀ ਨਿਡਰਤਾ ਨਾਲ ਉਸ ਵਿਅਕਤੀ ਦਾ ਮੁਕਾਬਲਾ ਕੀਤਾ। ਕੈਸ਼ ਚੈਕਿੰਗ ਅਤੇ ਵੈਸਟਰਨ ਯੂਨੀਅਨ ਦੇ ਮਾਲਿਕ ਫਲੋਰਾ ਨੇ ਦੇਖਿਆ ਕਿ ਫਾਇਰ ਬੰਬ ਸੁੱਟਣ ਵਾਲਾ ਵਿਅਕਤੀ ਆਪਣੇ ਫੋਨ 'ਤੇ ਕਿਸੇ ਨਾਲ ਗੱਲ ਕਰਦਾ ਹੋਇਆ ਵੀਡੀਓ ਬਣਾ ਰਿਹਾ ਹੈ। ਕੁਲਵਿੰਦਰ ਸਿੰਘ ਫਲੋਰਾ ਨੇ ਬੜੀ ਮੁਸ਼ਤੈਦੀ ਨਾਲ ਫਾਇਰ ਬੰਬ ਨੂੰ ਆਪਣੇ ਪੈਰਾਂ ਦੇ ਨਾਲ ਕਿੱਕ ਮਾਰੀ, ਤਾਂ ਬੰਬ ਹਮਲਾਵਰ ਉੱਤੇ ਜਾ ਡਿੱਗਾ ਅਤੇ ਉਹ ਜ਼ਖ਼ਮੀ ਹਾਲਤ 'ਚ ਉੱਥੋਂ ਭੱਜ ਗਿਆ। ਸਟੋਰ ਮਾਲਿਕ ਕੁਲਵਿੰਦਰ ਸਿੰਘ ਫਲੋਰਾ ਵੱਲੋਂ ਪੁਲਿਸ ਨੂੰ ਕਾਲ ਕੀਤੀ ਗਈ ਅਤੇ ਭਾਰੀ ਗਿਣਤੀ 'ਚ ਪੁਲਿਸ ਅਤੇ ਫਾਇਰ ਬ੍ਰਿਗੇਡ ਦੀ ਗੱਡੀਆਂ ਵੱਲੋਂ ਇਲਾਕਾ ਸੀਲ ਕੀਤਾ ਗਿਆ। ਹੈਲੀਕਾਪਟਰ ਦੀ ਮਦਦ ਨਾਲ ਹਮਲਾਵਰ ਨੂੰ ਕੁਝ ਹੀ ਮਿੰਟਾਂ 'ਚ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਜੇਲ੍ਹ 'ਚ ਬੰਦ ਕਰ ਦਿੱਤਾ। ਉਸ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਇਸ ਜਾਨਲੇਵਾ ਹਮਲੇ ਅਤੇ ਬਿਜ਼ਨਸ ਨੂੰ ਨੁਕਸਾਨ ਪਹੁੰਚਣ ਦੇ ਪਿੱਛੇ ਕਿਸ ਦਾ ਹੱਥ ਹੈ, ਇਸ ਬਾਰੇ ਵੀ ਜਾਂਚ ਜਾਰੀ ਹੈ। ਪੰਜਾਬੀ ਸਿੱਖ ਕੁਲਵਿੰਦਰ ਸਿੰਘ ਫਲੋਰਾ 18 ਸਾਲ ਤੋਂ ਆਪਣੇ ਪਰਿਵਾਰ ਦੇ ਨਾਲ ਇਥੇ ਰਹਿ ਰਿਹਾ ਹੈ, ਜਿਸ ਦਾ ਇੱਥੇ ਬਹੁਤ ਰਸੂਖ ਅਤੇ ਸਤਿਕਾਰ ਹੈ।

# ਵਿਜੀਲੈਂਸ ਵੱਲੋਂ ਬਰਖਾਸਤ ਕਾਂਸਟੇਬਲ ਅਮਨਦੀਪ ਕੌਰ ਦੀ ਜਾਇਦਾਦ ਜ਼ਬਤ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਪੁਲਿਸ ਦੀ ਬਰਖ਼ਾਸਤ ਕਾਂਸਟੇਬਲ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਪੁਲਿਸ ਨੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੀ ਗਈ ਪੰਜਾਬ ਪੁਲਿਸ ਦੀ ਕਾਂਸਟੇਬਲ ਅਮਨਦੀਪ ਕੌਰ ਦੀਆਂ ਚੱਲ ਅਤੇ ਅਚੱਲ ਜਾਇਦਾਦਾਂ ਨੂੰ ਜ਼ਬਤ ਕਰ ਦਿੱਤਾ ਹੈ। ਵਿਜੀਲੈਂਸ ਅਧਿਕਾਰੀ ਨੇ ਦੱਸਿਆ ਕਿ ਮਨਜ਼ੂਰੀ ਮਿਲਣ ਤੋਂ ਬਾਅਦ ਉਸ ਦਾ ਇੱਕ ਮਕਾਨ, ਇੱਕ ਰਿਹਾਇਸ਼ੀ ਪਲਾਟ, ਇੱਕ ਕਾਰ, ਇੱਕ ਮੋਟਰਸਾਈਕਲ, ਤਿੰਨ ਮੋਬਾਈਲ ਫ਼ੋਨ ਅਤੇ ਹੋਰ ਵਸਤਾਂ ਨੂੰ ਜ਼ਬਤ ਕਰ ਲਿਆ ਗਿਆ ਹੈ, ਜਿਨ੍ਹਾਂ ਦੀ ਕੀਮਤ 1.35 ਕਰੋੜ ਰੁਪਏ ਬਣਦੀ ਹੈ। ਇਸ ਤੋਂ ਪਹਿਲਾਂ ਪੁਲਿਸ ਨੇ ਉਸ ਦੀ ਕੋਠੀ ਤੇ ਜਾਇਦਾਦ ਨੂੰ ਜਾਮ ਕਰਨ ਦੇ ਨੋਟਿਸ ਚਿਪਕਾ ਦਿੱਤੇ। ਪੁਲਿਸ ਟੀਮ ਵੱਲੋਂ ਕੋਠੀ ਦੀ ਪੈਮਾਇਸ਼ ਕਰਨ ਸਣੇ ਉਸ ਦੇ

## ■ ਅਦਾਲਤ ਨੇ ਰਿਮਾਂਡ 'ਤੇ ਭੇਜਿਆ

ਅੰਦਰਲੇ ਸਾਜ਼ੋ-ਸਾਮਾਨ ਦਾ ਮੁਲਾਂਕਣ ਕੀਤਾ ਗਿਆ। ਬੀਤੇ ਦਿਨੀਂ ਸਰੋਤਾਂ ਤੋਂ ਵੱਧ ਆਮਦਨ ਦੇ ਦੋਸ਼ਾਂ ਹੇਠ ਬਠਿੰਡਾ ਵਿਜੀਲੈਂਸ ਬਿਊਰੋ ਵੱਲੋਂ ਪਿੰਡ ਬਾਦਲ ਤੋਂ ਗ੍ਰਿਫ਼ਤਾਰ ਕੀਤੀ ਅਮਨਦੀਪ ਕੌਰ ਨੂੰ ਅਦਾਲਤ ਵਿਚ ਪੇਸ਼ ਕਰ ਕੇ ਪੰਜ-ਰੋਜ਼ਾ ਪੁਲਿਸ ਰਿਮਾਂਡ ਦੀ ਮੰਗ ਕੀਤੀ ਗਈ ਸੀ ਪਰ ਅਦਾਲਤ ਨੇ ਤਿੰਨ ਦਿਨ ਦਾ ਰਿਮਾਂਡ ਦਿੱਤਾ ਹੈ। ਹੁਣ ਉਸ ਨੂੰ 29 ਮਈ ਨੂੰ ਬਾਅਦ ਦੁਪਹਿਰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਵਿਜੀਲੈਂਸ ਅਨੁਸਾਰ ਅਮਨਦੀਪ ਕੌਰ ਦੀ ਕੁੱਲ ਆਮਦਨ 1,08,37,550 ਰੁਪਏ ਦੇ ਮੁਕਾਬਲੇ ਉਸਦਾ ਖਰਚ 1,39,64,802.97 ਰੁਪਏ ਪਾਇਆ ਗਿਆ, ਜੋ ਕਿ ਉਸ ਦੀ ਆਮਦਨ ਦੇ ਜਾਣੇ-ਪਛਾਣੇ ਸਰੋਤਾਂ ਤੋਂ 31,27,252.97 ਰੁਪਏ ਅਤੇ ਉਸ ਦੀ ਜਾਇਜ਼ ਕਮਾਈ ਤੋਂ 28.85 ਫੀਸਦੀ ਵੱਧ ਹੈ। ਉਸ ਵੱਲੋਂ ਸਾਲ 2018 ਅਤੇ 2025 ਦਰਮਿਆਨ ਬਣਾਈਆਂ ਗਈਆਂ ਚੱਲ ਅਤੇ ਅਚੱਲ ਜਾਇਦਾਦਾਂ ਦੇ ਵੇਰਵਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਅਮਰੀਕਾ 'ਚ ਪਤਨੀ ਦੇ ਕਤਲ ਦੀ ਯੋਜਨਾ ਬਣਾਉਣ ਦੇ ਦੋਸ਼ 'ਚ ਭਾਰਤੀ-ਗੁਜ਼ਰਾਤੀ ਗ੍ਰਿਫ਼ਤਾਰ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ ਵਿਚ ਆਪਣੀ ਪਤਨੀ ਦੇ ਕਤਲ ਦੀ ਯੋਜਨਾ ਬਣਾਉਣ ਦੇ ਦੋਸ਼ ਵਿਚ ਇਕ ਭਾਰਤੀ-ਗੁਜਰਾਤੀ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕਿਸੇ ਅਣਜਾਣ ਵਿਅਕਤੀ ਤੋਂ ਮਿਲੀ ਸੂਚਨਾ ਦੇ ਆਧਾਰ 'ਤੇ ਪੁਲਿਸ ਨੇ ਦਰਸ਼ਨ ਸੋਨੀ ਨਾਂ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ। ਇਡੀਆਨਾਪੋਲਿਸ ਮੈਟਰੋਪੋਲੀਟਨ ਪੁਲਿਸ ਵਿਭਾਗ ਨੇ 44 ਸਾਲਾ ਦਰਸ਼ਨ 'ਤੇ ਕਤਲ ਦੀ ਕੋਸ਼ਿਸ਼ ਅਤੇ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਹੈ। ਬੀਤੀ 12 ਮਈ ਨੂੰ ਇੱਕ ਅਣਪਛਾਤੇ ਵਿਅਕਤੀ ਨੇ ਦਰਸ਼ਨ ਸੋਨੀ ਦੀ ਇਸ ਖ਼ਤਰਨਾਕ ਯੋਜਨਾ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਅਤੇ ਫਿਰ ਘਟਨਾ ਦੀ ਜਾਂਚ ਸ਼ੁਰੂ ਕੀਤੀ ਗਈ।

ਸੂਹ ਵਿਚ ਕਿਹਾ ਗਿਆ ਹੈ ਕਿ ਦਰਸ਼ਨ ਸੋਨੀ ਨੇ ਆਪਣੀ ਪਤਨੀ ਅਪਰਣਾ ਸੋਨੀ ਦਾ ਕਤਲ ਕਰਨ ਲਈ ਕੇਨ ਕੌਕਸ ਨਾਮਕ ਆਪਣੇ ਇੱਕ ਕਰਮਚਾਰੀ ਦੀ ਮਦਦ ਮੰਗੀ ਸੀ। ਪੁਲਿਸ ਦੇ ਹਲਫ਼ਨਾਮੇ ਅਨੁਸਾਰ ਦਰਸ਼ਨ ਸੋਨੀ ਦੀ ਯੋਜਨਾ ਬੀਤੀ 16 ਮਈ ਨੂੰ ਅਪਰਣਾ ਨੂੰ ਉਸਦੇ ਹੀ ਘਰ ਵਿਚ ਕਤਲ ਕਰਨ ਦੀ ਸੀ, ਜਿਸਦੀ ਤਿਆਰੀ ਉਹ ਕਈ ਮਹੀਨਿਆਂ ਤੋਂ ਕਰ ਰਿਹਾ ਸੀ। ਦਰਸ਼ਨ ਸੋਨੀ ਨੇ ਇਸ ਕਤਲ ਨੂੰ ਅੰਜਾਮ ਦੇਣ ਲਈ ਵਰਤੀ ਗਈ ਬੰਦੂਕ 'ਤੇ ਵਰਤੇ ਗਏ ਸਾਈਲੈਂਸਰ ਬਾਰੇ ਪੁੱਛਗਿੱਛ ਕੀਤੀ ਸੀ ਅਤੇ ਅਜਿਹਾ ਕਰਨ ਲਈ ਵੱਖ-ਵੱਖ ਤਰੀਕੇ ਵੀ ਅਜ਼ਮਾਏ ਸਨ। ਇੰਨਾ ਹੀ ਨਹੀਂ, ਦਰਸ਼ਨ ਸੋਨੀ ਨੇ ਇੱਕ ਚਾਂਦੀ ਰੰਗ ਦੀ ਫੋਰਡ ਏਸਕੇਪ ਸੈਕਿੰਡ ਹੈਂਡ ਕਾਰ ਵੀ ਖਰੀਦੀ, ਜੋ ਇਸ ਕਤਲ ਵਿਚ ਵਰਤੀ ਜਾਣੀ ਸੀ। ਯੋਜਨਾ ਅਨੁਸਾਰ ਇਹ ਫੈਸਲਾ ਕੀਤਾ ਗਿਆ ਸੀ ਕਿ ਦਰਸ਼ਨ ਸੋਨੀ ਦਾ ਉਹ ਕਰਮਚਾਰੀ ਜੋ ਉਸਦੀ ਮਦਦ ਕਰਨ ਵਾਲਾ ਸੀ, ਇਸ ਕਾਰ ਦੀ ਵਰਤੋਂ ਕਰੇਗਾ।

ਪਰ ਪੁਲਿਸ ਵੱਲੋਂ ਦਾਇਰ ਕੀਤੇ ਗਏ ਹਲਫ਼ਨਾਮੇ ਤੋਂ ਇਹ ਵੀ ਸ਼ੱਕ ਪੈਦਾ ਹੁੰਦਾ ਹੈ ਕਿ ਦਰਸ਼ਨ ਨੇ ਪਹਿਲਾਂ ਅਪਰਣਾ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕੀਤੀ ਹੋ ਸਕਦੀ ਹੈ, ਜਿਸ ਲਈ ਉਸਨੇ ਆਪਣੀ ਪਤਨੀ ਨੂੰ ਜ਼ਹਿਰ ਵੀ ਦਿੱਤਾ ਹੋ ਸਕਦਾ ਹੈ। ਅਪਰਣਾ ਨੂੰ ਕਥਿਤ ਤੌਰ 'ਤੇ ਇਹ ਜ਼ਹਿਰ ਉਸਦੀ ਸਵੇਰ ਦੀ ਸਮੂਦੀ ਵਿਚ ਦਿੱਤਾ ਗਿਆ ਸੀ। ਅਪਰਣਾ ਨੇ ਖੁਦ ਪੁਲਿਸ ਨੂੰ ਦੱਸਿਆ ਕਿ ਇਸ ਸਮੂਦੀ ਦਾ ਸੁਆਦ ਬਹੁਤ ਅਜੀਬ ਸੀ ਅਤੇ ਇਸਨੂੰ ਪੀਣ ਤੋਂ ਬਾਅਦ ਉਸਨੂੰ ਅਸਾਧਾਰਨ ਲੱਛਣਾਂ ਦਾ ਅਨੁਭਵ ਹੋਇਆ। ਇਸ ਤੋਂ ਇਲਾਵਾ ਪੁਲਿਸ ਨੇ ਹਲਫ਼ਨਾਮੇ ਵਿਚ ਦਰਸ਼ਨ ਅਤੇ ਉਸਦੇ ਕਰਮਚਾਰੀ ਕੇਨ ਕੌਕਸ ਵਿਚਕਾਰ ਹੋਈ ਇੱਕ ਮੁਲਾਕਾਤ ਦਾ ਵੀ ਖਾਸ ਤੌਰ 'ਤੇ ਜ਼ਿਕਰ ਕੀਤਾ ਹੈ, ਜਿਸ ਵਿਚ ਉਸਨੇ ਆਪਣੀ ਹਿੰਸਕ ਯੋਜਨਾ ਬਾਰੇ ਚਰਚਾ ਕੀਤੀ ਸੀ ਅਤੇ ਉਸਨੇ ਆਪਣੇ ਕਰਮਚਾਰੀ ਨੂੰ ਇਹ ਵੀ ਕਿਹਾ ਸੀ ਕਿ ਯੋਜਨਾ ਜਿੰਨੀ ਬੇਰਹਿਮ ਹੋਵੇਗੀ, ਸਾਰੀਆਂ ਸਮੱਸਿਆਵਾਂ ਦਾ ਹੱਲ ਓਨਾ ਹੀ ਆਸਾਨ ਹੋਵੇਗਾ। ਹਾਲਾਂਕਿ ਦਰਸ਼ਨ ਦੇ ਆਪਣੀ ਯੋਜਨਾ ਨੂੰ ਲਾਗੂ ਕਰਨ ਤੋਂ ਪਹਿਲਾਂ ਹੀ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਸੀ।




# ਟੈਕਸਾਸ ’ਚ ਭਾਰਤੀ ਵਿਅਕਤੀ ਦੀ ਬੇਰਹਿਮੀ ਨਾਲ ਹੱਤਿਆ

## ■ ਕਾਤਲ ਭਾਰਤੀ ਵਿਅਕਤੀ ਗ੍ਰਿਫ਼ਤਾਰ





ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਅਮਰੀਕਾ ਤੋਂ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਇੱਥੇ ਟੈਕਸਾਸ ਸੂਬੇ ਵਿਚ ਇੱਕ ਬੇਘਰ ਭਾਰਤੀ ਨੇ ਆਸਟਿਨ ਸਿਟੀ ਵਿਚ ਇੱਕ ਭਿਆਨਕ ਘਟਨਾ ਨੂੰ ਅੰਜਾਮ ਦਿੱਤਾ, ਜਿਸ ਵਿਚ 30 ਸਾਲਾ ਭਾਰਤੀ ਉੱਦਮੀ ਅਕਸ਼ੈ ਗੁਪਤਾ ਦੀ ਬੱਸ ਵਿਚ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਬੀਤੇ ਦਿਨੀਂ ਵਾਪਰੀ। ਅਕਸ਼ੈ ਗੁਪਤਾ ਨੂੰ ਮਾਰਨ ਵਾਲਾ ਇੱਕ ਭਾਰਤੀ ਵਿਅਕਤੀ ਸੀ। ਜਿਸ ਨੇ ਚੱਲਦੀ ਬੱਸ ਵਿਚ ਇਸ ਘਟਨਾ ਨੂੰ ਅੰਜਾਮ ਦੇ ਕੇ ਦਹਿਸ਼ਤ ਫੈਲਾ ਦਿੱਤੀ। ਇਸ ਲਈ ਜਿਵੇਂ ਹੀ ਬੱਸ ਰੋਕੀ ਗਈ, ਸਾਰੇ ਯਾਤਰੀ ਜਲਦੀ ਨਾਲ ਉਸ ਵਿਚੋਂ ਬਾਹਰ ਨਿਕਲ ਗਏ ਅਤੇ ਕਾਤਲ ਵੀ ਉਨ੍ਹਾਂ ਨਾਲ ਬੱਸ ਵਿਚੋਂ ਬਾਹਰ ਨਿਕਲ ਕੇ ਭੱਜ ਗਿਆ। ਹਾਲਾਂਕਿ ਬਾਅਦ ਵਿਚ ਪੁਲਿਸ ਨੇ ਉਸ ਨੂੰ ਫੜ ਲਿਆ। ਮ੍ਰਿਤਕ ਅਕਸ਼ੈ ਗੁਪਤਾ ਇੱਕ ਹੈਲਥ-ਟੈਕ ਸਟਾਰਟਅੱਪ ਦੇ ਸਹਿ-ਸੰਸਥਾਪਕ ਅਤੇ ਆਸਟਿਨ ਦੇ ਇੱਕ ਸਰਗਰਮ ਉੱਦਮੀ ਸਨ। ਆਸਟਿਨ ਪੁਲਿਸ ਵਿਭਾਗ ਅਨੁਸਾਰ ਉਸ ’ਤੇ ਬੱਸ ਵਿਚ ਚਾਕੂ ਨਾਲ ਹਮਲਾ ਕੀਤਾ ਗਿਆ ਸੀ।

ਜਦੋਂ ਪੁਲਿਸ ਮੌਕੇ ’ਤੇ ਪਹੁੰਚੀ, ਤਾਂ ਅਕਸ਼ੈ ਗੰਭੀਰ ਜ਼ਖਮੀ ਹਾਲਤ ਵਿਚ ਮਿਲਿਆ। ਉਸਨੂੰ ਤੁਰੰਤ ਮੁੱਢਲੀ ਸਹਾਇਤਾ ਦਿੱਤੀ ਗਈ ਅਤੇ ਉਸਦੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਸਦੀ ਮੌਕੇ ’ਤੇ ਹੀ ਮੌਤ ਹੋ ਗਈ। ਅਕਸ਼ੈ ਨੂੰ ਮਾਰਨ ਵਾਲੇ ਵਿਅਕਤੀ ਦਾ ਨਾਮ 31 ਸਾਲਾ ਦੀਪਕ ਕੰਡੇਲ ਹੈ ਅਤੇ ਉਹ ਅਮਰੀਕਾ ’ਚ ਬੇਘਰ ਹੈ। ਜਾਂਚ ਤੋਂ ਪਤਾ ਲੱਗਾ ਕਿ ਦੀਪਕ ਬੱਸ ਵਿਚ ਅਕਸ਼ੈ ਦੇ ਕੋਲ ਬੈਠਾ ਸੀ ਅਤੇ ਬਿਨਾਂ ਕਿਸੇ ਭੜਕਾਹਟ ਦੇ ਉਸਨੇ ਅਕਸ਼ੈ ਦੀ ਗਰਦਨ ’ਤੇ ‘ਕਸਾਈ ਸਟਾਈਲ ਵਾਲੇ ਤੇਜ਼ਧਾਰ ਚਾਕੂ ਨਾਲ ਹਮਲਾ ਕਰ ਦਿੱਤਾ ਅਤੇ ਉਸ ਦੀ ਮੌਤ ਹੋ ਗਈ। ਦੀਪਕ ਕੰਡੇਲ ਹੁਣ ਜੇਲ੍ਹ ’ਚ ਬੰਦ ਹੈ। ਉਸ ’ਤੇ ਪਹਿਲੀ ਡਿਗਰੀ ਦਾ ਦੋਸ਼ ਲਗਾਇਆ ਗਿਆ ਹੈ।

# ਸਟੀਵ ਰਾਏ ਵੈਨਕੂਵਰ ਪੁਲਿਸ ਦੇ ਪਹਿਲੇ ਪੰਜਾਬੀ ਮੁਖੀ ਬਣੇ



ਵੈਨਕੂਵਰ, (ਪੰਜਾਬ ਮੇਲ)- ਕੈਨੇਡਾ ਵਿਚ ਪੰਜਾਬੀ ਭਾਈਚਾਰੇ ਲਈ ਮਾਣ, ਤੇ ਇਤਿਹਾਸ ਰਚਿਆ ਗਿਆ, ਜਦੋਂ ਵੈਨਕੂਵਰ ਦੇ ਪਹਿਲੇ ਪੰਜਾਬੀ-ਮੂਲ ਦੇ ਪੁਲਿਸ ਮੁਖੀ ਸਟੀਵ ਰਾਏ ਨੂੰ ਵੈਨਕੂਵਰ ਪੁਲਿਸ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਗਿਆ। ਸਟੀਵ ਰਾਏ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਪੁਲਿਸ ਸੇਵਾ ਨਾਲ ਜੁੜੇ ਹੋਏ ਹਨ ਅਤੇ ਕੁਝ ਸਮੇਂ ਤੋਂ ਉੱਪ ਪੁਲਿਸ ਮੁਖੀ ਵਜੋਂ ਜ਼ਿੰਮੇਵਾਰੀ ਨਿਭਾ ਰਹੇ ਸਨ। ਉਨ੍ਹਾਂ ਦੀ ਸੱਚਾਈ, ਵੱਖ-ਵੱਖ ਭਾਈਚਾਰਿਆਂ ਦੀਆਂ ਭਾਵਨਾਵਾਂ ਸੇਵਾ ਪ੍ਰਤੀ ਨਿਸ਼ਠਾ ਨੇ ਉਨ੍ਹਾਂ ਨੂੰ ਇਸ ਉਚੇ ਅਹੁਦੇ ਲਈ ਯੋਗ ਬਣਾਇਆ। ਇਸ ਮੌਕੇ ਪੁਲਿਸ ਵਿਭਾਗ ਦਾ ਅਹੁਦਾ ਸੰਭਾਲਣ ਤੋਂ ਬਾਅਦ ਸਟੀਵ ਰਾਏ ਨੇ ਕਿਹਾ ਕਿ ਉਹ ਵੈਨਕੂਵਰ ਦੇ ਹਰ ਨਿਵਾਸੀ ਲਈ ਸੁਰੱਖਿਅਤ ਅਤੇ ਵਿਸ਼ਵਾਸਯੋਗ ਮਾਹੌਲ ਬਣਾਉਣ ਲਈ ਕੰਮ ਕਰਨਗੇ। ਲੋਕਾਂ ਦੇ ਭਰੋਸੇ ’ਤੇ ਖਰਾ ਉਤਰਨਾ ਮੇਰੀ ਪਹਿਲ ਹੈ।

ਉਨ੍ਹਾਂ ਦੀ ਨਿਯੁਕਤੀ ਨਾਲ ਸਿੱਖ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਹੈ। ਸਮਾਜਿਕ ਕਾਰਕੁਨਾਂ ਅਤੇ ਆਗੂਆਂ ਨੇ ਇਸ ਕਦਮ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਇਹ ਨਿਰਣਾ ਵੈਨਕੂਵਰ ਦੀ ਬਹੁ-ਸੰਸਕ੍ਰਿਤੀ ਸੰਰਚਨਾ ਨੂੰ ਸਵੀਕਾਰ ਕਰਨ ਅਤੇ ਨੈਤਿਕ ਪ੍ਰਤੀਨਿਧਤਾ ਵਧਾਉਣ ਵੱਲ ਇਕ ਵੱਡਾ ਕਦਮ ਹੈ। ਜ਼ਿਕਰਯੋਗ ਹੈ ਕਿ ਵੈਨਕੂਵਰ ਇੱਕ ਗੁੰਝਲਦਾਰ ਸ਼ਹਿਰ ਬਣ ਗਿਆ ਹੈ, ਜਿੱਥੇ ਗੈਂਗਵਾਰ, ਨਸ਼ੇ ਦੀ ਸਮੱਸਿਆ ਅਤੇ ਭਾਈਚਾਰੇ ਵਿਚ ਦੂਰੀਆਂ ਵਧ ਰਹੀਆਂ ਹਨ। ਸਟੀਵ ਰਾਏ ਤੋਂ ਉਮੀਦ ਕੀਤੀ ਜਾ ਰਹੀ ਹੈ ਕਿ ਉਹ ਆਪਣੇ ਤਜ਼ਰਬੇ ਅਤੇ ਸੱਭਿਆਚਾਰੀ ਸਮਝ ਨਾਲ ਇਨ੍ਹਾਂ ਚੁਣੌਤੀਆਂ ਦਾ ਹੱਲ ਕਰਨਗੇ।

# ਵਿਦੇਸ਼ਾਂ ’ਚ ਭਾਰਤੀਆਂ ਦੀ ਗਿਣਤੀ ਦੇ ਮਾਮਲੇ ’ਚ ਅਮਰੀਕਾ ਪਹਿਲੇ ਸਥਾਨ ’ਤੇ

## ■ ਦੂਜੇ ਨੰਬਰ ’ਤੇ ਯੂ.ਏ.ਈ., ਤੀਜੇ ਨੰਬਰ ’ਤੇ ਮਲੇਸ਼ੀਆ

ਵਾਸ਼ਿੰਗਟਨ, (ਪੰਜਾਬ ਮੇਲ)- ਭਾਰਤ ਦੀ ਕੁੱਲ ਆਬਾਦੀ 144 ਕਰੋੜ ਤੋਂ ਵੱਧ ਹੈ। ਇਹ ਚੀਨ ਨੂੰ ਪਛਾੜ ਕੇ ਪਹਿਲਾਂ ਹੀ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਦੁਨੀਆਂ ਦੇ ਲਗਭਗ ਸਾਰੇ ਦੇਸ਼ਾਂ ’ਚ ਭਾਰਤੀ ਪ੍ਰਵਾਸੀ ਹਨ। ਦੁਨੀਆਂ ਦੀ ਆਬਾਦੀ ’ਚ ਭਾਰਤ ਦਾ ਹਿੱਸਾ 17.76 ਪ੍ਰਤੀਸ਼ਤ ਹੈ, ਜਿਸਦਾ ਅਰਥ ਹੈ ਕਿ ਦੁਨੀਆਂ ਦਾ ਹਰ ਛੇਵਾਂ ਵਿਅਕਤੀ ਭਾਰਤੀ ਹੈ। ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਮਈ 2024 ਤੱਕ ਦੁਨੀਆਂ ਭਰ ’ਚ ਐੱਨ.ਆਰ.ਆਈਜ਼ ਦੀ ਕੁੱਲ ਗਿਣਤੀ ਲਗਭਗ 3 ਕਰੋੜ, 54 ਲੱਖ ਹੈ।

ਕਿਸੇ ਵੀ ਦੇਸ਼ ’ਚ ਰਹਿਣ ਵਾਲੇ ਭਾਰਤੀਆਂ ਦੀ ਗਿਣਤੀ ਦੇ ਮਾਮਲੇ ’ਚ ਅਮਰੀਕਾ ਪਹਿਲੇ ਸਥਾਨ ’ਤੇ ਹੈ। ਵਿਦੇਸ਼ ਮੰਤਰਾਲੇ ਦੀ ਵੈੱਬਸਾਈਟ ’ਤੇ ਦਿੱਤੇ ਗਏ ਅੰਕੜਿਆਂ ਅਨੁਸਾਰ ਅਮਰੀਕਾ ’ਚ 54 ਲੱਖ ਤੋਂ ਵੱਧ ਭਾਰਤੀ ਰਹਿੰਦੇ ਹਨ। 54,09,062 ਵਿਦੇਸ਼ੀ ਭਾਰਤੀ ਹਨ। ਇਨ੍ਹਾਂ ਵਿਚੋਂ ਗੈਰ-ਨਿਵਾਸੀ ਭਾਰਤੀ (ਐੱਨ.ਆਰ.ਆਈ.) 20,77,158 ਹਨ ਅਤੇ ਭਾਰਤੀ ਮੂਲ ਦੇ ਵਿਅਕਤੀ (ਪੀ.ਆਈ.ਓ.) 33,31,904 ਹਨ। ਵਰਲਡ ਪਾਪੂਲੇਸ਼ਨ ਰਿਵਿਊ ਦੇ ਅਨੁਸਾਰ ਅਮਰੀਕਾ ਅਜੇ ਵੀ ਪੂਰੀ ਦੁਨੀਆਂ ਲਈ ਇੱਕ ਸੁਪਨਿਆਂ ਦੀ ਜਗ੍ਹਾ ਬਣਿਆ ਹੋਇਆ ਹੈ। ਇਹੀ ਕਾਰਨ ਹੈ ਕਿ ਦੁਨੀਆਂ ਭਰ ਦੇ ਲੋਕ ਕਾਨੂੰਨੀ ਅਤੇ ਗੈਰ-ਕਾਨੂੰਨੀ ਤਰੀਕਿਆਂ ਨਾਲ ਉੱਥੇ ਜਾਣ ਲਈ ਉਤਸੁਕ ਹਨ। ਭਾਰਤੀ ਵੀ ਉਨ੍ਹਾਂ ਤੋਂ ਵੱਖਰੇ ਨਹੀਂ ਹਨ।

ਸੰਯੁਕਤ ਅਰਬ ਅਮੀਰਾਤ ਦੂਜੇ ਸਥਾਨ ’ਤੇ ਹੈ, ਜਿੱਥੇ ਕੁੱਲ ਆਬਾਦੀ ਦਾ 37.96 ਪ੍ਰਤੀਸ਼ਤ ਭਾਰਤੀ ਹਨ, ਜਦੋਂਕਿ 29,14,127 ਭਾਰਤੀ ਅਤੇ ਭਾਰਤੀ ਮੂਲ ਦੇ ਲੋਕ ਮਲੇਸ਼ੀਆ ’ਚ ਰਹਿ ਰਹੇ ਹਨ। ਮਲੇਸ਼ੀਆ ’ਚ ਭਾਰਤੀਆਂ ਦੀ ਡੂੰਘੀ ਪਹੁੰਚ ਹੈ ਤੇ ਇੱਥੋਂ ਦੇ ਸੱਭਿਆਚਾਰ ਉੱਤੇ ਵੀ ਭਾਰਤੀਅਤਾ ਦਾ ਪ੍ਰਭਾਵ ਦਿਖਾਈ ਦਿੰਦਾ ਹੈ।

ਇਸ ਤੋਂ ਬਾਅਦ ਕੈਨੇਡਾ ਹੈ, ਜੋ ਬਿਹਤਰ ਨੌਕਰੀ ਦੇ ਮੌਕੇ, ਉੱਚ ਜੀਵਨ ਪੱਧਰ ਅਤੇ ਮੁਫਤ ਸਿਹਤ ਸਹੂਲਤਾਂ ਦੇ ਵਾਧੂ ਲਾਭ ਵਰਗੇ ਕਾਰਕਾਂ ਨਾਲ ਭਾਰਤੀਆਂ ਨੂੰ ਆਕਰਸ਼ਿਤ ਕਰਦਾ ਹੈ। ਕੈਨੇਡਾ ’ਚ ਭਾਰਤੀਆਂ ਦੀ ਗਿਣਤੀ ਲਗਭਗ 16,89,055 ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# ਡੋਨਾਲਡ ਟਰੰਪ ਵੱਲੋਂ ਹਾਰਵਰਡ 'ਚ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਦੇ 'ਨਾਮ ਅਤੇ ਦੇਸ਼' ਜਾਣਨ ਦੀ ਬੇਨਤੀ

**ਸਾਨ ਫਰਾਂਸਿਸਕੋ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਹਾਰਵਰਡ ਯੂਨੀਵਰਸਿਟੀ ਵਿਚ ਦਾਖਲ ਹੋਣ ਵਾਲੇ ਹਰ ਅੰਤਰਰਾਸ਼ਟਰੀ ਵਿਦਿਆਰਥੀ ਦਾ ਨਾਮ ਅਤੇ ਮੂਲ ਦੇਸ਼ ਜਾਣਨਾ ਚਾਹੁੰਦੇ ਹਨ। ਇਹ ਮੰਗ ਇੱਕ ਸੰਘੀ ਜੱਜ ਵੱਲੋਂ ਟਰੰਪ ਪ੍ਰਸ਼ਾਸਨ ਨੂੰ ਹਾਰਵਰਡ ਦੀ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲ ਕਰਨ ਦੀ ਯੋਗਤਾ ਨੂੰ ਰੱਦ ਕਰਨ ਤੋਂ ਰੋਕਣ ਤੋਂ ਕੁਝ ਦਿਨ ਬਾਅਦ ਆਈ ਹੈ। ਟਰੰਪ ਨੇ ਟਰੂਥ ਸੋਸ਼ਲ ਪੋਸਟ ਵਿਚ ਕਿਹਾ, "ਅਸੀਂ ਜਾਣਨਾ ਚਾਹੁੰਦੇ ਹਾਂ ਕਿ ਉਹ ਵਿਦੇਸ਼ੀ ਵਿਦਿਆਰਥੀ ਕੌਣ ਹਨ।" ਇਹ ਇੱਕ ਵਾਜਬ ਬੇਨਤੀ ਹੈ ਕਿਉਂਕਿ ਅਸੀਂ ਹਾਰਵਰਡ ਨੂੰ ਅਰਬਾਂ ਡਾਲਰ ਦਿੰਦੇ ਹਾਂ ਅਤੇ ਹਾਰਵਰਡ ਬਿਲਕੁਲ ਵੀ ਅੱਗੇ ਨਹੀਂ ਆ ਰਿਹਾ। ਅਸੀਂ ਉਹ ਨਾਮ ਅਤੇ ਦੇਸ਼ਾਂ ਬਾਰੇ ਜਾਣਨਾ ਚਾਹੁੰਦੇ ਹਾਂ। ਉਨ੍ਹਾਂ ਅੱਗੇ ਕਿਹਾ, "ਹਾਰਵਰਡ ਇਹ ਕਿਉਂ ਨਹੀਂ ਦੱਸ ਰਿਹਾ ਕਿ ਉਨ੍ਹਾਂ ਦੇ ਲਗਭਗ 31 ਪ੍ਰਤੀਸ਼ਤ ਵਿਦਿਆਰਥੀ ਵਿਦੇਸ਼ੀ ਦੇਸ਼ਾਂ ਤੋਂ ਹਨ ਅਤੇ ਫਿਰ ਵੀ ਉਹ ਦੇਸ਼, ਜਿਨ੍ਹਾਂ ਵਿਚੋਂ ਕੁਝ ਅਮਰੀਕਾ ਦੇ ਬਿਲਕੁਲ ਵੀ ਦੋਸਤਾਨਾ ਨਹੀਂ



ਹਨ, ਆਪਣੇ ਵਿਦਿਆਰਥੀਆਂ ਦੀ ਸਿੱਖਿਆ ਲਈ ਕੁਝ ਨਹੀਂ ਦਿੰਦੇ ਅਤੇ ਨਾ ਹੀ ਉਹ ਕਦੇ ਅਜਿਹਾ ਕਰਨ ਦਾ ਇਰਾਦਾ ਰੱਖਦੇ ਹਨ। ਸਾਨੂੰ ਕਿਸੇ ਨੇ ਇਹ ਨਹੀਂ ਦੱਸਿਆ।" ਟਰੰਪ ਨੇ ਆਈ.ਵੀ. ਲੀਗ ਸੰਸਥਾ ਨੂੰ ਹੋਰ ਸੰਘੀ ਫੰਡਿੰਗ ਲਈ ਅਰਜ਼ੀ ਦੇਣਾ ਬੰਦ ਕਰਨ ਲਈ ਵੀ ਕਿਹਾ।

ਵੀਰਵਾਰ ਨੂੰ ਗ੍ਰਹਿ ਸੁਰੱਖਿਆ ਵਿਭਾਗ ਨੇ ਐਲਾਨ ਕੀਤਾ ਕਿ ਉਹ ਹਾਰਵਰਡ ਦੇ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਿਟਰ ਪ੍ਰੋਗਰਾਮ ਮਾਨਤਾ ਨੂੰ ਰੱਦ ਕਰ ਦੇਵੇਗਾ, ਜਿਸ ਨਾਲ ਯੂਨੀਵਰਸਿਟੀ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲ ਕਰਨ ਤੋਂ ਰੋਕਿਆ ਜਾਵੇਗਾ। ਸਾਰੇ ਮੌਜੂਦਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕਿਸੇ ਹੋਰ ਯੂਨੀਵਰਸਿਟੀ ਵਿਚ ਤਬਦੀਲ ਕਰਨਾ ਪਵੇਗਾ ਜਾਂ ਆਪਣੀ ਕਾਨੂੰਨੀ ਸਥਿਤੀ ਗੁਆਉਣੀ ਪਵੇਗੀ। ਹਾਰਵਰਡ ਨੇ ਤੁਰੰਤ ਪ੍ਰਸ਼ਾਸਨ ਵਿਰੁੱਧ ਮੁਕੱਦਮਾ ਦਾਇਰ ਕੀਤਾ ਅਤੇ ਮੈਸੇਚਿਉਸੇਟਸ ਦੇ ਇੱਕ ਸੰਘੀ ਜੱਜ ਨੇ ਸ਼ੁੱਕਰਵਾਰ ਨੂੰ ਇੱਕ ਅਸਥਾਈ ਰੋਕ ਲਗਾਉਣ ਦਾ ਆਦੇਸ਼ ਜਾਰੀ ਕੀਤਾ, ਜਿਸ ਵਿਚ ਸਰਕਾਰ ਨੂੰ ਪੂਰੀ ਸੁਣਵਾਈ ਤੱਕ ਪਾਬੰਦੀ ਲਾਗੂ ਕਰਨ ਤੋਂ ਰੋਕ ਦਿੱਤਾ ਗਿਆ। ਹਾਰਵਰਡ ਦਾ ਡੇਟਾ ਦਰਸਾਉਂਦਾ ਹੈ ਕਿ 2023 ਸਮੈਸਟਰ ਦੇ ਅੰਤ ਤੱਕ ਅੰਤਰਰਾਸ਼ਟਰੀ ਵਿਦਿਆਰਥੀ ਇਸਦੇ ਕੁੱਲ ਦਾਖਲੇ ਦਾ 27 ਪ੍ਰਤੀਸ਼ਤ ਤੋਂ ਵੱਧ ਬਣ ਜਾਣਗੇ। ਯੂਨੀਵਰਸਿਟੀ ਵਰਤਮਾਨ ਵਿਚ 140 ਤੋਂ ਵੱਧ ਦੇਸ਼ਾਂ ਅਤੇ ਖੇਤਰਾਂ ਦੇ ਲਗਭਗ 6,800 ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਿਦਵਾਨਾਂ ਨੂੰ ਦਾਖਲ ਕਰਦੀ ਹੈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਗ੍ਰੈਜੂਏਟ ਪੱਧਰ ਦੀ ਪੜ੍ਹਾਈ ਕਰ ਰਹੇ ਹਨ। ਅੰਤਰਰਾਸ਼ਟਰੀ ਵਿਦਿਆਰਥੀ ਅਮਰੀਕੀ ਉੱਚ ਸਿੱਖਿਆ ਸੰਸਥਾਵਾਂ ਲਈ ਆਮਦਨ ਦਾ ਇੱਕ ਮਹੱਤਵਪੂਰਨ ਸਰੋਤ ਹਨ।

## ਕੈਲਗਰੀ ਈਸਟ ਦੇ ਪੰਜਾਬੀ ਸੰਸਦ ਮੈਂਬਰਾਂ ਨੇ ਅਹੁਦੇ ਦੀ ਸਹੁੰ ਚੁੱਕੀ


**ਕੈਲਗਰੀ, (ਪੰਜਾਬ ਮੇਲ)-** ਕੰਜ਼ਰਵੇਟਿਵ ਪਾਰਟੀ ਆਫ਼ ਕੈਨੇਡਾ ਦੀ ਤਰਫੋਂ ਮੈਂਬਰ ਪਾਰਲੀਮੈਂਟ ਚੁਣੇ ਗਏ ਕੈਲਗਰੀ ਈਸਟ ਦੇ ਸੰਸਦ ਮੈਂਬਰ ਜਸਰਾਜ ਸਿੰਘ ਹੱਲਣ, ਕੈਲਗਰੀ ਸਕਾਈਵਿਊ ਤੋਂ ਅਮਨਪ੍ਰੀਤ ਸਿੰਘ ਗਿੱਲ ਅਤੇ ਕੈਲਗਰੀ ਮੈਕਨਾਈਟ ਤੋਂ



ਦਲਵਿੰਦਰ ਸਿੰਘ ਗਿੱਲ ਨੇ ਆਪਣੇ ਅਹੁੱਦੇ ਦੀ ਸਹੁੰ ਚੁੱਕ ਲਈ ਹੈ। ਇਸ ਸਮੇਂ ਕੈਲਗਰੀ ਤੋਂ ਵੱਡੀ ਗਿਣਤੀ ਵਿਚ ਪੰਜਾਬੀ ਮੂਲ ਦੇ ਮੋਹਤਵਾਰ ਵਿਅਕਤੀ, ਪਾਰਟੀ ਦੀ ਸਹਿਯੋਗੀ ਅਤੇ ਪਾਰਟੀ ਵਰਕਰ ਵੀ ਹਾਜ਼ਰ ਸਨ।

# ਟਰੰਪ ਨੇ ਪੁਤਿਨ ਨੂੰ ਦੱਸਿਆ 'ਪਾਗਲ'!

**ਕਿਹਾ: ਯੂਕਰੇਨ ਨੂੰ ਜਿੱਤਣ ਦੀ ਕੋਸ਼ਿਸ਼ ਹੋਵੇਗੀ ਰੂਸ ਦੇ 'ਪਤਨ' ਦਾ ਕਾਰਨ**



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਪੂਰੀ ਤਰ੍ਹਾਂ ਪਾਗਲ ਦੱਸਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਵਲਾਦੀਮੀਰ ਪੁਤਿਨ ਨੇ ਸਾਰੇ ਯੂਕਰੇਨ ਨੂੰ ਜਿੱਤਣ ਦੀ ਕੋਸ਼ਿਸ਼ ਕੀਤੀ, ਤਾਂ ਇਹ ਰੂਸ ਦੇ 'ਪਤਨ' ਵੱਲ ਲੈ ਜਾਵੇਗਾ। ਉਨ੍ਹਾਂ ਨੇ ਐਤਵਾਰ ਰਾਤ ਨੂੰ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, ਟਰੂਥ ਸੋਸ਼ਲ 'ਤੇ ਕੀਤੀ ਇੱਕ ਪੋਸਟ ਵਿਚ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੇਂਸਕੀ ਦੀ ਵੀ ਆਲੋਚਨਾ ਕੀਤੀ।

ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿਚ ਲਿਖਿਆ, "ਮੇਰੇ ਰੂਸ ਦੇ ਵਲਾਦੀਮੀਰ ਪੁਤਿਨ ਨਾਲ ਹਮੇਸ਼ਾ ਬਹੁਤ ਚੰਗੇ ਸਬੰਧ ਰਹੇ ਹਨ, ਪਰ ਉਨ੍ਹਾਂ ਨਾਲ ਕੁਝ ਅਜਿਹਾ ਹੋਇਆ ਹੈ। ਉਹ ਬਿਲਕੁਲ ਪਾਗਲ ਹੋ ਗਿਆ ਹੈ! ... ਉਹ ਬਿਨਾਂ ਕਿਸੇ ਕਾਰਨ ਬਹੁਤ ਸਾਰੇ ਲੋਕਾਂ ਨੂੰ ਮਾਰ ਰਿਹਾ ਹੈ ਅਤੇ ਮੈਂ ਸਿਰਫ਼ ਸੈਨਿਕਾਂ ਬਾਰੇ ਗੱਲ ਨਹੀਂ ਕਰ ਰਿਹਾ ਹਾਂ।" ਆਪਣੀ ਪੋਸਟ ਵਿਚ ਟਰੰਪ ਨੇ ਜ਼ੇਲੇਂਸਕੀ ਦੀ ਵੀ ਆਲੋਚਨਾ ਕਰਦੇ ਹੋਏ ਕਿਹਾ ਕਿ ਯੂਕਰੇਨੀ ਰਾਸ਼ਟਰਪਤੀ "ਆਪਣੇ ਦੇਸ਼ ਨੂੰ ਉਸ ਤਰ੍ਹਾਂ ਦੀ ਗੱਲ ਕਰਕੇ ਕੋਈ ਲਾਭ ਨਹੀਂ ਦੇ ਰਹੇ, ਜਿਸ ਤਰ੍ਹਾਂ ਉਹ ਕਰਦੇ ਹਨ... ਉਨ੍ਹਾਂ ਦੇ ਮੂੰਹੋਂ ਨਿਕਲਣ ਵਾਲੀ ਹਰ ਚੀਜ਼ ਸਮੱਸਿਆਵਾਂ ਪੈਦਾ ਕਰਦੀ ਹੈ, ਮੈਨੂੰ ਇਹ ਪਸੰਦ ਨਹੀਂ ਹੈ ਅਤੇ ਇਹ ਬੰਦ ਕਰਨਾ ਹੀ ਬਿਹਤਰ ਹੈ।"

ਪੂਰੀ ਪੋਸਟ ਵਿਚ ਉਨ੍ਹਾਂ ਲਿਖਿਆ: "ਮੇਰੇ ਰੂਸ ਦੇ ਵਲਾਦੀਮੀਰ ਪੁਤਿਨ ਨਾਲ ਹਮੇਸ਼ਾ ਬਹੁਤ ਚੰਗੇ ਸਬੰਧ ਰਹੇ ਹਨ, ਪਰ ਉਸ ਨਾਲ ਕੁਝ ਅਜਿਹਾ ਹੋਇਆ ਹੈ। ਉਹ ਬਿਲਕੁਲ ਪਾਗਲ ਹੋ ਗਿਆ ਹੈ! ਉਹ ਬਹੁਤ ਸਾਰੇ ਲੋਕਾਂ ਨੂੰ ਬੇਲੋੜਾ ਮਾਰ ਰਿਹਾ ਹੈ ਅਤੇ ਮੈਂ ਸਿਰਫ਼ ਸੈਨਿਕਾਂ ਬਾਰੇ ਗੱਲ ਨਹੀਂ ਕਰ ਰਿਹਾ। ਯੂਕਰੇਨੀ ਸ਼ਹਿਰਾਂ 'ਤੇ ਬਿਨਾਂ ਕਿਸੇ ਕਾਰਨ ਮਿਜ਼ਾਈਲਾਂ ਅਤੇ ਡਰੋਨ ਦਾਗੇ ਜਾ ਰਹੇ ਹਨ। ਮੈਂ ਹਮੇਸ਼ਾ ਕਿਹਾ ਹੈ ਕਿ ਉਹ ਸਾਰਾ ਯੂਕਰੇਨ ਚਾਹੁੰਦਾ ਹੈ, ਸਿਰਫ਼ ਇਸਦਾ ਇੱਕ ਟੁਕੜਾ ਨਹੀਂ ਅਤੇ ਹੋ ਸਕਦਾ ਹੈ ਕਿ ਇਹ ਸੱਚ ਸਾਬਤ ਹੋ ਰਿਹਾ ਹੈ, ਪਰ ਜੇਕਰ ਉਹ ਅਜਿਹਾ ਕਰਦਾ ਹੈ, ਤਾਂ ਇਹ ਰੂਸ ਦੇ ਪਤਨ ਵੱਲ ਲੈ ਜਾਵੇਗਾ! ਇਸੇ ਤਰ੍ਹਾਂ, ਰਾਸ਼ਟਰਪਤੀ ਜ਼ੇਲੇਂਸਕੀ ਆਪਣੇ ਬੋਲਣ ਦੇ ਤਰੀਕੇ ਨਾਲ ਆਪਣੇ ਦੇਸ਼ ਦਾ ਕੋਈ ਭਲਾ ਨਹੀਂ ਕਰ ਰਹੇ ਹਨ। ਉਨ੍ਹਾਂ ਦੇ ਮੂੰਹੋਂ ਨਿਕਲਣ ਵਾਲੀ ਹਰ ਚੀਜ਼ ਸਮੱਸਿਆਵਾਂ ਪੈਦਾ ਕਰਦੀ ਹੈ, ਮੈਨੂੰ ਇਹ ਪਸੰਦ ਨਹੀਂ ਹੈ ਅਤੇ ਇਹ ਬਿਹਤਰ ਹੋਵੇਗਾ ਜੇਕਰ ਇਸ ਨੂੰ ਰੋਕ ਦਿੱਤਾ ਜਾਵੇ। ਇਹ ਇੱਕ ਅਜਿਹੀ ਜੰਗ ਹੈ, ਜੋ ਜੇਕਰ ਮੈਂ ਰਾਸ਼ਟਰਪਤੀ ਹੁੰਦਾ ਤਾਂ ਕਦੇ ਸ਼ੁਰੂ ਨਾ ਹੁੰਦੀ। ਇਹ ਜ਼ੇਲੇਂਸਕੀ, ਪੁਤਿਨ ਅਤੇ ਬਾਇਡਨ ਦੀ ਜੰਗ ਹੈ, "ਟਰੰਪ ਦੀ ਨਹੀਂ।" ਮੈਂ ਸਿਰਫ਼ ਉਸ ਵੱਡੀ ਅਤੇ ਬਦਸੂਰਤ ਅੱਗ ਨੂੰ ਬੁਝਾਉਣ ਵਿਚ ਮਦਦ ਕਰ ਰਿਹਾ ਹਾਂ, ਜੋ ਘੋਰ ਅਯੋਗਤਾ ਅਤੇ ਨਫ਼ਰਤ ਕਾਰਨ ਲੱਗੀ ਹੈ।

ਟਰੰਪ ਦੀ ਆਲੋਚਨਾ ਅਜਿਹੇ ਸਮੇਂ 'ਤੇ ਆਈ ਹੈ, ਜਦੋਂ ਰੂਸ ਨੇ ਐਤਵਾਰ ਰਾਤ ਨੂੰ ਯੁੱਧ ਦੇ ਹੁਣ ਤੱਕ ਦੇ ਸਭ ਤੋਂ ਵੱਡੇ ਹਵਾਈ ਹਮਲੇ ਵਿਚ 367 ਡਰੋਨ ਅਤੇ ਮਿਜ਼ਾਈਲਾਂ ਨਾਲ ਯੂਕਰੇਨ ਦੀ ਰਾਜਧਾਨੀ ਕੀਵ ਸਮੇਤ ਕਈ ਸ਼ਹਿਰਾਂ 'ਤੇ ਬੰਬਾਰੀ ਕੀਤੀ। ਘੱਟੋ-ਘੱਟ 12 ਲੋਕ ਮਾਰੇ ਗਏ ਅਤੇ ਦਰਜਨਾਂ ਹੋਰ ਜ਼ਖਮੀ ਹੋ ਗਏ। ਟਰੰਪ ਯੂਕਰੇਨ ਵਿਚ ਤਿੰਨ ਸਾਲ ਤੋਂ ਚੱਲ ਰਹੀ ਜੰਗ ਵਿਚ ਦੋਵਾਂ ਧਿਰਾਂ ਨੂੰ ਜੰਗਬੰਦੀ ਲਈ ਸਹਿਮਤ ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਪਿਛਲੇ ਹਫ਼ਤੇ ਪੁਤਿਨ ਨਾਲ ਦੋ ਘੰਟੇ ਤੋਂ ਵੱਧ ਸਮੇਂ ਲਈ ਗੱਲਬਾਤ ਕੀਤੀ। ਉਸਨੇ ਲਗਾਤਾਰ ਹਮਲਿਆਂ ਦੇ ਜਵਾਬ ਵਿਚ ਰੂਸ 'ਤੇ ਹੋਰ ਪਾਬੰਦੀਆਂ ਲਗਾਉਣ ਦੀ ਸੰਭਾਵਨਾ ਪ੍ਰਗਟਾਈ ਹੈ।

Global Allianz
LAW FIRM LLP
ਕਾਨੂੰਨੀ ਸਲਾਹਾਂ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ
Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188
Designed By Punjab Mail USA


EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year Special Sale
Best price guaranteed.
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਕੈਨੇਡਾ 2 ਪੰਜਾਬੀ ਨੌਜਵਾਨਾਂ ਨੂੰ ਕਰੇਗਾ ਡਿਪੋਰਟ!

**ਸਰੀ, (ਪੰਜਾਬ ਮੇਲ)-** ਕੈਨੇਡਾ 2 ਪੰਜਾਬੀ ਨੌਜਵਾਨਾਂ ਨੂੰ ਡਿਪੋਰਟ ਕਰਨ ਜਾ ਰਿਹਾ ਹੈ। ਸਟੱਡੀ ਵੀਜ਼ਾ 'ਤੇ ਕੈਨੇਡਾ ਪੁੱਜੇ ਗਗਨਪ੍ਰੀਤ ਸਿੰਘ ਅਤੇ ਜਗਦੀਪ ਸਿੰਘ ਨੂੰ ਸਜ਼ਾ ਮੁਕੰਮਲ ਹੋਣ ਮਗਰੋਂ ਡਿਪੋਰਟ ਕਰ ਦਿੱਤਾ ਜਾਵੇਗਾ। ਜਾਨਲੇਵਾ ਸੜਕ ਹਾਦਸੇ ਲਈ ਜ਼ਿੰਮੇਵਾਰ ਹੋਣ ਦਾ ਗੁਨਾਹ ਕਬੂਲ ਕਰ ਚੁੱਕੇ ਗਗਨਪ੍ਰੀਤ ਸਿੰਘ ਅਤੇ ਜਗਦੀਪ ਸਿੰਘ ਨੂੰ ਸਜ਼ਾ ਸੁਣਾਉਣ ਦੀ ਪ੍ਰਕਿਰਿਆ ਦੌਰਾਨ ਕਈ ਖ਼ੌਫਨਾਕ ਤੱਥ ਉਭਰ ਕੇ ਸਾਹਮਣੇ ਆ ਰਹੇ ਹਨ। ਸਰਕਾਰੀ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਸਰੀ ਵਿਖੇ ਲਾਲ ਰੰਗ ਦੀ ਫੌਰਡ ਮਸਟੈਂਗ ਵਿਚ ਜਾ ਰਹੇ ਗਗਨਪ੍ਰੀਤ ਅਤੇ ਜਗਦੀਪ ਨੇ ਇਕ ਸ਼ਖਸ ਨੂੰ ਟੱਕਰ ਮਾਰੀ ਅਤੇ ਬਗੈਰ ਪ੍ਰਵਾਹ ਕੀਤਿਆਂ ਅੱਗੇ ਵਧ ਗਏ। ਹਾਦਸਾ 27 ਜਨਵਰੀ 2024 ਨੂੰ ਵੱਡੇ ਤੜਕੇ ਵਾਪਰਿਆ ਅਤੇ ਟੱਕਰ ਮਗਰੋਂ ਪੈਦਲ ਸ਼ਖਸ ਗੱਡੀ ਹੇਠ ਫਸ ਗਿਆ ਪਰ ਕਿਸੇ ਨੇ ਕੋਈ ਧਿਆਨ ਨਾ ਦਿੱਤਾ।

- ਜਾਨਲੇਵਾ ਸੜਕ ਹਾਦਸੇ ਲਈ ਜ਼ਿੰਮੇਵਾਰ ਹੋਣ ਦਾ ਗੁਨਾਹ ਕੀਤਾ ਸੀ ਕਬੂਲ
- 16 ਜੁਲਾਈ ਨੂੰ ਸੁਣਾਈ ਜਾਵੇਗੀ ਸਜ਼ਾ




ਗੱਡੀ ਹੇਠ ਫਸੇ ਸ਼ਖਸ ਨੂੰ ਸਵਾ ਕਿਲੋਮੀਟਰ ਤੱਕ ਘੜੀਸਿਆ ਗਿਆ ਅਤੇ ਜਦੋਂ ਤੱਕ ਗੱਡੀ ਰੁਕੀ, ਉਸ ਦੀ ਮੌਤ ਹੋ ਚੁੱਕੀ ਸੀ। ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਗਗਨਪ੍ਰੀਤ ਨੇ ਸਰੀ ਦੀ 132ਵੀਂ ਸਟ੍ਰੀਟ ਵਿਚ ਗੱਡੀ ਹੇਠੋਂ ਲਾਸ਼ ਕੱਢਣ ਦਾ ਯਤਨ ਕੀਤਾ ਪਰ ਨਾਕਾਮ ਰਿਹਾ। ਇਸ ਮਗਰੋਂ ਉਹ ਗੱਡੀ ਨੂੰ ਇਕ ਬੰਦ ਗਲੀ ਵਿਚ ਲੈ ਗਏ ਅਤੇ ਕਾਰ ਹੇਠ ਫਸੀ ਲਾਸ਼ ਨੂੰ ਕੱਢ ਦਿੱਤਾ। ਅਦਾਲਤ 'ਚ ਇਕ ਸਰਵੇਲੈਂਸ ਵੀਡੀਓ ਵੀ ਪੇਸ਼ ਕੀਤੀ ਗਈ, ਜਿਸ ਵਿਚ ਜਗਦੀਪ ਗੱਡੀ ਨੂੰ ਰਿਵਰਸ ਕਰਦਾ ਹੈ, ਜਦਕਿ ਗਗਨਪ੍ਰੀਤ ਲਾਸ਼ ਨੂੰ ਖਿੱਚ ਕੇ ਰੱਖਦਾ ਹੈ ਅਤੇ ਇਸੇ ਦੌਰਾਨ ਲਾਸ਼ ਗੱਡੀ ਤੋਂ ਵੱਖ ਹੋ ਜਾਂਦੀ ਹੈ। ਗਗਨਪ੍ਰੀਤ ਦੇ ਹੱਥ ਤੋਂ ਮਰਨ ਵਾਲੇ ਦਾ ਡੀ.ਐੱਨ.ਏ. ਵੀ ਮਿਲਿਆ। ਸਰਕਾਰੀ ਵਕੀਲ ਨੇ ਕਿਹਾ ਕਿ ਇਸ ਤੋਂ ਘਿਨਾਉਣਾ ਕੁਝ ਨਹੀਂ ਹੋ ਸਕਦਾ ਕਿ ਹਾਦਸੇ ਤੋਂ ਬਾਅਦ ਪੀੜਤ ਦੀ ਮਦਦ ਕਰਨ ਦੀ ਬਜਾਏ ਉਸ ਨੂੰ ਘੜੀਸ-ਘੜੀਸ ਕੇ ਮੌਤ ਦੇ ਦਰਵਾਜ਼ੇ ਤੱਕ ਪਹੁੰਚਾ ਦਿੱਤਾ ਗਿਆ। ਇਸੇ ਦੌਰਾਨ ਜਾਨ ਗਵਾਉਣ ਵਾਲੇ ਦੀ ਵਿਧਵਾ ਨੇ ਕਿਹਾ ਕਿ ਉਸ ਦੇ ਪਤੀ ਨਾਲ ਕੂੜੇ ਦੇ ਢੇਰ ਵਰਗਾ ਵਰਤਾਉ ਕੀਤਾ ਗਿਆ। ਮਰਨ ਵਾਲਾ ਸ਼ਖਸ ਕੈਨੇਡੀਅਨ ਮੂਲ ਬਾਸ਼ਿੰਦਿਆਂ ਨਾਲ ਸਬੰਧਤ ਸੀ ਅਤੇ ਉਸ ਨੂੰ ਮੁਕੰਮਲ ਰਸਮਾਂ ਤੋਂ ਬਗੈਰ ਹੀ ਦਫ਼ਨ ਕਰ ਦਿੱਤਾ ਗਿਆ। ਵਿਧਵਾ ਨੇ ਦੋਸ਼ ਲਾਇਆ ਕਿ ਗੱਡੀ ਵਿਚ ਸਵਾਰ ਤਿੰਨ ਜਣਿਆਂ ਵਿਚੋਂ ਕਿਸੇ ਨੇ ਵੀ ਅਫਸੋਸ ਜਾਂ ਮੁਆਫ਼ੀ ਦਾ ਇਕ ਸ਼ਬਦ ਮੂੰਹੋਂ ਨਾ ਕੱਢਿਆ। ਉਧਰ ਗਗਨਪ੍ਰੀਤ ਅਤੇ ਜਗਦੀਪ ਨੇ ਅਦਾਲਤ ਵਿਚ ਪੀੜਤ ਪਰਿਵਾਰ ਤੋਂ ਮੁਆਫ਼ੀ ਮੰਗੀ। ਗਗਨਪ੍ਰੀਤ ਨੇ ਕਿਹਾ ਕਿ ਕਿਸੇ ਨੂੰ ਨੁਕਸਾਨ ਪਹੁੰਚਾਉਣ ਦਾ ਇਰਾਦਾ ਬਿਲਕੁਲ ਨਹੀਂ ਸੀ ਪਰ ਸਭ ਕੁਝ ਅਚਨਚੇਤ ਵਾਪਰ ਗਿਆ। ਸਰਕਾਰੀ ਵਕੀਲ ਅਤੇ ਬਚਾਅ ਪੱਖ ਦੇ ਵਕੀਲ ਵੱਲੋਂ ਗਗਨਪ੍ਰੀਤ ਨੂੰ ਤਿੰਨ ਸਾਲ ਲਈ ਜੇਲ੍ਹ ਭੇਜਣ ਦੀ ਅਪੀਲ ਕੀਤੀ ਗਈ ਹੈ। ਗਗਨਪ੍ਰੀਤ ਦੇ ਵਕੀਲ ਨੇ ਅਦਾਲਤ 'ਚ ਦਲੀਲ ਦਿੱਤੀ ਕਿ ਉਸ ਦੇ ਮੁਵੱਕਲ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਅਤੇ ਉਹ ਆਪਣਾ ਗੁਨਾਹ ਵੀ ਕਬੂਲ ਕਰ ਚੁੱਕਾ ਹੈ। ਦੂਜੇ ਪਾਸੇ ਸਰਕਾਰੀ ਵਕੀਲ ਨੇ ਕਿਹਾ ਕਿ ਜਗਦੀਪ ਸਿੰਘ ਨੂੰ ਚਾਰ ਸਾਲ ਕੈਦ ਦੀ ਸਜ਼ਾ ਮਿਲਣੀ ਚਾਹੀਦੀ ਹੈ, ਜਿਸ ਨੇ ਹਾਦਸੇ ਬਾਅਦ ਵਿਵਾਦਤ ਟਿੱਪਣੀਆਂ ਜਾਰੀ ਰੱਖੀਆਂ। ਇਸ ਦੇ ਉਲਟ ਜਗਦੀਪ ਦੇ ਵਕੀਲ ਨੇ ਕਿਹਾ ਕਿ ਉਸ ਦੇ ਮੁਵੱਕਲ ਨੂੰ ਹਾਦਸੇ 'ਤੇ ਬੇਹੱਦ ਅਫ਼ਸੋਸ ਹੈ ਅਤੇ ਪਹਿਲਾਂ ਕਦੇ ਵੀ ਉਸ ਤੋਂ ਅਜਿਹਾ ਅਪਰਾਧ ਨਹੀਂ ਹੋਇਆ। ਅਦਾਲਤ ਵੱਲੋਂ ਸਜ਼ਾ ਦਾ ਐਲਾਨ 16 ਜੁਲਾਈ ਨੂੰ ਕੀਤਾ ਜਾਵੇਗਾ ਅਤੇ ਇਸ ਮਗਰੋਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੋਹਾਂ ਨੂੰ ਡਿਪੋਰਟ ਕਰਨ ਦੀ ਪ੍ਰਕਿਰਿਆ ਆਰੰਭੇਗੀ।

# ਅਦਾਲਤ ਵੱਲੋਂ ਹਾਰਵਰਡ 'ਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ 'ਤੇ ਰੋਕ ਲਗਾਉਣ ਦੇ ਟਰੰਪ ਪ੍ਰਸ਼ਾਸਨ ਦੇ ਫੈਸਲੇ 'ਤੇ ਰੋਕ

**ਵਾਸ਼ਿੰਗਟਨ, (ਪੰਜਾਬ ਮੇਲ)-** ਇਥੋਂ ਦੇ ਇੱਕ ਸੰਘੀ ਜੱਜ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲ ਕਰਨ ਦੀ ਹਾਰਵਰਡ ਯੂਨੀਵਰਸਿਟੀ ਦੀ ਯੋਗਤਾ ਨੂੰ ਰੱਦ ਕਰਨ ਦੇ ਟਰੰਪ ਪ੍ਰਸ਼ਾਸਨ ਦੇ ਫੈਸਲੇ ਨੂੰ ਰੋਕ ਦਿੱਤਾ ਹੈ। ਅਦਾਲਤ ਨੇ ਫਿਲਹਾਲ ਇਸ ਮਾਮਲੇ 'ਤੇ ਅਸਥਾਈ ਰੋਕ ਲਾਈ ਹੈ। ਜ਼ਿਕਰਯੋਗ ਹੈ ਕਿ ਹਾਰਵਰਡ ਯੂਨੀਵਰਸਿਟੀ ਨੇ ਮੈਸਾਚਿਊਸੇਟਸ ਦੀ ਅਮਰੀਕੀ ਜ਼ਿਲ੍ਹਾ ਅਦਾਲਤ ਵਿਚ ਕੇਸ ਦਾਇਰ ਕਰਕੇ ਟਰੰਪ ਪ੍ਰਸ਼ਾਸਨ ਦੇ

- ਟਰੰਪ ਪ੍ਰਸ਼ਾਸਨ ਨੇ ਸਟੂਡੈਂਟ ਐਕਸਚੇਂਜ ਵਿਜ਼ਟਰ ਪ੍ਰੋਗਰਾਮ ਦੀ ਮਾਨਤਾ ਕੀਤੀ ਸੀ ਰੱਦ

ਹੁਕਮਾਂ ਨੂੰ ਚੁਣੌਤੀ ਦਿੱਤੀ ਸੀ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਪ੍ਰਸ਼ਾਸਨ ਨੇ ਹਾਰਵਰਡ ਯੂਨੀਵਰਸਿਟੀ ਦੇ ਸਟੂਡੈਂਟ ਐਕਸਚੇਂਜ ਵਿਜ਼ਟਰ ਪ੍ਰੋਗਰਾਮ (ਐੱਸ.ਈ.ਵੀ.ਪੀ.) ਦੀ ਮਾਨਤਾ ਰੱਦ ਕਰ ਦਿੱਤੀ ਸੀ, ਜਿਸ ਤਹਿਤ ਯੂਨੀਵਰਸਿਟੀ 2025-2026 ਸਿੱਖਿਆ ਸੈਸ਼ਨ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਨਹੀਂ ਕਰ ਸਕੇਗੀ।

ਅਮਰੀਕੀ ਪ੍ਰਸ਼ਾਸਨ ਨੇ ਨਾਲ ਹੀ ਚਿਤਾਵਨੀ ਦਿੱਤੀ ਸੀ ਕਿ ਨਿਊਯਾਰਕ ਦੀ ਕੋਲੰਬੀਆ ਯੂਨੀਵਰਸਿਟੀ ਖ਼ਿਲਾਫ਼ ਵੀ ਅਜਿਹੀ ਕਾਰਵਾਈ ਹੋ ਸਕਦੀ ਹੈ।


## MATRIMONIAL

South Indian man, 65, (Look's 50) , 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052

855

## ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'-9", ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ 'ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।
ਵਟਸਐੱਪ ਨੰਬਰ : (706) 206-2516

845

ਰੋਜ਼ਾਨਾ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com



ਪੰਜਾਬ ਮੇਲ USA

# ਪੰਜਾਬ 'ਚ ਦੇਸ਼ ਦੀ ਪਹਿਲੀ 'ਈਜ਼ੀ ਰਜਿਸਟਰੀ' ਪ੍ਰਣਾਲੀ ਦੀ ਸ਼ੁਰੂਆਤ

**■ ਸਿਰਫ਼ 48 ਘੰਟਿਆਂ ਵਿਚ ਮੁਕੰਮਲ ਹੋਵੇਗੀ ਰਜਿਸਟਰੀ ਦੀ ਪ੍ਰਕਿਰਿਆ**



ਸਮਾਗਮ ਨੂੰ ਸੰਬੋਧਨ ਕਰਦੇ ਹੋਏ 'ਆਪ' ਮੁਖੀ ਅਰਵਿੰਦ ਕੇਜਰੀਵਾਲ।

ਐੱਸ.ਏ.ਐੱਸ. ਨਗਰ (ਮੁਹਾਲੀ), (ਪੰਜਾਬ ਮੇਲ)- ਪੰਜਾਬ ਦੀ 'ਆਪ' ਸਰਕਾਰ ਵੱਲੋਂ 'ਈਜ਼ੀ ਰਜਿਸਟਰੀ' ਪ੍ਰਣਾਲੀ (ਜ਼ਮੀਨ-ਜਾਇਦਾਦ ਦੀ ਰਜਿਸਟਰੀ ਸੌਖੇ ਢੰਗ ਨਾਲ ਕਰਨ) ਦੀ ਸ਼ੁਰੂਆਤ ਕੀਤੀ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਇਸ ਦੀ ਸ਼ੁਰੂਆਤ ਕੀਤੀ। ਇਸ ਬਾਰੇ ਮਾਨ ਨੇ ਕਿਹਾ ਕਿ ਹੁਣ ਲੰਬੀਆਂ ਲਾਈਨਾਂ ਤੇ ਵਿਚੋਲਿਆਂ ਦਾ ਦੌਰ ਖ਼ਤਮ ਹੋ ਗਿਆ ਹੈ। ਇਸੇ ਤਰ੍ਹਾਂ ਕੇਜਰੀਵਾਲ ਨੇ ਭ੍ਰਿਸ਼ਟਾਚਾਰ ਖ਼ਤਮ ਅਤੇ ਪਾਰਦਰਸ਼ਤਾ ਸ਼ੁਰੂ ਹੋਣ ਦਾ ਦਾਅਵਾ ਕੀਤਾ। ਕੇਜਰੀਵਾਲ ਨੇ ਕਿਹਾ, 'ਪੰਜਾਬ ਦੇ ਇਤਿਹਾਸ ਵਿਚ ਇਹ ਇਨਕਲਾਬੀ ਕਦਮ ਹੈ। ਲੋਕਾਂ ਨੂੰ ਹੁਣ ਦਫ਼ਤਰਾਂ ਵਿਚ ਖੱਜਲ-ਖੁਆਰ ਨਹੀਂ ਹੋਣਾ ਪਵੇਗਾ ਅਤੇ ਨਾ ਹੀ ਏਜੰਟਾਂ ਜਾਂ ਦਲਾਲਾਂ ਨਾਲ ਵਾਹ ਪਵੇਗਾ। ਹੁਣ ਸ਼ੁਰੂ ਤੋਂ ਲੈ ਕੇ ਅੰਤ ਤੱਕ ਹਰ ਜਾਣਕਾਰੀ ਮੋਬਾਈਲ 'ਤੇ ਮਿਲਿਆ ਕਰੇਗੀ। ਸਿਰਫ਼ 48 ਘੰਟਿਆਂ ਵਿਚ ਰਜਿਸਟਰੀ ਦੀ ਪ੍ਰਕਿਰਿਆ ਮੁਕੰਮਲ ਹੋ ਜਾਵੇਗੀ।'

ਕੇਜਰੀਵਾਲ ਨੇ ਕਿਹਾ ਕਿ ਦਸਤਾਵੇਜ਼ ਤਿਆਰ ਕਰਨ ਲਈ ਹੈਲਪਲਾਈਨ ਨੰਬਰ-1076 ਰਾਹੀਂ ਸੇਵਾ ਸਹਾਇਕਾਂ ਨੂੰ ਘਰ ਵੀ ਬੁਲਾਇਆ ਜਾ ਸਕਦਾ ਹੈ। ਇਸ ਨਾਲ ਪੇਂਡੂ ਪਰਿਵਾਰਾਂ, ਸੀਨੀਅਰ ਨਾਗਰਿਕਾਂ, ਕੰਮਕਾਜ ਵਾਲੇ ਪੇਸ਼ੇਵਰਾਂ ਅਤੇ ਬਾਹਰ ਨਾ ਜਾ ਸਕਣ ਵਾਲਿਆਂ ਨੂੰ ਵੱਡੀ ਸਹੂਲਤ ਮਿਲੇਗੀ।

ਉਨ੍ਹਾਂ ਕਿਹਾ ਕਿ ਨਵੀਂ ਪ੍ਰਣਾਲੀ ਤਹਿਤ ਲੋਕਾਂ ਨੂੰ ਰਜਿਸਟਰੀ ਲਈ ਦਸਤਾਵੇਜ਼ ਜਮ੍ਹਾਂ ਕਰਵਾਉਣ, ਪ੍ਰਵਾਨਗੀ, ਅਦਾਇਗੀ ਅਤੇ ਦਫ਼ਤਰ ਆਉਣ ਦਾ ਸਮਾਂ ਲੈਣ ਜਿਹੀ ਸਾਰੀ ਜਾਣਕਾਰੀ ਵਟਸਐਪ ਰਾਹੀਂ ਮਿਲਿਆ ਕਰੇਗੀ। ਉਨ੍ਹਾਂ ਕਿਹਾ ਕਿ ਹੁਣ ਬੇਯਕੀਨੀ ਦਾ ਦੌਰ ਖ਼ਤਮ ਹੋ ਗਿਆ ਹੈ, ਜਿਸ ਨਾਲ ਸਿਸਟਮ ਵਿਚ ਲੋਕਾਂ ਦਾ ਭਰੋਸਾ ਹੋਰ ਵਧੇਗਾ। ਉਨ੍ਹਾਂ ਕਿਹਾ ਕਿ ਆਨਲਾਈਨ ਦਸਤਾਵੇਜ਼ ਜਮ੍ਹਾਂ ਕਰਵਾਉਣ, ਡਿਜੀਟਲ ਵਿਧੀ ਨਾਲ ਅਗਾਊਂ ਪੜਤਾਲ ਕਰਨ ਅਤੇ ਰਜਿਸਟਰੀ ਲਈ ਸਬ-ਰਜਿਸਟਰਾਰ ਦਫ਼ਤਰ ਜਾਣ ਲਈ ਖ਼ੁਦ ਹੀ ਸਮੇਂ ਦੀ ਚੋਣ ਕਰਨ ਵਰਗੀਆਂ ਸਹੂਲਤਾਂ ਹੋਣਗੀਆਂ ਅਤੇ ਕਿਸੇ ਵੀ ਨਾਗਰਿਕ ਨੂੰ ਹੁਣ ਲੰਮੀਆਂ ਲਾਈਨਾਂ ਵਿਚ ਲੱਗਣ ਅਤੇ ਦਫ਼ਤਰਾਂ ਦੇ ਵਾਰ-ਵਾਰ ਗੇੜੇ ਮਾਰਨ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ 48 ਘੰਟਿਆਂ ਦੇ ਅੰਦਰ ਅਗਾਊਂ ਪੜਤਾਲ ਕਰਨੀ ਹੋਵੇਗੀ ਅਤੇ ਰਜਿਸਟਰੀ ਕਰਵਾਉਣ ਲਈ ਉਡੀਕ ਨਹੀਂ ਕਰਨੀ ਪਵੇਗੀ, ਸਗੋਂ ਰਜਿਸਟਰੀ ਪਹਿਲਾਂ ਤੋਂ ਨਿਰਧਾਰਿਤ ਸਮੇਂ 'ਤੇ ਹੋਵੇਗੀ, ਜਿਸ ਨਾਲ ਲੋਕਾਂ ਦਾ ਸਮਾਂ ਬਚੇਗਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਸ ਵਿਵਸਥਾ ਨਾਲ ਏਜੰਟ ਕਲਚਰ ਦਾ ਖ਼ਾਤਮਾ ਹੋ ਗਿਆ ਹੈ ਕਿਉਂਕਿ ਹੁਣ ਨਗਦੀ ਦੀ ਥਾਂ ਆਨਲਾਈਨ ਫੀਸ ਦਾ ਭੁਗਤਾਨ ਹੋਵੇਗਾ ਅਤੇ ਰਿਸ਼ਵਤ ਮੰਗਣ ਬਾਰੇ ਸ਼ਿਕਾਇਤ ਦੇਣ ਲਈ ਵਟਸਐਪ ਨੰਬਰ ਦੀ ਸ਼ੁਰੂਆਤ ਕੀਤੀ ਗਈ ਹੈ। ਸੇਲਡੀਡ ਦਾ ਖਰੜਾ ਖ਼ੁਦ ਤਿਆਰ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਸੇਵਾ ਸਹਾਇਕਾਂ ਰਾਹੀਂ ਘਰ ਬੈਠਿਆਂ ਰਜਿਸਟਰੀ ਦੇ ਦਸਤਾਵੇਜ਼ ਤਿਆਰ ਕਰਨ ਲਈ ਸੇਵਾਵਾਂ ਹਾਸਲ ਹੋਣਗੀਆਂ। ਜਿਸ ਨਾਲ ਲੋਕਾਂ ਨੂੰ ਸੇਲਡੀਡ ਤਿਆਰ ਕਰਨ ਲਈ ਪ੍ਰਾਈਵੇਟ ਲੋਕਾਂ ਅਤੇ ਵਿਚੋਲਿਆਂ ਰਾਹੀਂ ਵਸੂਲੀਆਂ ਜਾਂਦੀਆਂ ਮੋਟੀਆਂ ਫੀਸਾਂ ਨਹੀਂ ਦੇਣੀਆਂ ਪੈਣਗੀਆਂ।

## ਡਾ. ਮਨਮੋਹਨ ਸਿੰਘ ਦੀ ਤਸਵੀਰ ਅਜਾਇਬ ਘਰ 'ਚ ਲਗਾਉਣ ਦੇ ਮਾਮਲੇ 'ਤੇ ਮੁੜ ਵਿਚਾਰ ਕਰੇਗੀ ਸ਼੍ਰੋਮਣੀ ਕਮੇਟੀ



ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ 'ਚ ਲਗਾਉਣ ਦੇ ਮਾਮਲੇ ਨੂੰ ਮੁੜ ਵਿਚਾਰਨ ਲਈ ਇਸ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਹੋਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਡਾ. ਮਨਮੋਹਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਦਾ ਫੈਸਲਾ ਕੀਤਾ ਸੀ, ਜਿਸ 'ਤੇ ਵੱਖ-ਵੱਖ ਧਿਰਾਂ ਵੱਲੋਂ ਇਤਰਾਜ ਆਉਣ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ ਨੂੰ ਫਿਲਹਾਲ ਮੁਲਤਵੀ ਰੱਖਣ ਦਾ ਆਦੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ ਅਤੇ ਇਸ ਮਾਮਲੇ ਸਬੰਧੀ ਸਿੱਖਾਂ ਅੰਦਰ ਆਮ ਰਾਏ ਬਣਨੀ ਜ਼ਰੂਰੀ ਹੈ। ਸ਼੍ਰੋਮਣੀ ਕਮੇਟੀ ਸਕੱਤਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਤਸਵੀਰ ਲਗਾਉਣ ਦੇ ਇਸ ਫੈਸਲੇ ਬਾਰੇ ਅੰਤ੍ਰਿੰਗ ਕਮੇਟੀ 'ਚ ਮੁੜ ਵਿਚਾਰ ਕੀਤਾ ਜਾਵੇਗਾ।

## ਵਿਧਾਇਕ ਰਮਨ ਅਰੋੜਾ ਖਿਲਾਫ ਕਾਰਵਾਈ ਮਗਰੋਂ ਹੋਰ ਵਿਧਾਇਕ ਤੇ ਨੇਤਾ ਵੀ ਸਰਕਾਰ ਦੀ ਰਾਡਾਰ 'ਤੇ!

ਜਲੰਧਰ, (ਪੰਜਾਬ ਮੇਲ)- ਵਿਜੀਲੈਂਸ ਬਿਊਰੋ ਵੱਲੋਂ ਆਮ ਆਦਮੀ ਪਾਰਟੀ ਦੇ ਜਲੰਧਰ ਕੇਂਦਰੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਰਮਨ ਅਰੋੜਾ ਖ਼ਿਲਾਫ਼ ਕੀਤੀ ਗਈ ਕਾਰਵਾਈ ਤੋਂ ਬਾਅਦ ਪੰਜਾਬ ਦੇ ਮੰਤਰੀ ਅਤੇ ਵਿਧਾਇਕ ਅਤੇ ਹੋਰ ਨੇਤਾ ਸਹਿਮ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਵਿਜੀਲੈਂਸ ਦੀ ਕਾਰਵਾਈ ਹੁਣ ਰੁੱਕਣ ਵਾਲੀ ਨਹੀਂ ਹੈ। ਇਸ 'ਚ ਭਾਵੇਂ ਸੱਤਾਧਾਰੀ ਪਾਰਟੀ ਨਾਲ ਸਬੰਧ ਰੱਖਦੇ ਨੇਤਾ ਹੋਣ ਜਾਂ ਫਿਰ ਪਿਛਲੀਆਂ ਸਰਕਾਰਾਂ ਨਾਲ ਸਬੰਧ ਰੱਖਦੇ ਨੇਤਾ।

ਮੁੱਖ ਮੰਤਰੀ ਕਈ ਵਾਰ ਕਹਿ ਚੁੱਕੇ ਹਨ ਕਿ ਸਾਬਕਾ ਸਰਕਾਰਾਂ ਦੀਆਂ ਫਾਈਲਾਂ ਉਨ੍ਹਾਂ ਕੋਲ ਪਈਆਂ ਹੋਈਆਂ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਭ੍ਰਿਸ਼ਟਾਚਾਰ ਕਿੰਨੇ ਵੱਡੇ ਪੱਧਰ 'ਤੇ ਫੈਲਿਆ ਹੋਇਆ ਸੀ। ਹੁਣ ਉਨ੍ਹਾਂ ਨੇ ਆਪਣੇ ਵਿਧਾਇਕ ਰਮਨ ਅਰੋੜਾ ਖ਼ਿਲਾਫ਼ ਕਾਰਵਾਈ ਕਰਵਾ ਦਿੱਤੀ ਹੈ। ਵਿਜੀਲੈਂਸ ਬਿਊਰੋ ਇਸ ਸਮੇਂ ਮੁੱਖ ਮੰਤਰੀ ਦੇ ਅਧੀਨ ਹੈ, ਕਿਉਂਕਿ ਗ੍ਰਹਿ ਵਿਭਾਗ ਮੁੱਖ ਮੰਤਰੀ ਦੇ ਕੋਲ ਹੈ।

ਹੁਣ ਤੱਕ ਵਿਰੋਧੀ ਪਾਰਟੀਆਂ ਸਰਕਾਰ 'ਤੇ ਦੋਸ਼ ਲਾ ਰਹੀਆਂ ਸਨ ਕਿ ਉਹ ਸਿਆਸੀ ਬਦਲੇ ਦੀ ਭਾਵਨਾ ਨਾਲ ਕਾਰਵਾਈ ਕਰ ਰਹੀ ਹੈ ਪਰ ਹੁਣ ਸਰਕਾਰ ਨੇ ਆਪਣੇ ਵਿਧਾਇਕ ਖ਼ਿਲਾਫ਼ ਵਿਜੀਲੈਂਸ ਕਾਰਵਾਈ ਕਰਵਾ ਦਿੱਤੀ ਹੈ, ਜਿਸ ਨਾਲ ਸਿਆਸੀ ਹਲਕਿਆਂ 'ਚ ਭਾਰੀ ਹੜਕੰਪ ਮੱਚ ਗਿਆ ਹੈ। ਸੱਤਾਧਾਰੀ ਖੇਮੇ 'ਚ ਚਰਚਾ ਚੱਲ ਰਹੀ ਹੈ ਕਿ ਆਉਣ ਵਾਲੇ ਦਿਨਾਂ 'ਚ ਕੁਝ ਹੋਰ ਨੇਤਾਵਾਂ ਦੇ ਵਿਰੁੱਧ ਵਿਜੀਲੈਂਸ ਦੀ ਕਾਰਵਾਈ ਹੋ ਸਕਦੀ ਹੈ। ਵਿਜੀਲੈਂਸ ਚੁੱਪਚਾਪ ਭ੍ਰਿਸ਼ਟਾਚਾਰ 'ਚ ਸ਼ਾਮਲ ਨੇਤਾਵਾਂ ਬਾਰੇ ਰਿਪੋਰਟਾਂ ਤਿਆਰ ਕਰ ਰਹੀ ਹੈ। ਸੱਤਾਧਾਰੀ ਪਾਰਟੀ ਨਾਲ ਸੰਬੰਧ ਰੱਖਦੇ ਅੱਧਾ ਦਰਜਨ ਵਿਧਾਇਕ ਵਿਜੀਲੈਂਸ ਦੇ ਨਿਸ਼ਾਨੇ 'ਤੇ ਚੱਲ ਰਹੇ ਹਨ।

ਮੁੱਖ ਮੰਤਰੀ ਨੇ ਇਹ ਸੰਕੇਤ ਵੀ ਦੇ ਦਿੱਤੇ ਹਨ ਕਿ ਭਾਵੇਂ ਆਪਣੇ ਹੋਣ ਜਾਂ ਬੇਗਾਨੇ, ਜਿਸ ਨੇ ਵੀ ਭ੍ਰਿਸ਼ਟਾਚਾਰ ਕੀਤਾ ਹੈ, ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਹ ਵੀ ਚਰਚਾ ਸਰਕਾਰੀ ਹਲਕਿਆਂ 'ਚ ਵੇਖੀ ਗਈ ਹੈ ਕਿ ਹਾਲਾਂਕਿ 2027 'ਚ ਵਿਧਾਨ ਸਭਾ ਦੀਆਂ ਚੋਣਾਂ ਹੋਣੀਆਂ ਹਨ, ਉਸ ਤੋਂ ਪਹਿਲਾਂ ਸਰਕਾਰ ਜਨਤਾ 'ਚ ਇਹ ਸੁਨੇਹਾ ਦੇਣਾ ਚਾਹੁੰਦੀ ਹੈ ਕਿ ਉਹ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਲੈ ਕੇ ਕੋਈ ਸਮਝੌਤਾ ਨਹੀਂ ਕਰ ਰਹੀ ਹੈ। 'ਆਪ' ਵਿਧਾਇਕ ਦੇ ਵਿਰੁੱਧ ਕਾਰਵਾਈ ਮਗਰੋਂ ਕਈ ਵਿਰੋਧੀ ਨੇਤਾਵਾਂ ਦੀਆਂ ਨੀਂਦਾਂ ਵੀ ਉੱਡ ਗਈਆਂ ਹਨ, ਜਿਨ੍ਹਾਂ ਦੇ ਵਿਰੁੱਧ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ।



# ਚਾਰ ਸੂਬਿਆਂ ਦੀਆਂ ਪੰਜ ਵਿਧਾਨ ਸਭਾ ਸੀਟਾਂ ’ਤੇ ਜ਼ਿਮਨੀ ਚੋਣਾਂ ਦਾ ਐਲਾਨ

**■ 19 ਜੂਨ ਨੂੰ ਪੈਣਗੀਆਂ ਵੋਟਾਂ; ਨਤੀਜੇ 23 ਜੂਨ ਨੂੰ**



**ਨਵੀਂ ਦਿੱਲੀ, (ਪੰਜਾਬ ਮੇਲ)**- ਚੋਣ ਕਮਿਸ਼ਨ ਨੇ ਚਾਰ ਸੂਬਿਆਂ ਪੰਜਾਬ, ਗੁਜਰਾਤ, ਕੇਰਲਾ ਅਤੇ ਪੱਛਮੀ ਬੰਗਾਲ ਦੀਆਂ ਪੰਜ ਵਿਧਾਨ ਸਭਾ ਸੀਟਾਂ ’ਤੇ ਜ਼ਿਮਨੀ ਚੋਣਾਂ ਦਾ ਐਲਾਨ ਕੀਤਾ ਹੈ। ਸਾਰੀਆਂ ਸੀਟਾਂ ’ਤੇ 19 ਜੂਨ ਨੂੰ ਵੋਟਾਂ ਪੈਣਗੀਆਂ ਅਤੇ ਨਤੀਜੇ 23 ਜੂਨ ਨੂੰ ਆਉਣਗੇ। ਵੋਟਾਂ ਗੁਜਰਾਤ ਦੇ ਕਡੀ ਤੇ ਵਿਸਾਵਦਰ, ਕੇਰਲਾ ਦੀ ਨਿਲਾਂਬਰ, ਪੰਜਾਬ ਦੀ ਲੁਧਿਆਣਾ ਪੱਛਮੀ ਅਤੇ ਪੱਛਮੀ ਬੰਗਾਲ ਦੀ ਕਾਲੀਗੰਜ ਸੀਟਾਂ ’ਤੇ ਪੈਣੀਆਂ ਹਨ। ਗੁਜਰਾਤ ਦੀ ਕਡੀ ਸੀਟ ਕਰਸਨਭਾਈ ਸੋਲੰਕੀ ਦੇ ਫਰਵਰੀ ’ਚ ਦੇਹਾਂਤ ਕਾਰਨ ਖਾਲੀ ਹੋਈ ਸੀ, ਜਦਕਿ ਵਿਸਾਵਦਰ ਸੀਟ ਤੋਂ ਭਯਾਨੀ ਭੁਪੇਂਦਰਭਾਈ ਗੰਡੂਭਾਈ ਵੱਲੋਂ ਅਸਤੀਫ਼ਾ ਦੇਣ ਕਾਰਨ ਜ਼ਿਮਨੀ ਚੋਣ ਕਰਾਉਣੀ ਪੈ ਰਹੀ ਹੈ। ਕੇਰਲਾ ਦੇ ਨਿਲਾਂਬਰ ’ਚ ਐੱਲ.ਡੀ.ਐੱਫ. ਸਮਰਥਿਤ ਵਿਧਾਇਕ ਪੀ.ਵੀ. ਅਨਵਰ ਵੱਲੋਂ ਅਸਤੀਫ਼ਾ ਦਿੱਤੇ ਜਾਣ ਮਗਰੋਂ ਚੋਣ ਹੋ ਰਹੀ ਹੈ। ਅਨਵਰ ਨੂੰ ਤ੍ਰਿਣਮੂਲ ਕਾਂਗਰਸ ਦੀ ਕੇਰਲਾ ਇਕਾਈ ਦਾ ਕਨਵੀਨਰ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਪੰਜਾਬ ਦੇ ਲੁਧਿਆਣਾ ਪੱਛਮੀ ਤੋਂ ‘ਆਪ’ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਦੇ ਜਨਵਰੀ ’ਚ ਦੇਹਾਂਤ ਕਾਰਨ ਸੀਟ ਖਾਲੀ ਹੋਈ ਹੈ। ਪੱਛਮੀ ਬੰਗਾਲ ਦੀ ਕਾਲੀਗੰਜ ਸੀਟ ਤੋਂ ਵਿਧਾਇਕ ਨਸੀਰੂਦੀਨ ਅਹਿਮਦ ਦੇ ਅਕਾਲ ਚਲਾਣੇ ਕਾਰਨ ਜ਼ਿਮਨੀ ਚੋਣ ਹੋ ਰਹੀ ਹੈ।

## ਨਾਬਾਲਗ ਮਹਿਲਾ ਪਹਿਲਵਾਨ ਜਿਨਸੀ ਸ਼ੋਸ਼ਣ ਮਾਮਲੇ ’ਚ ਬ੍ਰਿਜ ਭੂਸ਼ਣ ਸਿੰਘ ਬਰੀ



**ਨਵੀਂ ਦਿੱਲੀ, (ਪੰਜਾਬ ਮੇਲ)**- ਪਟਿਆਲਾ ਹਾਊਸ ਦੇ ਵਿਸ਼ੇਸ਼ ਜੱਜ ਦੀ ਅਦਾਲਤ ਨੇ ਭਾਰਤੀ ਕੁਸ਼ਤੀ ਸੰਘ (ਡਬਲਯੂ.ਐੱਫ.ਆਈ.) ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਪੋਕਸੋ ਐਕਟ ਤਹਿਤ ਦਰਜ ਮਾਮਲੇ ਵਿਚ ਦਿੱਲੀ ਪੁਲਿਸ ਵੱਲੋਂ ਦਾਇਰ ਕਲੋਜ਼ਰ ਰਿਪੋਰਟ ਨੂੰ ਸਵੀਕਾਰ ਕਰ ਲਿਆ ਹੈ। ਇਹ ਮਾਮਲਾ ਇੱਕ ਨਾਬਾਲਗ ਮਹਿਲਾ ਪਹਿਲਵਾਨ ਦੁਆਰਾ ਲਗਾਏ ਗਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨਾਲ ਸਬੰਧਤ ਹੈ। ਦਿੱਲੀ ਪੁਲਿਸ ਨੇ 15 ਜੂਨ, 2023 ਨੂੰ ਅਦਾਲਤ ਵਿਚ 550 ਪੰਨਿਆਂ ਦੀ ਰਿਪੋਰਟ ਪੇਸ਼ ਕੀਤੀ, ਜਿਸ ਵਿਚ ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਕੋਈ ਠੋਸ ਸਬੂਤ ਨਹੀਂ ਮਿਲਿਆ। ਪੁਲਿਸ ਨੇ ਇਹ ਵੀ ਦੱਸਿਆ ਕਿ ਨਾਬਾਲਗ ਪਹਿਲਵਾਨ ਅਤੇ ਉਸਦੇ ਪਿਤਾ ਨੇ ਮੈਜਿਸਟਰੇਟ ਦੇ ਸਾਹਮਣੇ ਆਪਣੇ ਪਹਿਲਾਂ ਦੇ ਦੋਸ਼ ਵਾਪਸ ਲੈ ਲਏ ਹਨ। ਇਸ ਦੇ ਆਧਾਰ ’ਤੇ ਪੁਲਿਸ ਨੇ ਕੇਸ ਬੰਦ ਕਰਨ ਦੀ ਸਿਫ਼ਾਰਸ਼ ਕੀਤੀ ਸੀ।

# ਸਿਆਸੀ ਧਿਰਾਂ ਲਈ ਅਗਨੀ ਪ੍ਰੀਖਿਆ ਤੋਂ ਘੱਟ ਨਹੀਂ ਹੋਵੇਗੀ ਜ਼ਿਮਨੀ ਚੋਣ

**ਚੰਡੀਗੜ੍ਹ, (ਪੰਜਾਬ ਮੇਲ)**- ਚੋਣ ਕਮਿਸ਼ਨ ਵੱਲੋਂ ਲੁਧਿਆਣਾ ਪੱਛਮੀ ਦੀ ਉਪ ਚੋਣ 19 ਜੂਨ ਨੂੰ ਕਰਾਏ ਜਾਣ ਦੇ ਐਲਾਨ ਨਾਲ ਹੀ ਸਿਆਸੀ ਪਾਰਟੀਆਂ ਪੱਬਾਂ ਭਾਰ ਹੋ ਗਈਆਂ ਹਨ। ਸਿਆਸੀ ਧਿਰਾਂ ਲਈ ਇਹ ਉਪ ਚੋਣ ਕਿਸੇ ਅਗਨੀ ਪ੍ਰੀਖਿਆ ਤੋਂ ਘੱਟ ਨਹੀਂ ਹੋਵੇਗੀ। ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਸਿਆਸੀ ਧਿਰਾਂ ਲਈ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਵੀ ਰਾਹ ਪੱਧਰਾ ਕਰੇਗੀ। ਹਾਕਮ ਧਿਰ ‘ਆਪ’ ਲਈ ਇਹ ਸੀਟ ਵੱਕਾਰੀ ਹੈ ਅਤੇ ਇਸ ਦੇ ਨਤੀਜੇ ਨਾਲ ਪਾਰਟੀ ਦਾ ਭਵਿੱਖ ਤੈਅ ਹੋਵੇਗਾ। ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਲਕੇ ’ਚ ਪਹਿਲਾਂ ਹੀ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਕਾਂਗਰਸ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਪ੍ਰਚਾਰਕ ਵਜੋਂ ਹਮਲਾਵਰ ਹਸਤੀ ਹਨ। ਕਾਂਗਰਸੀ ਆਗੂ ਤੇ ਵਿਧਾਇਕ ਰਾਣਾ ਗੁਰਜੀਤ ਸਿੰਘ ਵੀ ਲੁਧਿਆਣਾ ਵਿਚ ਡੇਰਾ ਜਮਾ ਕੇ ਬੈਠ ਗਏ ਹਨ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਲਈ ਵੀ ਇਹ ਚੋਣ ਵੱਕਾਰੀ ਹੋਵੇਗੀ। ਹਾਲਾਂਕਿ ਕਾਂਗਰਸ ਦੀ ਅੰਦਰੂਨੀ ਧੜੇਬੰਦੀ ਵੀ ਇਸ ਸੀਟ ’ਤੇ ਆਪਣਾ ਰੰਗ ਦਿਖਾ ਸਕਦੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਇਸ ਸੀਟ ਤੋਂ ਆਪਣੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਨੂੰ ਜਿੱਤ ਦਿਵਾਉਣ ਲਈ ਪੂਰੀ ਵਾਹ ਲਾਉਣਗੇ। ਭਾਜਪਾ ਨੇ ਹਾਲੇ ਤੱਕ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ ਪ੍ਰੰਤੂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਲਈ ਇਹ ਸੀਟ ਵੱਕਾਰ ਦਾ ਸੁਆਲ ਹੋਵੇਗੀ। ਲੁਧਿਆਣਾ ਪੱਛਮੀ ਨਿਰੋਲ ਹਿੰਦੂ ਸੀਟ ਹੈ। ਵੇਰਵਿਆਂ ਅਨੁਸਾਰ ਲੁਧਿਆਣਾ ਪੱਛਮੀ ਸੀਟ ’ਚ 15.07 ਫ਼ੀਸਦੀ ਦਲਿਤ ਵੋਟਰ ਹਨ, ਜਦੋਂ ਕਿ ਦਿਹਾਤੀ ਵੋਟਰ ਸਿਫ਼ਰ ਹਨ। ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿਚ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ’ਚੋਂ ਸਭ ਤੋਂ ਵੱਧ 45,424 ਵੋਟਾਂ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੂੰ ਮਿਲੀਆਂ ਸਨ। ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਇਸ ਅਸੈਂਬਲੀ ਹਲਕੇ ’ਚੋਂ 30,898 ਅਤੇ ‘ਆਪ’ ਉਮੀਦਵਾਰ ਅਸ਼ੋਕ ਪਰਾਸ਼ਰ ਪੱਪੀ ਨੂੰ 22,461 ਵੋਟ ਮਿਲੇ ਸਨ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਸੀਟ ਤੋਂ ‘ਆਪ’ ਨੇ 34.47 ਫ਼ੀਸਦੀ ਵੋਟ ਹਾਸਲ ਕੀਤੇ ਸਨ, ਜਦੋਂ ਕਿ ਕਾਂਗਰਸ ਨੂੰ 28.06 ਫ਼ੀਸਦੀ ਅਤੇ ਭਾਜਪਾ ਦੇ ਹਿੱਸੇ 23.95 ਫ਼ੀਸਦੀ ਵੋਟ ਆਏ ਸਨ। ਸ਼੍ਰੋਮਣੀ ਅਕਾਲੀ ਦਲ ਨੂੰ ਇਸ ਸੀਟ ਤੋਂ 8.59 ਫ਼ੀਸਦੀ ਵੋਟ ਮਿਲੇ ਸਨ।




ਆਮ ਤੌਰ ’ਤੇ ਲੁਧਿਆਣਾ ਪੱਛਮੀ ’ਚ ਹਮੇਸ਼ਾ 60 ਫ਼ੀਸਦੀ ਤੋਂ ਉਪਰ ਹੀ ਵੋਟਾਂ ਪੈਂਦੀਆਂ ਰਹੀਆਂ ਹਨ। ਪਿਛਲੇ ਸਾਲ ਲੋਕ ਸਭਾ ਚੋਣਾਂ ਵਿਚ ਇਸ ਅਸੈਂਬਲੀ ਹਲਕੇ ’ਚ 63.34 ਫ਼ੀਸਦੀ ਵੋਟ ਪਏ ਸਨ, ਜਦੋਂ ਕਿ 2022 ਦੀਆਂ ਵਿਧਾਨ ਸਭਾ ਚੋਣਾਂ ’ਚ ਇਸ ਸੀਟ ’ਤੇ 63.73 ਫ਼ੀਸਦੀ ਪੋਲਿੰਗ ਹੋਈ ਸੀ। ਇਸੇ ਤਰ੍ਹਾਂ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਇਸ ਹਲਕੇ ’ਚ 62.36 ਫ਼ੀਸਦੀ ਮਤਦਾਨ ਹੋਇਆ ਸੀ, ਜਦੋਂਕਿ ਸਾਲ 2017 ਦੀਆਂ ਅਸੈਂਬਲੀ ਚੋਣਾਂ ਦੌਰਾਨ ਇਸ ਹਲਕੇ ’ਚ 69.37 ਫ਼ੀਸਦੀ ਵੋਟਾਂ ਪਈਆਂ ਸਨ। ਵੋਟਾਂ ਵਾਲੇ ਦਿਨ ਤਾਪਮਾਨ ਸਿਖਰ ’ਤੇ ਹੋਣ ਦੀ ਸੰਭਾਵਨਾ ਹੈ ਅਤੇ ਦੂਸਰਾ ਲੁਧਿਆਣਾ ਪੱਛਮੀ ਨਿਰੋਲ ਸ਼ਹਿਰੀ ਤੇ ਪੌਸ਼ ਖੇਤਰ ਹੈ। ਜੂਨ ’ਚ ਆਮ ਤੌਰ ’ਤੇ ਸਰਦੇ-ਪੁੱਜਦੇ ਲੋਕ ਛੁੱਟੀਆਂ ਮਨਾਉਣ ਚਲੇ ਜਾਂਦੇ ਹਨ। ਅਜਿਹੇ ਹਾਲਾਤ ਵਿਚ ਮਤਦਾਨ ਉੱਚਾ ਰੱਖਣ ਲਈ ਵੀ ਸਿਆਸੀ ਧਿਰਾਂ ਨੂੰ ਵਾਹ ਲਾਉਣੀ ਪਵੇਗੀ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 280 ਲੋੜਵੰਦਾਂ ਨੂੰ ਦਿੱਤੀ ਸਹਾਇਤਾ ਰਾਸ਼ੀ

ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿਚ 280 ਲੋੜਵੰਦਾਂ ਨੂੰ 2,30,000 ਰੁਪਏ ਦੇ ਕਰੀਬ ਮਹੀਨਾਵਾਰ ਸਹਾਇਤਾ ਰਾਸ਼ੀ ਤਕਸੀਮ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਬੇਸਹਾਰਾ ਬਜ਼ੁਰਗਾਂ, ਬੇਸਹਾਰਾ ਬੱਚਿਆਂ, ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਆਦਿ ਨੂੰ ਦਿੱਤੀ ਗਈ, ਇਹ ਲੜੀ ਪਿਛਲੇ ਤਕਰੀਬਨ 8 ਸਾਲ ਤੋਂ ਲਗਾਤਾਰ ਜਾਰੀ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਲੋਕਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾਕਟਰ ਓਬਰਾਏ ਸਾਡੇ ਲਈ ਬਹੁਤ ਹੀ ਵੱਡੀ ਆਸ ਦੀ ਕਿਰਨ ਹੈ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ, ਇਹ ਸਹਾਇਤਾ ਰਾਸ਼ੀ ਡਾਕਟਰ ਓਬਰਾਏ ਵਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਜਸਪਾਲ ਸਿੰਘ ਰਿਟਾਇਰਡ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ ਨੇ ਦੱਸਿਆ ਕਿ ਇਸ ਤੋਂ ਇਲਾਵਾ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ 8 ਮੁਫ਼ਤ ਸਿਖਲਾਈ ਸੈਂਟਰ (ਕੰਪਿਊਟਰ, ਸਿਲਾਈ, ਬਿਊਟੀ ਪਾਰਲਰ) ਚੱਲ ਰਹੇ ਹਨ, ਪਿਛਲੇ ਸਮੇਂ ਦੌਰਾਨ ਸੈਂਕੜਿਆਂ ਦੀ ਗਿਣਤੀ 'ਚ ਨੌਜਵਾਨ ਇਸ ਦਾ ਲਾਹਾ ਲੈ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਏ ਹਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਟੀਮ ਯੂਥ ਖਾਲਸਾ ਬ੍ਰਿਗੇਡ ਚੱਕ ਬੀੜ ਸਰਕਾਰ ਦੇ ਪ੍ਰਧਾਨ ਪਰਮਬੀਰ ਸਿੰਘ ਅਤੇ ਸਕੱਤਰ ਕੁਲਵਿੰਦਰ ਸਿੰਘ ਸਿੱਧੂ ਨੇ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਟਰੱਸਟ ਵੱਲੋਂ ਬਿਨਾਂ ਕਿਸੇ ਤੋਂ ਕੋਈ ਦਾਨ ਲਿਆ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਅਸ਼ੋਕ ਕੁਮਾਰ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਗੁਰਜੀਤ ਸਿੰਘ ਜੀਤਾ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਾਹਿਬ ਆਦਿ ਹਾਜ਼ਰ ਸਨ।





ਡਾ. ਐੱਸ.ਪੀ. ਸਿੰਘ ਓਬਰਾਏ।

# ਸੰਨੀ ਓਬਰਾਏ ਕਲੀਨਿਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ ਨੇ ਮਨਾਇਆ ਸਥਾਪਨਾ ਦਿਵਸ

**■ ਇੱਕ ਲੱਖ ਆਮ ਲੋਕਾਂ ਲੋਕ ਨੇ ਲਿਆ ਲਾਹਾ**

ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਲੋਕਾਂ ਦੀ ਸਿਹਤ ਦੇ ਮੱਦੇਨਜ਼ਰ ਲੋਕਾਂ ਨੂੰ ਬੀਮਾਰੀਆਂ ਪ੍ਰਤੀ ਜਾਗਰੂਕ ਕਰਨ ਲਈ ਵੱਡੇ ਪੱਧਰ 'ਤੇ ਖੂਨ ਚੈੱਕ ਕਰਨ ਲਈ ਸਿਰਫ ਲਾਗਤ ਮੁੱਲ 'ਤੇ ਵੱਡੇ ਪੱਧਰ 'ਤੇ ਕਲੀਨਿਕ ਲੈਬ ਖੋਲ੍ਹੀਆਂ ਗਈਆ ਹਨ। ਇਸ ਲੜੀ ਤਹਿਤ ਸ੍ਰੀ ਮੁਕਤਸਰ ਸਾਹਿਬ ਕੱਚਾ ਥਾਂਦੇ ਵਾਲਾ ਰੋਡ 'ਤੇ ਵੀ ਇੱਕ ਲੈਬ ਡਾਕਟਰ ਦਿਲਜੀਤ ਸਿੰਘ ਗਿੱਲ ਸਲਾਹਕਾਰ ਸਿਹਤ ਸੇਵਾਵਾਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਖੋਲ੍ਹੀ ਗਈ ਹੈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਲੈਬ ਦਾ ਪਿਛਲੇ ਦਿਨੀਂ 6ਵਾਂ ਸਥਾਪਨਾ ਦਿਵਸ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵਲੋਂ ਮਨਾਇਆ ਗਿਆ, ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਪਿਛਲੇ ਸਾਲਾਂ ਦੌਰਾਨ ਇੱਕ ਲੱਖ ਦੇ ਕਰੀਬ ਲੋਕ ਇਸ ਦਾ ਲਾਹਾ ਲੈ ਚੁੱਕੇ ਹਨ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਡਾਕਟਰ ਓਬਰਾਏ ਵਲੋਂ ਖੋਲ੍ਹੀਆਂ ਗਈਆਂ ਲੈਬਾਂ ਵਿਚ ਸਿਰਫ ਲਾਗਤ ਨਾਲ ਹੀ ਲਿਆ ਜਾਂਦਾ ਹੈ। ਸ੍ਰੀ ਮੁਕਤਸਰ ਸਾਹਿਬ ਨਿਵਾਸੀਆਂ ਵੱਲੋਂ ਡਾ. ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਲੈਬ ਵਿਚ ਫੁੱਲ ਆਟੋਮੈਟਿਕ ਮਸ਼ੀਨਾਂ ਦੁਆਰਾ ਟੈਸਟ ਕੀਤੇ ਜਾਂਦੇ ਹਨ। ਇਹ ਲੈਬਾਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ ਆਦਿ ਰਾਜਾਂ ਵਿਚ ਵੀ ਵੱਡੀ ਪੱਧਰ 'ਤੇ ਤਕਰੀਬਨ ਲਾਗਤ ਮੁੱਲ 'ਤੇ ਹੀ ਸੇਵਾਵਾਂ ਦੇ ਰਹੀਆਂ ਹਨ। ਇਸ ਮੌਕੇ ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ ਮੀਤ ਪ੍ਰਧਾਨ, ਮਾਸਟਰ ਰਜਿੰਦਰ ਸਿੰਘ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਅਸ਼ੋਕ ਕੁਮਾਰ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਅਮ੍ਰਿਤਪਾਲ ਸਿੰਘ, ਮੈਡਮ ਮਨਿੰਦਰ ਕੌਰ, ਪ੍ਰਿੰਸੀਪਲ ਬਿੰਦਰਪਾਲ ਕੌਰ, ਲੈਬ ਹੈੱਡ ਅੰਜੂ ਰਾਣੀ ਅਤੇ ਲੈਬ ਦਾ ਸਮੂਹ ਸਟਾਫ਼ ਹਾਜ਼ਰ ਸਨ।









# ਕੈਨੇਡਾ 'ਚ 30 ਹਜ਼ਾਰ ਤੋਂ ਵੱਧ ਗੈਰਕਾਨੂੰਨੀ ਲੋਕਾਂ ਨੂੰ ਦੇਸ਼ 'ਚੋਂ ਕੱਢਣ ਲਈ ਫੜੋ-ਫੜੀ ਤੇਜ਼

- **ਕੈਨੇਡਾ 'ਚ ਗੈਰਕਾਨੂੰਨੀ ਹਿੰਦੇ ਭਾਰਤੀਆਂ 'ਚੋਂ ਪੰਜਾਬੀ ਪਹਿਲੇ ਅਤੇ ਗੁਜਰਾਤੀ ਦੂਜੇ ਸਥਾਨ 'ਤੇ**
- **ਫੈਡਰਲ ਸਰਕਾਰ ਬਣਨ ਤੋਂ ਬਾਅਦ ਆਵਾਸ ਵਿਭਾਗ ਹੋਇਆ ਸਖਤ**

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਬਾਰਡਰ ਸਰਵਿਸ ਏਜੰਸੀ (ਸੀ.ਬੀ.ਐੱਸ.ਏ.) ਨੇ ਦੇਸ਼ 'ਚ ਰਹਿੰਦੇ ਗੈਰਕਾਨੂੰਨੀ ਲੋਕਾਂ ਨੂੰ ਵਾਪਸ ਭੇਜਣ (ਡਿਪੋਰਟੇਸ਼ਨ) ਲਈ 30 ਹਜ਼ਾਰ ਤੋਂ ਵੱਧ ਵਾਰੰਟ ਪਿਛਲੇ ਮਹੀਨੇ ਹੀ ਹਾਸਲ ਕਰ ਲਏ ਸਨ ਅਤੇ ਹੁਣ ਦੋ ਕੁ ਹਫਤਿਆਂ ਤੋਂ ਫੜੋ-ਫੜੀ ਵਿਚ ਤੇਜ਼ੀ ਲਿਆ ਕੇ ਉਨ੍ਹਾਂ ਨੂੰ ਵਾਪਸ ਭੇਜੇ ਜਾਣ ਦੀਆਂ ਸੂਚਨਾਵਾਂ ਹਨ। ਇਸ 30 ਹਜ਼ਾਰ ਵਾਰੰਟਾਂ ਵਾਲੀ ਸੂਚੀ 'ਚੋਂ 88 ਫੀਸਦੀ ਦੀਆਂ ਰਾਜਸੀ ਸ਼ਰਨ ਲਈ ਅਰਜ਼ੀਆਂ ਰੱਦ ਹੋਈਆਂ ਹਨ। ਹੋਰਾਂ ਵਿਚ ਪੜ੍ਹਾਈ ਵਿਚਾਲੇ ਛੱਡਣ ਵਾਲੇ ਸਟੱਡੀ ਵੀਜ਼ਾ ਧਾਰਕ, ਸੈਲਾਨੀ ਵੀਜ਼ੇ ਦੀ ਮਿਆਦ ਟਪਾ ਚੁੱਕੇ ਅਤੇ ਅਪਰਾਧਿਕ ਗਤੀਵਿਧੀਆਂ ਵਿਚ ਸ਼ਾਮਲ ਰਹੇ ਪੀ.ਆਰ. ਕਾਰਡਾਂ ਵਾਲੇ ਹਨ। ਅਪਰਾਧਿਕ ਗਤੀਵਿਧੀਆਂ 'ਚ ਸ਼ਾਮਲ ਕਰੀਬ ਡੇਢ ਕੁ ਹਜ਼ਾਰ ਵਿਅਕਤੀਆਂ 'ਤੇ ਹਾਲੇ ਅਦਾਲਤ ਵਿਚ ਦੋਸ਼ ਸਾਬਤ ਨਹੀਂ ਹੋਏ, ਇਸ ਕਰਕੇ ਉਨ੍ਹਾਂ ਨੂੰ ਅਜੇ ਕਿਸੇ ਸੂਚੀ ਵਿਚ ਸ਼ਾਮਲ ਨਹੀਂ ਕੀਤਾ ਗਿਆ। ਜਾਣਕਾਰੀ ਅਨੁਸਾਰ ਗੈਰਕਾਨੂੰਨੀ ਤੌਰ 'ਤੇ ਰਹਿੰਦੇ ਲੋਕਾਂ ਵਿਚ ਗਿਣਤੀ ਪੱਖੋਂ ਭਾਰਤੀ ਦੂਜੇ ਸਥਾਨ 'ਤੇ ਹਨ ਅਤੇ ਇਨ੍ਹਾਂ ਭਾਰਤੀਆਂ 'ਚੋਂ ਪੰਜਾਬੀ ਪਹਿਲੇ ਅਤੇ ਗੁਜਰਾਤੀ ਦੂਜੇ ਸਥਾਨ 'ਤੇ ਹਨ।

ਏਜੰਸੀ ਨੇ ਸਪੱਸ਼ਟ ਕੀਤਾ ਹੈ ਕਿ ਜਿਨ੍ਹਾਂ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ, ਜੇ ਉਨ੍ਹਾਂ 'ਚੋਂ ਕੋਈ ਮੁੜ ਵੀਜ਼ੇ ਲਈ ਅਰਜ਼ੀ ਭਰੇਗਾ, ਤਾਂ ਉਸ ਨੂੰ ਪਹਿਲਾਂ ਉਸ ਦੇ ਵਾਪਸ ਭੇਜਣ ਲਈ ਸਰਕਾਰ ਵੱਲੋਂ ਕੀਤੇ ਗਏ ਖਰਚੇ ਦੀ ਰਕਮ ਵਜੋਂ 3800 ਡਾਲਰ ਦਾ ਭੁਗਤਾਨ ਕਰਨਾ ਪਵੇਗਾ, ਪਰ ਜੇ ਕਿਸੇ ਨੂੰ ਵਿਸ਼ੇਸ਼ (ਐਸਕਾਰਟ ਕਰਕੇ) ਸਹੂਲਤ ਨਾਲ ਵਾਪਸ ਭੇਜਿਆ ਗਿਆ ਹੋਏ, ਤਾਂ ਉਸ ਨੂੰ 12,800 ਡਾਲਰ ਭਰਨੇ ਪੈਣਗੇ ਅਤੇ ਵੀਜ਼ਾ ਅਰਜੀ ਰੱਦ ਹੋਣ 'ਤੇ ਵੀ ਇਹ ਪੈਸੇ ਵਾਪਸ ਨਹੀਂ ਹੋਣਗੇ। ਏਜੰਸੀ ਸੂਤਰਾਂ ਅਨੁਸਾਰ ਪਿਛਲੇ ਤਿੰਨ ਕੁ ਸਾਲਾਂ ਵਿਚ ਪਨਾਹ (ਸ਼ਰਨ) ਮੰਗਣ ਵਾਲਿਆਂ ਦੀ ਗਿਣਤੀ ਵਿਚ ਕਾਫੀ ਵਾਧਾ ਹੋਇਆ ਹੈ। 2024 ਦੌਰਾਨ 20 ਹਜ਼ਾਰ ਤੋਂ ਵੱਧ ਰਾਜਸੀ ਸ਼ਰਨ ਦੀਆਂ ਅਰਜ਼ੀਆਂ ਦਾਖਲ ਹੋਈਆਂ, ਜੋ 2019 ਸਾਲ ਦੇ ਅੰਕੜੇ ਤੋਂ 615 ਫੀਸਦੀ ਵੱਧ ਹਨ। ਚਾਲੂ ਸਾਲ ਦੀ ਪਹਿਲੀ ਤਿਮਾਹੀ ਦੌਰਾਨ ਸਾਢੇ 5 ਹਜ਼ਾਰ ਲੋਕਾਂ ਨੇ ਇੰਜ ਦੀਆਂ ਅਰਜ਼ੀਆਂ ਭਰ ਕੇ ਰਿਕਾਰਡ ਤੋੜ ਦਿੱਤੇ ਹਨ। ਸੂਤਰ ਨੇ ਦੱਸਿਆ ਕਿ ਹੁਣ ਰਾਜਸੀ ਸ਼ਰਨ ਅਰਜ਼ੀਆਂ ਦਾ ਨਬੇੜਾ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ, ਕਿਉਂਕਿ 98-99 ਫੀਸਦੀ ਅਰਜ਼ੀਆਂ ਦੇ ਦਾਅਵੇ ਝੂਠੇ ਸਾਬਤ ਹੋ ਰਹੇ ਹਨ। ਨਵੀਂ ਫੈਡਰਲ ਸਰਕਾਰ ਬਣਨ ਤੋਂ ਬਾਅਦ ਆਵਾਸ ਵਿਭਾਗ ਹੋਰ ਸਖ਼ਤ ਹੋ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਪਿਛਲੇ ਸਾਲਾਂ ਵਿਚ ਲੱਗੇ ਹੋਏ ਲੰਮੀ ਮਿਆਦ ਦੇ ਬਹੁ-ਯਾਤਰਾ ਵੀਜ਼ਿਆਂ ਨੂੰ ਸਿੰਗਲ ਯਾਤਰਾ ਵਿਚ ਬਦਲਿਆ ਜਾਣ ਲੱਗਾ ਹੈ। ਇਸੇ ਤਰ੍ਹਾਂ ਸਟੱਡੀ ਵੀਜ਼ੇ ਵੀ ਸਿਰਫ ਪੋਸਟ ਗ੍ਰੈਜੂਏਸ਼ਨ ਪੜ੍ਹਾਈ ਅਤੇ ਖਾਸ ਯੂਨੀਵਰਸਿਟੀਆਂ ਦੇ ਸੱਦਾ ਪੱਤਰਾਂ 'ਤੇ ਹੀ ਦਿੱਤੇ ਜਾ ਰਹੇ ਹਨ।

# ਪੰਜਾਬ ਦੀਆਂ ਜੇਲ੍ਹਾਂ 'ਚ ਕੈਦੀਆਂ ਨਾਲੋਂ ਬੰਦੀਆਂ ਦੀ ਤੇਜ਼ੀ ਨਾਲ ਵਧ ਰਹੀ ਹੈ ਗਿਣਤੀ

- **ਰੋਜ਼ਾਨਾ ਔਸਤਨ 159 ਨਵੇਂ ਤਸਕਰਾਂ ਦਾ ਦਾਖਲਾ;**
- **ਮੁਹਿੰਮ ਤਹਿਤ ਹੁਣ ਤੱਕ 13,866 ਤਸਕਰ ਫੜੇ; ਬਹੁਤੇ ਨਸ਼ਾ ਤਸਕਰ ਜ਼ਮਾਨਤਾਂ 'ਤੇ ਰਿਹਾਅ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੀਆਂ ਜੇਲ੍ਹਾਂ 'ਚ ਬੰਦੀਆਂ ਦੀ ਭੀੜ ਤੇਜ਼ੀ ਨਾਲ ਵਧ ਰਹੀ ਹੈ, ਜਦਕਿ ਕੈਦੀਆਂ ਦੀ ਨਫ਼ਰੀ ਕਾਫ਼ੀ ਘੱਟ ਹੈ। ਪੰਜਾਬ ਪੁਲਿਸ ਨੇ ਦੱਸਿਆ ਹੈ ਕਿ 'ਯੁੱਧ ਨਸ਼ੇ ਵਿਰੁੱਧ' ਤਹਿਤ ਪਹਿਲੀ ਮਾਰਚ ਤੋਂ ਹੁਣ ਤੱਕ 13,866 ਤਸਕਰ ਫੜੇ ਗਏ ਹਨ। ਮਤਲਬ ਇਹ ਹੈ ਕਿ ਬੀਤੇ 87 ਦਿਨਾਂ ਦੌਰਾਨ ਰੋਜ਼ਾਨਾ ਔਸਤਨ 159 ਬੰਦੀ ਜੇਲ੍ਹਾਂ ਵਿਚ ਪੁੱਜ ਰਹੇ ਹਨ। ਜੇਲ੍ਹਾਂ ਦੀ ਇੰਨੀ ਸਮਰੱਥਾ ਨਹੀਂ, ਜਿੰਨੇ ਬੰਦੀ ਪੁੱਜ ਗਏ ਹਨ। ਪੰਜਾਬ ਦੀਆਂ ਜੇਲ੍ਹਾਂ ਵਿਚ ਅੱਜ ਕੁੱਲ 37,516 ਦੀ ਨਫ਼ਰੀ ਹੈ, ਜਿਨ੍ਹਾਂ 'ਚ 30,709 ਵਿਚਾਰ ਅਧੀਨ ਬੰਦੀ ਹਨ। ਭਾਵ ਜੇਲ੍ਹਾਂ 'ਚ 81.85 ਫ਼ੀਸਦੀ ਬੰਦੀ ਹਨ ਅਤੇ ਬਾਕੀ ਕੈਦੀ ਹਨ।

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਸ਼ੁਰੂ ਕਰਨ ਤੋਂ ਪਹਿਲਾਂ ਫਰਵਰੀ ਮਹੀਨੇ 'ਚ ਜੇਲ੍ਹਾਂ ਵਿਚ ਬੰਦੀਆਂ ਦੀ ਕਰੀਬ 31 ਹਜ਼ਾਰ ਦੀ ਨਫ਼ਰੀ ਸੀ, ਜੋ ਕਿ ਇਸ ਵੇਲੇ 37,516 ਹੋ ਗਈ ਹੈ। ਇਸ ਲਿਹਾਜ਼ ਨਾਲ ਨਸ਼ਿਆਂ ਵਿਰੁੱਧ ਮੁਹਿੰਮ ਦੌਰਾਨ 6516 ਬੰਦੀ ਪੁੱਜੇ ਹਨ। ਫਰਵਰੀ ਮਹੀਨੇ 'ਚ ਵਿਚਾਰ ਅਧੀਨ ਬੰਦੀ ਕਰੀਬ 25 ਹਜ਼ਾਰ ਸਨ, ਜੋ ਕਿ ਹੁਣ ਤੱਕ 30,709 ਹੋ ਗਏ ਹਨ। ਪੰਜਾਬ ਪੁਲਿਸ ਵੱਲੋਂ 87 ਦਿਨਾਂ ਦੌਰਾਨ ਫੜੇ 13,866 ਨਸ਼ਾ ਤਸਕਰਾਂ ਦੇ ਅੰਕੜਿਆਂ ਮੁਤਾਬਕ ਜੇਲ੍ਹਾਂ ਵਿਚ ਵਿਚਾਰ ਅਧੀਨ ਬੰਦੀਆਂ ਦਾ ਅੰਕੜਾ 38,866 ਨੂੰ ਛੂਹਣਾ ਚਾਹੀਦਾ ਸੀ ਕਿਉਂਕਿ ਮੁਹਿੰਮ ਤੋਂ ਪਹਿਲਾਂ ਫਰਵਰੀ ਮਹੀਨੇ 'ਚ ਵਿਚਾਰ ਅਧੀਨ ਬੰਦੀ ਕਰੀਬ 25 ਹਜ਼ਾਰ ਸਨ। ਪੰਜਾਬ ਦੀਆਂ ਜੇਲ੍ਹਾਂ 'ਚ ਇਸ ਵੇਲੇ ਵਿਚਾਰ ਅਧੀਨ ਬੰਦੀ 30,709 ਹਨ। ਨਸ਼ਿਆਂ ਖ਼ਿਲਾਫ਼ ਕੰਮ ਕਰ ਰਹੇ ਸਮਾਜਿਕ ਕਾਰਕੁਨ ਰੁਪਿੰਦਰ ਸਿੰਘ ਤਲਵੰਡੀ ਸਾਬੋ ਆਖਦੇ ਹਨ ਕਿ ਅਸਲ ਵਿਚ ਨਸ਼ਿਆਂ ਖ਼ਿਲਾਫ਼ ਯੁੱਧ ਦੌਰਾਨ ਫੜੇ ਹਜ਼ਾਰਾਂ ਤਸਕਰਾਂ ਦੀ ਜ਼ਮਾਨਤ ਹੋ ਗਈ ਹੈ, ਜਿਸ ਕਰਕੇ ਜਿੰਨੇ ਨਵੇਂ ਬੰਦੀ ਜੇਲ੍ਹਾਂ ਵਿਚ ਜਾਂਦੇ ਹਨ, ਉਨੇ ਹੀ ਬਾਹਰ ਆ ਜਾਂਦੇ ਹਨ। ਜਾਣਕਾਰੀ ਅਨੁਸਾਰ ਜੇਲ੍ਹਾਂ 'ਚ ਸਭ ਤੋਂ ਵੱਧ ਐੱਨ.ਡੀ.ਪੀ.ਐੱਸ. ਕੇਸਾਂ ਵਾਲੇ ਬੰਦੀ ਸਿਖਰ 'ਤੇ ਹਨ।

ਕਪੂਰਥਲਾ ਜੇਲ੍ਹ 'ਚ ਸਭ ਤੋਂ ਵੱਧ 4621 ਦੀ ਨਫ਼ਰੀ ਹੈ, ਜਿਨ੍ਹਾਂ 'ਚੋਂ 85 ਫ਼ੀਸਦੀ ਵਿਧਾਨ ਅਧੀਨ ਬੰਦੀ ਹਨ। ਨਸ਼ਿਆਂ ਖ਼ਿਲਾਫ਼ ਮੁਹਿੰਮ ਮਗਰੋਂ ਇਸ ਜੇਲ੍ਹ ਵਿਚ ਕਰੀਬ ਛੇ ਸੌ ਬੰਦੀਆਂ ਦੀ ਗਿਣਤੀ ਵਧੀ ਹੈ। ਲੁਧਿਆਣਾ ਜੇਲ੍ਹ 'ਚ ਕੁੱਲ 4425 ਦੀ ਨਫ਼ਰੀ ਹੈ, ਜਿਨ੍ਹਾਂ 'ਚੋਂ 77.62 ਫ਼ੀਸਦੀ ਵਿਚਾਰ ਅਧੀਨ ਬੰਦੀ ਹਨ। ਇਸੇ ਤਰ੍ਹਾਂ ਗੋਇੰਦਵਾਲ ਦੀ ਜੇਲ੍ਹ 'ਚ ਕੁੱਲ 3906 ਦੀ ਨਫ਼ਰੀ ਹੈ, ਜਿਨ੍ਹਾਂ 'ਚੋਂ 89.11 ਫ਼ੀਸਦੀ ਵਿਚਾਰ ਅਧੀਨ ਬੰਦੀ ਹਨ। ਇਵੇਂ ਹੀ ਅੰਮ੍ਰਿਤਸਰ ਦੀ ਜੇਲ੍ਹ 'ਚ ਕੁੱਲ 3726 ਚੋਂ 85.96 ਫ਼ੀਸਦੀ ਵਿਚਾਰ ਅਧੀਨ ਬੰਦੀ ਹਨ। ਬਠਿੰਡਾ ਦੇ ਅਪਰਾਧਿਕ ਕੇਸਾਂ ਦੇ ਮਾਹਿਰ ਐਡਵੋਕੇਟ ਰਾਜੇਸ਼ ਸ਼ਰਮਾ ਦਾ ਕਹਿਣਾ ਸੀ ਕਿ ਅਸਲ ਵਿਚ ਪੰਜਾਬ ਪੁਲਿਸ ਵੱਲੋਂ ਜੋ ਨਸ਼ਾ ਤਸਕਰੀ ਦੇ ਕੇਸ ਦਰਜ ਕੀਤੇ ਜਾ ਰਹੇ ਹਨ, ਉਨ੍ਹਾਂ 'ਚ ਨਸ਼ਿਆਂ ਦੀ ਰਿਕਵਰੀ ਘੱਟ ਮਾਤਰਾ ਵਿਚ ਹੁੰਦੀ ਹੈ। ਉਨ੍ਹਾਂ ਕਿਹਾ ਕਿ ਛੋਟੀ ਮਾਤਰਾ ਵਿਚ ਫੜੇ ਜਾਂਦੇ ਨਸ਼ੇ ਨਾਨ-ਕਮਰਸ਼ੀਅਲ ਕੈਟਾਗਰੀ ਵਿਚ ਆ ਜਾਂਦੇ ਹਨ, ਜਿਨ੍ਹਾਂ ਦੀ ਅਦਾਲਤਾਂ 'ਚੋਂ ਜ਼ਮਾਨਤ ਛੇਤੀ ਹੋ ਜਾਂਦੀ ਹੈ।

# ਅੰਮ੍ਰਿਤਪਾਲ ਸਿੰਘ 'ਤੇ ਤੀਜੀ ਵਾਰ ਐੱਨ.ਐੱਸ.ਏ. ਲਗਾਉਣ ਦੇ ਵਿਰੋਧ 'ਚ ਮੁਜ਼ਾਹਰਾ




- **ਡਿਪਟੀ ਕਮਿਸ਼ਨਰ ਰਾਹੀਂ ਰਾਜਪਾਲ ਨੂੰ ਮੰਗ ਪੱਤਰ ਭੇਜਿਆ**

**ਗੁਰਦਾਸਪੁਰ, (ਪੰਜਾਬ ਮੇਲ)-** ਅਕਾਲੀ ਦਲ ਵਾਰਿਸ ਪੰਜਾਬ ਦੇ ਨੇਤਾ ਅਤੇ ਸੰਸਦੀ ਹਲਕਾ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਉੱਪਰ ਤੀਸਰੀ ਵਾਰ ਲਗਾਏ ਗਏ ਐੱਨ.ਐੱਸ.ਏ ਨੂੰ ਤੁਰੰਤ ਰੱਦ ਕਰਨ ਅਤੇ ਹਿਰਾਸਤ ਵਿਚ ਲਏ ਗਏ ਸਾਰੇ ਸਿੱਖ ਨੌਜਵਾਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਜ਼ਿਲ੍ਹਾ ਗੁਰਦਾਸਪੁਰ ਦੇ ਆਬਜ਼ਰਵਰ ਐਡਵੋਕੇਟ ਅਜੈਪਾਲ ਸਿੰਘ ਢਿੱਲੋਂ ਦੀ ਅਗਵਾਈ ਵਿਚ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਗਵਰਨਰ ਪੰਜਾਬ ਗੁਲਾਬ ਚੰਦ ਕਟਾਰੀਆ ਨੂੰ ਮੰਗ ਪੱਤਰ ਭੇਜਿਆ ਗਿਆ। ਡਿਪਟੀ ਕਮਿਸ਼ਨਰ ਨੂੰ ਮੰਗ ਦੇਣ ਤੋਂ ਪਹਿਲਾਂ ਅਕਾਲੀ ਦਲ ਵਾਰਿਸ ਪੰਜਾਬ ਦੇ ਮੈਂਬਰਾਂ ਵੱਲੋਂ ਸ਼ਹਿਰ ਵਿੱਚ ਰੋਸ ਮੁਜ਼ਾਹਰਾ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦੇ ਹੋਏ ਅਕਾਲੀ ਦਲ ਵਾਰਿਸ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੀ ਪੰਜ ਮੈਂਬਰੀ ਕਮੇਟੀ ਦੇ ਅਹੁਦੇਦਾਰ ਆਬਜ਼ਰਵਰ ਐਡਵੋਕੇਟ ਅਜੇਪਾਲ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਬਟਾਲਾ, ਜੁਗਰਾਜ ਸਿੰਘ ਲਾਲਾ ਨੰਗਲ, ਜਤਿੰਦਰ ਸਿੰਘ ਸੋਹਲ, ਪ੍ਰਭਜੋਤ ਸਿੰਘ ਸਮੇਤ ਹੋਰ ਬੁਲਾਰਿਆਂ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਸੇਵਾਦਾਰ ਸੰਸਦੀ ਹਲਕਾ ਖਡੂਰ ਸਾਹਿਬ ਤੋਂ ਭਾਰੀ ਬਹੁਮਤ ਨਾਲ ਚੁਣੇ ਗਏ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਉੱਪਰ ਪੰਜਾਬ ਸਰਕਾਰ ਵੱਲੋਂ ਨਜਾਇਜ਼ ਤੌਰ 'ਤੇ ਤੀਸਰੀ ਵਾਰ ਰਾਸ਼ਟਰੀ ਸੁਰੱਖਿਆ ਐਕਟ ਲਗਾਇਆ ਗਿਆ ਹੈ। ਇਹ ਨਾ ਸਿਰਫ਼ ਉਨ੍ਹਾਂ ਦੇ ਨਿੱਜੀ ਅਧਿਕਾਰਾਂ ਅਤੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੈ, ਸਗੋਂ ਖਡੂਰ ਸਾਹਿਬ ਹਲਕੇ ਦੇ ਲੱਖਾਂ ਵੋਟਰਾਂ ਦੀ ਸੰਸਦੀ ਨੁਮਾਇੰਦਗੀ ਨੂੰ ਖ਼ਾਮੋਸ਼ ਕਰਨ ਦੀ ਕੋਸ਼ਿਸ਼ ਹੈ। ਭਾਈ ਅੰਮ੍ਰਿਤਪਾਲ ਸਿੰਘ ਨੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਹਟਾ ਕੇ ਗੁਰਬਾਣੀ, ਸਿੱਖੀ ਅਤੇ ਚੰਗੇ ਆਚਰਨ ਵੱਲ ਲੈ ਕੇ ਜਾਣ ਵਾਲਾ ਅਭਿਆਨ ਚਲਾਇਆ। ਉਨ੍ਹਾਂ ਦੇ ਜਨਸੇਵਾ ਆਧਾਰਿਤ ਕਦਮਾਂ ਨੇ ਸਮਾਜਿਕ ਸੁਧਾਰ ਲਈ ਇੱਕ ਨਵੀਂ ਲਹਿਰ ਚਲਾਈ, ਜਿਸ ਨੂੰ ਸਮਾਜ ਭਲਾਈ ਦੇ ਵਧੀਆ ਉਪਰਾਲਿਆਂ ਵਜੋਂ ਵੇਖਿਆ ਜਾਂਦਾ ਹੈ, ਨਾ ਕਿ ਕਿਸੇ ਰਾਸ਼ਟਰੀ ਖ਼ਤਰੇ ਵਜੋਂ।

# ਅਮਰੀਕਾ ਦੇ 'ਗੋਲਡਨ ਡੋਮ' ਪ੍ਰੋਗਰਾਮ 'ਚ ਸ਼ਾਮਲ ਹੋਣ ਲਈ ਕੈਨੇਡਾ ਉਤਸੁਕ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਭਵਿੱਖ ਦੇ 'ਗੋਲਡਨ ਡੋਮ ਮਿਜ਼ਾਈਲ' ਰੱਖਿਆ ਪ੍ਰੋਗਰਾਮ ਵਿਚ ਸ਼ਾਮਲ ਹੋਣ ਬਾਰੇ ਅਮਰੀਕਾ ਨਾਲ ਗੱਲਬਾਤ ਕਰ ਰਹੀ ਹੈ। ਇਹ ਬਹੁ-ਪੜਾਅ ਪ੍ਰਣਾਲੀ, ਜਿਸਦੀ ਕੁੱਲ ਲਾਗਤ 175 ਬਿਲੀਅਨ ਅਮਰੀਕੀ ਡਾਲਰ ਹੈ, ਪਹਿਲੀ ਵਾਰ ਅਮਰੀਕੀ ਹਥਿਆਰਾਂ ਨੂੰ ਪੁਲਾੜ ਵਿਚ ਲੈ ਜਾਵੇਗੀ। ਟਰੰਪ ਨੂੰ ਉਮੀਦ ਸੀ ਕਿ ਇਹ ਪ੍ਰਣਾਲੀ 2029 ਵਿਚ ਉਨ੍ਹਾਂ ਦੇ ਕਾਰਜਕਾਲ ਦੇ ਅੰਤ ਤੱਕ ਪੂਰੀ ਤਰ੍ਹਾਂ ਲਾਗੂ ਹੋ ਜਾਵੇਗੀ। ਕਾਰਨੀ ਨੇ ਕਿਹਾ, "ਇਹ ਕੈਨੇਡਾ ਲਈ ਇੱਕ ਚੰਗਾ ਵਿਚਾਰ ਹੈ। ਕੈਨੇਡੀਅਨਾਂ ਦੀ ਸੁਰੱਖਿਆ ਲਈ ਕਦਮ ਚੁੱਕਣਾ ਚੰਗੀ ਗੱਲ ਹੈ।" ਉਨ੍ਹਾਂ ਇਸ ਸਬੰਧ ਵਿਚ ਟਰੰਪ ਨਾਲ ਹੋਈ ਗੱਲਬਾਤ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਸੀਨੀਅਰ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ।

# ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਕਾਮਾਗਾਟਾ ਮਾਰੂ ਘਟਨਾ ਨੂੰ ਯਾਦ ਕੀਤਾ

**ਓਟਾਵਾ, (ਬਲਜਿੰਦਰ ਸੇਖਾ/ ਪੰਜਾਬ ਮੇਲ)-** ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਾਮਾਗਾਟਾ ਮਾਰੂ ਘਟਨਾ ਦੀ ਯਾਦ ਵਿਚ ਬਿਆਨ ਜਾਰੀ ਕਰਦਿਆਂ ਕਿਹਾ ਕਿ "1914 ਵਿਚ, ਕਾਮਾਗਾਟਾ ਮਾਰੂ ਜਹਾਜ਼ ਨੇ ਪ੍ਰਸ਼ਾਂਤ ਮਹਾਂਸਾਗਰ ਦੇ ਪਾਰ ਇੱਕ ਲੰਬੀ ਯਾਤਰਾ ਤੋਂ ਬਾਅਦ ਵੈਨਕੂਵਰ ਦੇ ਬੰਦਰਗਾਹ 'ਤੇ ਲੰਗਰ ਲਗਾਇਆ। ਇਸ ਵਿਚ ਸਵਾਰ 376 ਲੋਕ ਸਿੱਖ, ਮੁਸਲਿਮ ਅਤੇ ਹਿੰਦੂ ਧਰਮਾਂ ਦੇ ਸ਼ਰਨ ਅਤੇ ਸਨਮਾਨ ਦੀ ਮੰਗ ਕਰਦੇ ਹੋਏ ਪਹੁੰਚੇ।



"ਕੈਨੇਡੀਅਨ ਅਧਿਕਾਰੀਆਂ ਨੇ ਬੇਦਖਲੀ ਅਤੇ ਪੱਖਪਾਤੀ ਕਾਨੂੰਨਾਂ ਦੀ ਵਰਤੋਂ ਕਰਦੇ ਹੋਏ, ਉਨ੍ਹਾਂ ਨੂੰ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ। ਦੋ ਮਹੀਨਿਆਂ ਲਈ, ਯਾਤਰੀਆਂ ਨੂੰ ਜਹਾਜ਼ 'ਤੇ ਹਿਰਾਸਤ ਵਿਚ ਰੱਖਿਆ ਗਿਆ ਅਤੇ ਭੋਜਨ, ਪਾਣੀ ਅਤੇ ਡਾਕਟਰੀ ਦੇਖਭਾਲ ਤੱਕ ਪਹੁੰਚ ਤੋਂ ਇਨਕਾਰ ਕਰ ਦਿੱਤਾ ਗਿਆ। ਜਦੋਂ ਉਨ੍ਹਾਂ ਨੂੰ ਭਾਰਤ ਵਾਪਸ ਜਾਣ ਲਈ ਮਜਬੂਰ ਕੀਤਾ ਗਿਆ, ਤਾਂ ਬਹੁਤਿਆਂ ਨੂੰ ਉੱਥੇ ਕੈਦ ਕਰ ਦਿੱਤਾ ਗਿਆ ਜਾਂ ਮਾਰ ਦਿੱਤਾ ਗਿਆ। "ਕਾਮਾਗਾਟਾ ਮਾਰੂ ਦੁਖਾਂਤ ਇਸ ਗੱਲ ਦੀ ਇੱਕ ਸਪੱਸ਼ਟ ਯਾਦ ਦਿਵਾਉਂਦਾ ਹੈ ਕਿ ਕਿਵੇਂ, ਸਾਡੇ ਇਤਿਹਾਸ ਦੇ ਪਲਾਂ ਵਿਚ, ਕੈਨੇਡਾ ਉਨ੍ਹਾਂ ਕਦਰਾਂ-ਕੀਮਤਾਂ ਤੋਂ ਵਾਂਝਾ ਰਹਿ ਗਿਆ, ਜੋ ਅਸੀਂ ਪਿਆਰ ਕਰਦੇ ਹਾਂ। ਅਸੀਂ ਅਤੀਤ ਨੂੰ ਦੁਬਾਰਾ ਨਹੀਂ ਲਿਖ ਸਕਦੇ, ਪਰ ਸਾਨੂੰ ਇਸਦਾ ਸਾਹਮਣਾ ਕਰਨਾ ਚਾਹੀਦਾ ਹੈ; ਉਦੇਸ਼ ਨਾਲ ਕੰਮ ਕਰਨਾ, ਇਹ ਯਕੀਨੀ ਬਣਾਉਣਾ ਕਿ ਅਜਿਹੀਆਂ ਬੇਇਨਸਾਫ਼ੀਆਂ ਕਦੇ ਨਾ ਦੁਹਰਾਈਆਂ ਜਾਣ ਅਤੇ ਇੱਕ ਮਜ਼ਬੂਤ ਭਵਿੱਖ ਦਾ ਨਿਰਮਾਣ ਕਰਨਾ ਜਿੱਥੇ ਸ਼ਮੂਲੀਅਤ ਇੱਕ ਨਾਅਰਾ ਨਹੀਂ, ਸਗੋਂ ਇੱਕ ਹਕੀਕਤ ਹੋਵੇ - ਜੀਓ, ਅਭਿਆਸ ਕਰੋ ਅਤੇ ਬਚਾਅ ਕਰੋ।

"ਇਸ ਪਵਿੱਤਰ ਵਰ੍ਹੇਗੰਢ ਨੂੰ ਯਾਦ ਅਤੇ ਜ਼ਮੀਰ ਦੇ ਸੱਦੇ ਵਜੋਂ ਕੰਮ ਕਰਨ ਦਿਓ। ਅਤੀਤ ਦਾ ਸਨਮਾਨ ਕਰਨਾ ਇਸ ਤੋਂ ਸਿੱਖਣਾ ਹੈ, ਅਤੇ ਇਸ ਤੋਂ ਸਿੱਖਣਾ ਕਾਰਜ ਕਰਨਾ ਹੈ।"

ਯਾਦ ਰਹੇ ਬੀਤੇ ਦਿਨੀਂ ਇਸ ਦੁਖਾਂਤ ਉੱਪਰ ਇੱਕ ਬਹੁਤ ਵਧੀਆ ਫਿਲਮ "ਗੁਰੂ ਨਾਨਕ ਜਹਾਜ਼" ਬਣੀ ਸੀ, ਜਿਸਨੂੰ ਕੈਨੇਡਾ ਅਮਰੀਕਾ ਵਿਚ ਬਹੁਤ ਵਧੀਆ ਹੁੰਗਾਰਾ ਮਿਲਿਆ।

ਇਸ ਤੋਂ ਇਲਾਵਾ ਪ੍ਰੋਫੈਸਰ ਮੋਹਨ ਸਿੰਘ ਫਾਊਡੇਸ਼ਨ ਕੈਨੇਡਾ ਵਲੋਂ ਸਾਹਿਬ ਥਿੰਦ ਦੀ ਅਗਵਾਈ ਵਿਚ ਬਹੁਤ ਵੱਡਾ ਜ਼ੋਰ ਕੈਨੇਡਾ ਸਰਕਾਰ 'ਤੇ ਪਾਇਆ। ਜਿਸ ਕਾਰਨ ਕੈਨੇਡਾ ਦੀ ਉਸ ਸਮੇਂ ਦੀ ਜਸ਼ਿਟਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਨੇ ਇਸ ਲਈ ਸੰਸਦ ਵਿਚ ਮਾਫ਼ੀ ਮੰਗੀ ਸੀ।

ਵਰਨਣਯੋਗ ਹੈ ਕਿ ਕੈਨੇਡਾ ਦੀ ਸੰਸਦ ਵਿਚ ਇਸ ਸਮੇਂ ਭਾਰਤੀ ਮੂਲ ਦੇ ਬਾਈ ਦੇ ਕਰੀਬ ਸੰਸਦ ਮੈਂਬਰ ਹਨ।

# ਕੈਨੇਡਾ 'ਚ ਵਿਦੇਸ਼ੀ ਵਿਦਿਆਰਥੀਆਂ ਵੱਲੋਂ ਵਰਕ ਪਰਮਿਟ ਵਧਾਉਣ ਦੀ ਅਪੀਲ

**ਵਿਨੀਪੈੱਗ, (ਪੰਜਾਬ ਮੇਲ)-** ਬੀਤੇ ਦਿਨੀਂ ਸਸਕੈਚਵਨ ਵਿਚ ਕੰਮ ਕਰ ਰਹੇ ਪੰਜਾਬੀਆਂ ਇੰਟਰਨੈਸ਼ਨਲ ਸਟੂਡੈਂਟਸ, ਜਿਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਕਿਨਾਰੇ ਹੈ, ਨੇ ਲੈਜਿਸਲੇਟਰ ਪਹੁੰਚ ਕੇ ਪ੍ਰਦਰਸ਼ਨ ਕਰਦਿਆਂ ਪ੍ਰੋਵਿੰਸ਼ੀਅਲ ਸਰਕਾਰ ਤੋਂ ਵਰਕ ਪਰਮਿਟ ਦੀ ਮਿਆਦ ਵਧਾਉਣ ਦੀ ਅਪੀਲ ਕੀਤੀ। ਇਸ ਦੌਰਾਨ ਵਿਦਿਆਰਥੀਆਂ ਨੇ ਸੂਬੇ (ਪ੍ਰੋਵਿੰਸ) ਦੇ ਐੱਮ.ਐੱਲ.ਏਜ਼ ਨੂੰ ਇਸ ਮਸਲੇ ਤੋਂ ਜਾਣੂ ਕਰਾਇਆ ਗਿਆ।



ਜ਼ਿਕਰਯੋਗ ਹੈ ਕੈਨੇਡਾ ਵਿਚ ਵਰਕ ਪਰਮਿਟ ਹੋਲਡਰਜ਼ ਦੇ ਸਟੇਟਸ ਨੂੰ ਧਿਆਨ 'ਚ ਰੱਖਦਿਆਂ ਫੈਡਰਲ ਸਰਕਾਰ ਵੱਲੋਂ ਇਕ ਪਾਲਿਸੀ ਲਿਆਂਦੀ ਗਈ ਸੀ, ਜਿਸ ਵਿਚ ਸੂਬਿਆਂ (ਪ੍ਰੋਵਿੰਸ) ਵੱਲੋਂ ਸਿਫ਼ਾਰਿਸ਼ ਕੀਤੇ ਜਾਣ 'ਤੇ ਪੀ.ਆਰ. ਦੀ ਅਰਜ਼ੀ 'ਤੇ ਕੋਈ ਫ਼ੈਸਲਾ ਆਉਣ ਤੱਕ ਬਿਨੈਕਾਰਾਂ ਨੂੰ ਵਰਕ ਪਰਮਿਟ ਮਿਲ ਸਕਦਾ ਹੈ।

ਇਸ ਪਾਲਿਸੀ ਤਹਿਤ ਵੱਖ ਵੱਖ ਸੂਬਿਆਂ (ਪ੍ਰੋਵਿੰਸਜ਼) ਨੇ ਇਸ ਵਿਚ ਭਾਗ ਲੈਣਾ ਸੀ, ਪਰ ਇਮੀਗ੍ਰੇਸ਼ਨ ਵਿਭਾਗ ਦੀ ਵੈੱਬਸਾਈਟ ਅਨੁਸਾਰ ਹੁਣ ਤੱਕ ਸਿਰਫ਼ ਮੈਨੀਟੋਬਾ ਅਤੇ ਯੂਕੋਨ ਹੀ ਇਸ ਵਿਚ ਭਾਗ ਲੈ ਰਹੇ ਹਨ। ਇਸ ਕਾਰਨ ਹੋਰਨਾਂ ਸੂਬਿਆਂ ਦੇ ਬਿਨੈਕਾਰ ਇਸ ਪਾਲਿਸੀ ਦਾ ਲਾਭ ਤੋਂ ਵਾਂਝੇ ਹਨ। ਇਨ੍ਹਾਂ ਬਿਨੈਕਾਰਾਂ ਦਾ ਕਹਿਣਾ ਹੈ ਕਿ ਪੀ.ਆਰ. ਨਾ ਹੋਣ ਅਤੇ ਵਰਕ ਪਰਮਿਟ ਮੁੱਕਣ ਦੀ ਮਿਆਦ ਨੇੜੇ ਆਉਣ ਦੇ ਕਾਰਨ ਉਹ ਭਵਿੱਖ ਚਿੰਤਤ ਹਨ। ਉਨ੍ਹਾਂ ਮੁਤਾਬਿਕ ਪ੍ਰੋਵਿੰਸ਼ੀਅਲ ਸਰਕਾਰ ਇਸ ਮਾਮਲੇ ਵਿਚ ਕੋਈ ਫ਼ੈਸਲਾ ਲੈ ਕੇ ਵਰਕ ਪਰਮਿਟ ਦੇ ਵਾਧੇ ਦਾ ਮਸਲਾ ਹੱਲ ਕਰ ਸਕਦੀ ਹੈ, ਜਿਸ ਨਾਲ ਉਹ ਸੂਬੇ ਦੀ ਆਰਥਿਕ ਤਰੱਕੀ 'ਚ ਯੋਗਦਾਨ ਪਾ ਸਕਦੇ ਹਨ। ਇਸ ਦੌਰਾਨ ਐੱਨ.ਡੀ.ਪੀ. ਆਗੂ ਤੇਜਿੰਦਰ ਸਿੰਘ ਗਰੇਵਾਲ ਨੇ ਕਿਹਾ ਐੱਸ.ਆਈ.ਐੱਨ.ਪੀ. ਪ੍ਰੋਗਰਾਮ ਵਿਚ ਤਾਜ਼ਾ ਤਬਦੀਲੀਆਂ ਨੇ ਬਹੁਤ ਸਾਰੇ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਨੂੰ ਬਹੁਤ ਮੁਸ਼ਕਲ ਸਥਿਤੀ ਵਿਚ ਪਾ ਦਿੱਤਾ ਹੈ। ਸਥਾਈ ਨਿਵਾਸ ਲਈ ਅਰਜ਼ੀਆਂ ਬਿਨਾਂ ਕਿਸੇ ਨੋਟਿਸ ਦੇ ਰੱਦ ਕਰ ਦਿੱਤੀਆਂ ਗਈਆਂ ਸਨ। ਅਸਥਾਈ ਵਿਦੇਸ਼ੀ ਕਾਮੇ ਆਪਣੇ ਵਰਕ ਪਰਮਿਟ ਨੂੰ ਲੈ ਕੇ ਚਿੰਤਤ ਹਨ। ਉਨ੍ਹਾਂ ਵਿਚੋਂ ਕਈਆਂ ਲਈ ਵਰਕ ਪਰਮਿਟ ਕੁਝ ਦਿਨਾਂ ਜਾਂ ਹਫ਼ਤਿਆਂ 'ਚ ਖ਼ਤਮ ਹੋ ਰਹੇ ਹਨ।

# ਦਿਲਜੀਤ ਸਿੰਘ ਬੇਦੀ ਦੀ ਲਿਖੀ ਕਿਤਾਬ 'ਬੁੱਢਾ ਦਲ ਦੇ ਜਥੇਦਾਰ ਸਾਹਿਬਾਨਾਂ ਦਾ ਜੀਵਨ ਬਿਊਰਾ' ਬਾਬਾ ਬਲਬੀਰ ਸਿੰਘ ਸਮੇਤ ਪੰਥ ਦੀਆਂ ਪ੍ਰਮੁੱਖ ਸ਼ਖਸੀਅਤਾਂ ਵੱਲੋਂ ਸੰਗਤ ਅਰਪਣ

**ਅੰਮ੍ਰਿਤਸਰ, (ਪੰਜਾਬ ਮੇਲ)-** ਬੁੱਢਾ ਦਲ ਦੇ ਜਥੇਦਾਰ ਸਾਹਿਬਾਨਾਂ ਦਾ ਜੀਵਨ ਬਿਉਰਾ ਕਿਤਾਬ ਜੋ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਲਿਖੀ ਗਈ ਹੈ, ਨੂੰ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ:ਛੇਵੀਂ, ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੇ 307ਵੇਂ ਜਨਮ ਦਿਹਾੜੇ 'ਤੇ ਆਯੋਜਿਤ ਗੁਰਮਤਿ ਸਮਾਗਮ ਸਮੇਂ ਬਾਬਾ ਬਲਬੀਰ ਸਿੰਘ 96 ਕਰੋੜੀ, ਸ੍ਰੀ ਹਰਿਮੰਦਰ ਸਾਹਿਬ ਦੇ ਮੁਖ ਗ੍ਰੰਥੀ ਗਿ. ਰਘੁਬੀਰ ਸਿੰਘ, ਸੰਤ ਮਨਮੋਹਨ ਸਿੰਘ ਬਾਰਨਵਾਲੇ, ਬਾਬਾ ਮੇਜਰ ਸਿੰਘ ਸੋਢੀ, ਬਾਬਾ ਬਲਦੇਵ ਸਿੰਘ ਤੇ ਹੋਰ ਪੰਥ ਦੀਆਂ ਨਾਮਵਰ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਲੋਕ ਅਰਪਣ ਕੀਤੀ ਗਈ।



ਇਸ ਰਿਲੀਜ਼ ਸਮਾਗਮ ਸਮੇਂ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਬੁੱਢਾ ਦਲ ਦੇ ਜਥੇਦਾਰ ਸਾਹਿਬਾਨਾਂ ਦੇ ਜੀਵਨ ਬਾਰੇ ਸੰਖੇਪ ਤੇ ਭਾਵਪੂਰਤ ਇਹ ਕਿਤਾਬ ਹੈ। ਬਾਬਾ ਬਿਨੋਦ ਸਿੰਘ ਬੁੱਢਾ ਦਲ ਦੇ ਪਹਿਲੇ ਜਥੇਦਾਰ ਸਾਹਿਬਾਨ ਤੋਂ ਲੈ ਕੇ ਮੌਜੂਦਾ 14ਵੇਂ ਮੁਖੀ ਤੀਕ ਦਾ ਜੀਵਨ ਵੇਰਵਾ ਇਸ ਪੁਸਤਕ ਅੰਦਰ ਦਰਜ ਹੈ। ਸ. ਦਿਲਜੀਤ ਸਿੰਘ ਬੇਦੀ ਨੇ ਚੰਗੀ ਮਿਹਨਤ ਕੀਤੀ ਹੈ ਕਿ ਇਸ ਕਿਤਾਬ ਅੰਦਰ ਬੁੱਢਾ ਦਲ ਦੇ ਸਾਰੇ ਜਥੇਦਾਰ ਸਾਹਿਬਾਨਾਂ ਦੀ ਜੀਵਨ ਝਲਕ ਪ੍ਰਾਪਤ ਹੋ ਜਾਵੇਗੀ। ਸਿੰਘ ਸਾਹਿਬ ਗਿ. ਰਘੁਬੀਰ ਸਿੰਘ ਨੇ ਕਿਹਾ ਕਿ ਸ. ਦਿਲਜੀਤ ਸਿੰਘ ਬੇਦੀ ਦਾ ਇਹ ਖੋਜ ਭਰਪੂਰ ਕਾਰਜ ਪ੍ਰਸ਼ੰਸਾਜਨਕ ਹੈ। ਇਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾ ਕਾਲ ਵਿਚ ਵੀ ਯਾਦਗਾਰੀ ਪੁਸਤਕਾਂ ਪੰਥ ਦੀ ਝੋਲੀ ਵਿਚ ਪਾਈਆਂ ਹਨ। ਸੂਰਬੀਰਾਂ ਯੋਧਿਆਂ ਦੀ ਇਕ ਸ਼ਾਨਾਮੱਤੀ ਜਥੇਬੰਦੀ ਦੇ ਆਗੂਆਂ ਦਾ ਜੀਵਨ ਬਿਊਰਾ ਸੰਗ੍ਰਹਿ ਕਰਕੇ ਪੰਥ ਲਈ ਪ੍ਰਕਾਸ਼ਤ ਕਰਨਾ ਇਸ ਲਈ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ ਅਤੇ ਲੇਖਕ ਸ. ਦਿਲਜੀਤ ਸਿੰਘ ਬੇਦੀ ਵਧਾਈ ਦੇ ਹੱਕਦਾਰ ਹਨ। ਸਿੰਘ ਸਾਹਿਬ ਗਿ. ਸੁਲਤਾਨ ਸਿੰਘ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਨੇ ਵੀ ਇਸ ਕਾਰਜ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਦਸਤਾਵੇਜ਼ ਇਤਿਹਾਸਕ ਪੱਧਰ 'ਤੇ ਮੁਲਵਾਨ ਬਣਦੇ ਹਨ।

ਬੁੱਢਾ ਦਲ ਦੇ ਹੈੱਡ ਪ੍ਰਚਾਰਕ ਸੰਤ ਮਨਮੋਹਨ ਸਿੰਘ ਬਾਰਨਵਾਲਿਆਂ ਨੇ ਦੱਸਿਆ ਕਿ ਸ. ਦਿਲਜੀਤ ਸਿੰਘ ਬੇਦੀ ਨੇ ਬੁੱਢਾ ਦਲ ਵਿਚ ਆ ਕੇ ਚੰਗੀਆਂ ਸੇਵਾਵਾਂ ਦਿੱਤੀਆਂ ਹਨ, ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਵਿਚ ਉਨ੍ਹਾਂ ਪਹਿਲਾਂ ਸ੍ਰੀ ਸਰਬਲੋਹ ਗ੍ਰੰਥ ਸਾਹਿਬ, ਫਿਰ ਵੱਖ-ਵੱਖ ਜਥੇਦਾਰ ਸਾਹਿਬਾਨਾਂ ਬਾਰੇ ਮੁਕੰਮਲ ਰੂਪ ਵਿਚ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ। ਬਾਬਾ ਬਿਨੋਦ ਸਿੰਘ, ਨਵਾਬ ਕਪੂਰ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਅਕਾਲੀ ਬਾਬਾ ਫੂਲਾ ਸਿੰਘ ਬਾਰੇ ਵੱਡ ਅਕਾਰੀ ਅਭਿਨੰਦਨ ਗ੍ਰੰਥ ਉਨ੍ਹਾਂ ਦੀ ਮਿਹਨਤ ਦਾ ਸਿੱਟਾ ਹਨ। ਪੁਸਤਕ ਰਿਲੀਜ਼ ਕਰਨ ਸਮੇਂ ਸ. ਦਿਲਜੀਤ ਸਿੰਘ ਬੇਦੀ, ਸੰਤ ਮਨਮੋਹਨ ਸਿੰਘ ਬਾਰਨਵਾਲੇ, ਸਿੰਘ ਸਾਹਿਬ ਗਿ. ਰਘੁਬੀਰ ਸਿੰਘ, ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ, ਬਾਬਾ ਮੇਜਰ ਸਿੰਘ ਸੋਢੀ ਮੁਖੀ ਤਰਨਾ ਦਲ, ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਸ. ਇੰਦਰਬੀਰ ਸਿੰਘ ਨਿੱਜਰ, ਸ. ਹਰਪਾਲ ਸਿੰਘ ਆਹਲੂਵਾਲੀਆ ਆਦਿ ਸ਼ਖ਼ਸੀਅਤਾਂ ਸ਼ਾਮਲ ਸਨ।

# ਪੰਜਾਬੀ ਬੋਲੀ ਦਾ ਦੱਖਣ 'ਚ ਹੋਵੇਗਾ ਪਸਾਰਾ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਦੇਸ਼ ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ ਕਿ ਆਂਧਰਾ ਪ੍ਰਦੇਸ਼ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਹੁਣ ਸੱਭਿਆਚਾਰਕ ਆਦਾਨ-ਪ੍ਰਦਾਨ, ਭਾਸ਼ਾਈ ਵਿਭਿੰਨਤਾ ਅਤੇ ਰਾਸ਼ਟਰੀ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਉਲੀਕੇ 5-ਰੋਜ਼ਾ ਪ੍ਰੋਗਰਾਮ ਤਹਿਤ ਪੰਜਾਬੀ ਭਾਸ਼ਾ ਸਿੱਖਣਗੇ। ਇਹ ਜਾਣਕਾਰੀ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦਿੱਤੀ।

ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਕੇਂਦਰੀ ਸਿੱਖਿਆ ਮੰਤਰਾਲੇ ਦੇ ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਅਤੇ ਆਂਧਰਾ ਪ੍ਰਦੇਸ਼ ਨੂੰ ਇਸ ਪ੍ਰੋਗਰਾਮ ਅਧੀਨ ਇੱਕ ਗਰੁੱਪ ਵਿਚ ਰੱਖਿਆ ਗਿਆ ਹੈ। ਇਸ ਐਕਸਚੇਂਜ ਪ੍ਰੋਗਰਾਮ ਦੇ ਹਿੱਸੇ ਵਜੋਂ, ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਤੇਲਗੂ ਦੀ ਮੁੱਢਲੀ ਜਾਣਕਾਰੀ ਦਿੱਤੀ ਜਾਵੇਗੀ, ਜਦਕਿ ਆਂਧਰਾ ਪ੍ਰਦੇਸ਼ ਦੇ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਪੰਜਾਬੀ ਸਿੱਖਣਗੇ।

ਉਨ੍ਹਾਂ ਦੱਸਿਆ ਕਿ ਇਸ ਪੈਨ-ਇੰਡੀਆ ਪਹਿਲਕਦਮੀ ਵਿਚ ਵੱਖ-ਵੱਖ ਰਾਜਾਂ ਦੇ ਗਰੁੱਪ ਬਣਾਏ ਗਏ ਹਨ, ਜਿਸ ਵਿਚ ਜੰਮੂ-ਕਸ਼ਮੀਰ ਅਤੇ ਲੱਦਾਖ ਨੂੰ ਤਾਮਿਲਨਾਡੂ ਨਾਲ, ਹਿਮਾਚਲ ਪ੍ਰਦੇਸ਼ ਨੂੰ ਕੇਰਲਾ ਨਾਲ, ਉੱਤਰਾਖੰਡ ਨੂੰ ਕਰਨਾਟਕਾ ਨਾਲ, ਹਰਿਆਣਾ ਨੂੰ ਤੇਲੰਗਾਨਾ ਨਾਲ, ਰਾਜਸਥਾਨ ਨੂੰ ਅਸਾਮ ਨਾਲ, ਗੁਜਰਾਤ ਨੂੰ ਛੱਤੀਸਗੜ੍ਹ ਨਾਲ, ਮਹਾਰਾਸ਼ਟਰ ਨੂੰ ਓਡੀਸ਼ਾ ਨਾਲ,

■ ਆਂਧਰਾ ਪ੍ਰਦੇਸ਼ ਦੇ ਵਿਦਿਆਰਥੀ ਸਿੱਖਣਗੇ ਪੰਜਾਬੀ ਭਾਸ਼ਾ



ਗੋਆ ਨੂੰ ਝਾਰਖੰਡ ਨਾਲ, ਦਿੱਲੀ ਨੂੰ ਸਿੱਕਿਮ ਨਾਲ, ਮੱਧ ਪ੍ਰਦੇਸ਼ ਨੂੰ ਮਨੀਪੁਰ ਅਤੇ ਨਾਗਾਲੈਂਡ ਨਾਲ, ਯੂ.ਪੀ. ਨੂੰ ਅਰੁਣਾਚਲ ਪ੍ਰਦੇਸ਼ ਅਤੇ ਮੇਘਾਲਿਆ ਨਾਲ ਅਤੇ ਬਿਹਾਰ ਨੂੰ ਤ੍ਰਿਪੁਰਾ ਅਤੇ ਮਿਜ਼ੋਰਮ ਨਾਲ ਰੱਖਿਆ ਗਿਆ ਹੈ, ਜੋ ਇਸ ਪ੍ਰੋਗਰਾਮ ਦੀ ਵਿਆਪਕ ਪਹੁੰਚ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਦੀ ਸੰਭਾਵਨਾ ਨੂੰ ਦਰਸਾਉਂਦਾ ਹੈ।

ਸਿੱਖਿਆ ਮੰਤਰੀ ਨੇ ਕਿਹਾ ਕਿ ਇਸ ਸਮਰ ਕੈਂਪ ਦਾ ਉਦੇਸ਼ ਵਿਦਿਆਰਥੀਆਂ ਨੂੰ ਇੱਕ ਹੋਰ ਭਾਰਤੀ ਭਾਸ਼ਾ ਸਿੱਖਣ ਲਈ ਉਤਸ਼ਾਹਿਤ ਕਰਕੇ ਬਹੁ-ਭਾਸ਼ਾਵਾਦ ਅਤੇ ਸੱਭਿਆਚਾਰਕ ਸਾਂਝ ਨੂੰ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਨੇ ਖੇਤਰੀ ਭਾਸ਼ਾਵਾਂ ਅਤੇ ਸੱਭਿਆਚਾਰਾਂ ਨੂੰ ਸੁਰੱਖਿਅਤ ਰੱਖਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਹਰਜੋਤ ਸਿੰਘ ਬੈਂਸ ਨੇ ਜ਼ੋਰ ਦੇ ਕੇ ਕਿਹਾ ਕਿ ਮਾਤ ਭਾਸ਼ਾ ਅਤੇ ਸੂਬੇ ਦੀ ਸਰਕਾਰੀ ਭਾਸ਼ਾ ਹੋਣ ਨਾਤੇ ਪੰਜਾਬੀ ਦੀ ਮਹੱਤਤਾ ਨੂੰ ਕਿਸੇ ਪੱਖੋਂ ਵੀ ਘਟਾਇਆ ਨਹੀਂ ਜਾਵੇਗਾ। ਸਿੱਖਿਆ ਮੰਤਰੀ ਨੇ ਉਨ੍ਹਾਂ ਲੋਕਾਂ ਦੀ ਸਖ਼ਤ ਆਲੋਚਨਾ ਕੀਤੀ, ਜੋ ਸਿਰਫ ਰਾਜਨੀਤੀ ਕਰਨ ਲਈ ਇਸ ਸਮਰ ਕੈਂਪ ਦਾ ਵਿਰੋਧ ਕਰ ਰਹੇ ਹਨ।

# ਨਸ਼ਾ ਤਸਕਰੀ ਤੇ ਹਵਾਲਾ ਮਾਮਲਿਆਂ 'ਚ ਦੋਸ਼ੀ ਜਗਦੀਸ਼ ਭੋਲਾ ਨੂੰ ਹਾਈ ਕੋਰਟ ਤੋਂ ਮਿਲੀ ਜ਼ਮਾਨਤ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਪੁਲਿਸ ਦੇ ਬਰਖ਼ਾਸਤ ਡੀ.ਐੱਸ.ਪੀ. ਅਤੇ ਨਸ਼ਾ ਤਸਕਰੀ ਤੇ ਹਵਾਲਾ ਰਾਸ਼ੀ ਮਾਮਲਿਆਂ ਵਿਚ ਦੋਸ਼ੀ ਠਹਿਰਾਏ ਗਏ ਜਗਦੀਸ਼ ਭੋਲਾ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਹਾਈ ਕੋਰਟ ਨੇ ਉਸ ਨੂੰ ਮਨੀ ਲਾਂਡਰਿੰਗ ਅਤੇ ਐੱਨ.ਡੀ.ਪੀ.ਐੱਸ. ਐਕਟ ਨਾਲ ਸੰਬੰਧਿਤ ਤਿੰਨ ਮਾਮਲਿਆਂ ਵਿਚ ਜ਼ਮਾਨਤ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਤਿੰਨੋਂ ਮਾਮਲਿਆਂ ਵਿਚ ਭੋਲਾ ਨੂੰ ਦੋਸ਼ੀ ਕਰਾਰ ਦੇ ਕੇ ਸਜ਼ਾ ਸੁਣਾਈ ਜਾ ਚੁੱਕੀ ਹੈ। ਪਹਿਲਾ ਮਾਮਲਾ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੁਆਰਾ ਦਰਜ ਕੀਤਾ ਗਿਆ ਸੀ, ਜਿਸ ਵਿਚ ਪਿਛਲੇ ਸਾਲ ਮੁਹਾਲੀ ਸਥਿਤ ਪੀ.ਐੱਮ.ਐੱਲ.ਏ. ਅਦਾਲਤ ਨੇ ਭੋਲਾ ਨੂੰ ਮਨੀ ਲਾਂਡਰਿੰਗ ਦਾ ਦੋਸ਼ੀ ਠਹਿਰਾਇਆ ਸੀ ਅਤੇ ਉਸਨੂੰ 10



ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ। ਤਿੰਨਾਂ ਮਾਮਲਿਆਂ 'ਚ ਸਜ਼ਾ ਵਿਰੁੱਧ ਹਾਈ ਕੋਰਟ ਵਿਚ ਅਪੀਲਾਂ ਦਾਇਰ ਕੀਤੀਆਂ ਗਈਆਂ ਸਨ, ਜੋ ਅਜੇ ਵੀ ਲੰਬਿਤ ਹਨ। ਹਾਈ ਕੋਰਟ ਨੇ ਇਨ੍ਹਾਂ ਸਾਰੇ ਮਾਮਲਿਆਂ ਵਿਚ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਭੋਲਾ ਨੂੰ 100 ਬੂਟੇ ਲਗਾਉਣ ਦਾ ਵੀ ਹੁਕਮ ਦਿੱਤਾ ਹੈ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਅਦਾਲਤ ਨੇ ਕਿਸ ਆਧਾਰ 'ਤੇ ਜ਼ਮਾਨਤ ਦਿੱਤੀ ਹੈ ਕਿਉਂਕਿ ਵਿਸਤ੍ਰਿਤ ਹੁਕਮ ਅਜੇ ਆਉਣਾ ਬਾਕੀ ਹੈ।

# ਲਾਲੂ ਪ੍ਰਸਾਦ ਯਾਦਵ ਨੇ ਵੱਡੇ ਬੇਟੇ ਤੇਜਪ੍ਰਤਾਪ ਨੂੰ 'ਗ਼ੈਰਜ਼ਿੰਮੇਵਾਰਾਨਾ ਵਿਵਹਾਰ' ਕਾਰਨ ਪਾਰਟੀ 'ਚੋਂ ਕੱਢਿਆ

**ਪਟਨਾ, (ਪੰਜਾਬ ਮੇਲ)-** ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਮੁਖੀ ਲਾਲੂ ਪ੍ਰਸਾਦ ਯਾਦਵ ਨੇ ਐਤਵਾਰ ਨੂੰ ਆਪਣੇ ਵੱਡੇ ਪੁੱਤਰ ਤੇਜਪ੍ਰਤਾਪ ਯਾਦਵ ਨੂੰ ਉਸ ਦੇ 'ਗ਼ੈਰਜ਼ਿੰਮੇਵਾਰਾਨਾ ਵਿਵਹਾਰ' ਕਾਰਨ ਪਾਰਟੀ 'ਚੋਂ ਕੱਢ ਦਿੱਤਾ ਹੈ ਅਤੇ ਉਸ ਨਾਲ ਪਰਿਵਾਰਕ ਸਬੰਧ ਵੀ ਤੋੜ ਲਏ ਹਨ।



ਲਾਲੂ ਪ੍ਰਸਾਦ ਨੇ ਦੁਪਹਿਰ ਸਮੇਂ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' 'ਤੇ ਇੱਕ ਪੋਸਟ ਵਿਚ ਇਹ ਐਲਾਨ ਕੀਤਾ। ਲਾਲੂ ਪ੍ਰਸਾਦ ਨੇ ਕਿਹਾ, "ਨਿੱਜੀ ਜੀਵਨ ਵਿਚ ਨੈਤਿਕ ਕਦਰਾਂ-ਕੀਮਤਾਂ ਦੀ ਅਣਦੇਖੀ ਸਮਾਜਿਕ ਨਿਆਂ ਲਈ ਸਾਡੇ ਸਮੂਹਿਕ ਸੰਘਰਸ਼ ਨੂੰ ਕਮਜ਼ੋਰ ਕਰਦੀ ਹੈ। ਵੱਡੇ ਪੁੱਤਰ ਦੀਆਂ ਗਤੀਵਿਧੀਆਂ, ਜਨਤਕ ਆਚਰਨ ਅਤੇ ਗੈਰ-ਜ਼ਿੰਮੇਵਾਰਾਨਾ ਵਿਵਹਾਰ ਸਾਡੀਆਂ ਪਰਿਵਾਰਕ ਕਦਰਾਂ-ਕੀਮਤਾਂ ਅਤੇ ਪ੍ਰੰਪਰਾਵਾਂ ਮੁਤਾਬਕ ਨਹੀਂ ਹਨ। ਉਪਰੋਕਤ ਹਰਕਤਾਂ ਕਾਰਨ ਮੈਂ ਉਸਨੂੰ ਪਾਰਟੀ ਅਤੇ ਪਰਿਵਾਰ ਤੋਂ ਕੱਢਦਾ ਹਾਂ। ਹੁਣ ਤੋਂ ਉਸਦੀ ਪਾਰਟੀ ਅਤੇ ਪਰਿਵਾਰ ਵਿਚ ਕਿਸੇ ਕਿਸਮ ਦੀ ਕੋਈ ਭੂਮਿਕਾ ਨਹੀਂ ਹੋਵੇਗੀ। ਉਸਨੂੰ ਛੇ ਸਾਲਾਂ ਲਈ ਪਾਰਟੀ ਵਿਚੋਂ ਕੱਢਿਆ ਜਾਂਦਾ ਹੈ।"

ਇਹ ਕਦਮ ਬਿਹਾਰ ਦੇ ਸਾਬਕਾ ਮੰਤਰੀ ਤੇਜ ਪ੍ਰਤਾਪ ਯਾਦਵ ਵੱਲੋਂ ਇੱਕ ਫੇਸਬੁੱਕ ਪੋਸਟ 'ਤੇ ਇਹ ਕਹਿਣ ਮਗਰੋਂ ਚੁੱਕਿਆ ਗਿਆ ਕਿ ਉਹ ਇੱਕ ਔਰਤ ਨਾਲ 'ਰਿਲੇਸ਼ਨਸ਼ਿਪ ਵਿਚ' ਹੈ, ਪਰ ਬਾਅਦ ਵਿਚ ਦਾਅਵਾ ਕੀਤਾ ਗਿਆ ਕਿ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਉਸਦਾ ਖਾਤਾ 'ਹੈਕ' ਕੀਤਾ ਗਿਆ ਸੀ। ਹਾਲਾਂਕਿ, ਇਹ ਸੋਸ਼ਲ ਮੀਡੀਆ 'ਤੇ ਲੋਕਾਂ ਨੂੰ ਚੰਗਾ ਨਹੀਂ ਲੱਗਿਆ ਅਤੇ ਬਹੁਤ ਕਈ ਲੋਕਾਂ ਨੇ ਤੇਜ ਪ੍ਰਤਾਪ (37) ਨੂੰ ਉਸਦੇ ਸ਼ਾਦੀਸ਼ੁਦਾ ਹੋਣ ਬਾਰੇ ਯਾਦ ਕਰਵਾਇਆ, ਜੋ 2018 ਵਿਚ ਕਾਫ਼ੀ ਧੂਮਧਾਮ ਨਾਲ ਹੋਈ ਸੀ।

# ਵਿਜੀਲੈਂਸ ਵੱਲੋਂ ਰਮਨ ਅਰੋੜਾ ਦਾ ਕੁੜਮ 3 ਸਾਥੀਆਂ ਸਮੇਤ ਏਅਰਪੋਰਟ ਤੋਂ ਗ੍ਰਿਫ਼ਤਾਰ

**ਜਲੰਧਰ, (ਪੰਜਾਬ ਮੇਲ)-** ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਫਸੇ ਵਿਧਾਇਕ ਰਮਨ ਅਰੋੜਾ ਦੇ ਕੁੜਮ ਰਾਜੂ ਮਦਾਨ ਅਤੇ ਉਨ੍ਹਾਂ ਦਾ ਪੂਰਾ ਪਰਿਵਾਰ ਵਿਦੇਸ਼ ਭੱਜਣ ਦੀ ਯੋਜਨਾ ਬਣਾ ਰਿਹਾ ਸੀ। ਜਾਣਕਾਰੀ ਮੁਤਾਬਕ, ਵਿਜੀਲੈਂਸ ਨੇ ਉਨ੍ਹਾਂ ਨੂੰ ਮੁੰਬਈ ਏਅਰਪੋਰਟ 'ਤੇ ਫੜ ਕਰ ਲਿਆ ਹੈ। ਉਨ੍ਹਾਂ ਦੇ ਤਿੰਨ ਸਾਥੀਆਂ ਨੂੰ ਵੀ ਫੜ ਲਿਆ ਗਿਆ ਹੈ।

ਇਹ ਵੀ ਦੱਸਿਆ ਜਾ ਰਿਹਾ ਹੈ ਕਿ ਵਿਧਾਇਕ ਦੀ ਗ੍ਰਿਫਤਾਰੀ ਤੋਂ ਥੋੜ੍ਹੀ ਦੇਰ ਪਹਿਲਾਂ ਰਾਜੂ ਮਦਾਨ ਅਤੇ ਉਨ੍ਹਾਂ ਦਾ ਪੁੱਤਰ ਫਰਾਰ ਹੋ ਗਏ ਸਨ। ਗੁਜਰਾਤ ਦੇ ਸੂਰਤ 'ਚ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਟੈਕਸਟਾਈਲ ਮਿਲ ਹੈ, ਜਿੱਥੇ ਉਹ ਗਏ ਸਨ। ਕੁਝ ਦਿਨਾਂ ਬਾਅਦ ਉਨ੍ਹਾਂ ਦਾ ਬਾਕੀ ਪਰਿਵਾਰ ਵੀ ਉੱਥੇ ਪਹੁੰਚ ਗਿਆ। ਇਸ ਨਾਲ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਮਦਾਨ ਪਰਿਵਾਰ ਪਹਿਲਾਂ ਤੋਂ ਹੀ ਫਰਾਰੀ ਦੀ ਯੋਜਨਾ ਬਣਾ ਰਿਹਾ ਸੀ।






# ਪੰਜਾਬ 'ਚੋਂ 'ਸੱਤਾ ਵਿਰੋਧੀ ਲਹਿਰ' ਨੂੰ ਮਾਤ ਦੇਣ ਦੀਆਂ ਤਿਆਰੀਆਂ 'ਚ ਰੁੱਝੇ ਭਗਵੰਤ ਮਾਨ ਤੇ ਕੇਜਰੀਵਾਲ

■ ਮਾਨ-ਕੇਜਰੀਵਾਲ ਦੇ ਨਵੇਂ ਫ਼ੈਸਲੇ ਨੇ ਫ਼ਿਕਰਾਂ 'ਚ ਪਾਏ ਕਈ ਮੰਤਰੀ ਤੇ ਵਿਧਾਇਕ



ਜਲੰਧਰ, (ਪੰਜਾਬ ਮੇਲ)- ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਵਿਚੋਂ 'ਸੱਤਾ ਵਿਰੋਧੀ ਲਹਿਰ' ਨੂੰ ਮਾਤ ਦੇਣ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਹਨ। ਇਸ ਤੋਂ ਪਹਿਲਾਂ 2020 ਵਿਚ ਦਿੱਲੀ 'ਚ ਅਰਵਿੰਦ ਕੇਜਰੀਵਾਲ ਨੇ 'ਸੱਤਾ ਵਿਰੋਧੀ ਲਹਿਰ' ਨੂੰ ਮਾਤ ਦਿੰਦਿਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ 30 ਤੋਂ ਵੱਧ ਸੀਟਾਂ 'ਤੇ ਨਵੇਂ ਚਿਹਰਿਆਂ ਨੂੰ ਮੈਦਾਨ 'ਚ ਉਤਾਰਿਆ ਸੀ। ਹੁਣ 2020 ਵਿਚ ਦਿੱਲੀ 'ਚ ਅਪਣਾਈ ਗਈ ਰਣਨੀਤੀ ਨੂੰ 2027 ਵਿਚ ਪੰਜਾਬ 'ਚ ਲਾਗੂ ਕਰਨ ਲਈ ਇਕ ਰਣਨੀਤੀ ਤਿਆਰ ਕੀਤੀ ਗਈ ਹੈ।

ਪੰਜਾਬ ਵਿਚ 117 ਮੈਂਬਰੀ ਸੂਬਾ ਵਿਧਾਨ ਸਭਾ ਲਈ ਅਗਲੀਆਂ ਆਮ ਚੋਣਾਂ ਫਰਵਰੀ-ਮਾਰਚ 2027 'ਚ ਪ੍ਰਸਤਾਵਿਤ ਹਨ। ਇਸ ਦੇ ਮੱਦੇਨਜ਼ਰ ਕੇਜਰੀਵਾਲ ਅਤੇ ਭਗਵੰਤ ਮਾਨ ਦੋਵੇਂ 'ਸੱਤਾ ਵਿਰੋਧੀ ਲਹਿਰ' ਨੂੰ ਮਾਤ ਦੇਣ ਲਈ ਰਣਨੀਤੀ ਬਣਾਉਣ 'ਚ ਰੁੱਝੇ ਹੋਏ ਹਨ। ਪਾਰਟੀ ਦੇ ਅੰਦਰ ਇਹ ਚਰਚਾ ਚੱਲ ਰਹੀ ਹੈ ਕਿ ਕੇਜਰੀਵਾਲ ਅਤੇ ਮਾਨ ਮਿਲ ਕੇ ਅਗਲੀਆਂ ਆਮ ਚੋਣਾਂ ਵਿਚ ਪੰਜਾਬ 'ਚ ਮੌਜੂਦਾ 'ਆਪ' ਦੇ ਲਗਭਗ 30 ਤੋਂ 35 ਫ਼ੀਸਦੀ ਵਿਧਾਇਕਾਂ ਦਾ ਪੱਤਾ ਕੱਟ ਸਕਦੇ ਹਨ। ਵਿਧਾਇਕਾਂ ਅਤੇ ਮੰਤਰੀਆਂ ਨੂੰ ਇਸ ਗੱਲ ਦੀ ਭਿਣਕ ਪਹਿਲਾਂ ਹੀ ਲੱਗ ਚੁੱਕੀ ਹੈ।

ਮੰਨਿਆ ਜਾ ਰਿਹਾ ਹੈ ਕਿ ਦੋਵਾਂ ਆਗੂਆਂ ਨੇ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਮਾੜੇ ਅਕਸ ਵਾਲੇ ਆਗੂਆਂ ਤੋਂ ਦੂਰੀ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਦੀ ਸ਼ੁਰੂਆਤ ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਰਮਨ ਅਰੋੜਾ ਨੂੰ ਵਿਜੀਲੈਂਸ ਹੱਥੋਂ ਭ੍ਰਿਸ਼ਟਾਚਾਰ ਦੇ ਦੋਸ਼ 'ਚ ਗ੍ਰਿਫ਼ਤਾਰ ਕਰਵਾ ਕੇ ਕਰ ਦਿੱਤੀ ਗਈ ਹੈ। ਰਮਨ ਅਰੋੜਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ ਕਿ ਹੁਣ ਉਨ੍ਹਾਂ ਦੀ ਥਾਂ 'ਤੇ ਪਾਰਟੀ ਇਕ ਨਵਾਂ ਚਿਹਰਾ ਚੋਣ ਮੈਦਾਨ 'ਚ ਲਿਆਵੇਗੀ ਕਿਉਂਕਿ ਰਮਨ ਅਰੋੜਾ ਕਾਰਨ ਨਾ ਸਿਰਫ਼ ਜਲੰਧਰ ਕੇਂਦਰੀ ਵਿਧਾਨ ਸਭਾ ਹਲਕਾ, ਸਗੋਂ ਜ਼ਿਲ੍ਹੇ ਦੇ ਹੋਰ ਵਿਧਾਨ ਸਭਾ ਹਲਕੇ ਵੀ ਪ੍ਰਭਾਵਿਤ ਹੋ ਰਹੇ ਸਨ।

ਜਲੰਧਰ 'ਚ ਹੋਈ ਸ਼ੁਰੂਆਤ ਨੂੰ ਦੇਖ ਕੇ ਵਰਕਰਾਂ ਅਤੇ ਵਲੰਟੀਅਰਾਂ ਦਾ ਮਨੋਬਲ ਵਧ ਗਿਆ ਹੈ। 'ਆਪ' ਦੀ ਕੇਂਦਰੀ ਲੀਡਰਸ਼ਿਪ ਇਸ ਬਾਰੇ ਇਕ ਰਿਪੋਰਟ ਵੀ ਤਿਆਰ ਕਰ ਰਹੀ ਹੈ ਅਤੇ ਜਲੰਧਰ ਵਿਚ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਭ੍ਰਿਸ਼ਟਾਚਾਰ ਵਿਰੁੱਧ ਜੰਗ ਦੇ ਪ੍ਰਭਾਵ ਬਾਰੇ ਜਨਤਾ ਤੋਂ ਫੀਡਬੈਕ ਲਈ ਜਾ ਰਹੀ ਹੈ। ਆਮ ਲੋਕਾਂ ਨੇ ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਕਾਰਵਾਈ ਦਾ ਸਵਾਗਤ ਕੀਤਾ ਹੈ। ਹੁਣ ਕੇਜਰੀਵਾਲ ਦਾ ਅਗਲਾ ਕਦਮ ਪੰਜਾਬ ਦੇ ਹੋਰ ਵੱਡੇ ਸ਼ਹਿਰਾਂ 'ਚ ਵੀ ਇਸੇ ਤਰ੍ਹਾਂ ਦੀ ਕਾਰਵਾਈ ਕਰਨ ਦਾ ਹੈ। ਕੇਂਦਰੀ ਲੀਡਰਸ਼ਿਪ ਨੇ ਆਪਣੀਆਂ ਟੀਮਾਂ ਤਾਇਨਾਤ ਕਰ ਦਿੱਤੀਆਂ ਹਨ, ਜੋ ਕੇਜਰੀਵਾਲ ਨੂੰ ਪੂਰੀਆਂ ਰਿਪੋਰਟਾਂ ਦੇ ਰਹੀਆਂ ਹਨ। ਦਿੱਲੀ ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ ਹੁਣ ਕੇਜਰੀਵਾਲ ਲਈ ਪੰਜਾਬ 'ਚ ਆਪਣੇ ਗੜ੍ਹ ਨੂੰ ਬਚਾਉਣਾ ਜ਼ਰੂਰੀ ਹੋ ਗਿਆ ਹੈ ਕਿਉਂਕਿ ਇਸ ਤੋਂ ਬਾਅਦ ਹੀ ਪਾਰਟੀ ਹੋਰ ਥਾਵਾਂ 'ਤੇ ਮਜ਼ਬੂਤ ਹੋ ਸਕੇਗੀ।

# ਅਕਾਲੀ ਦਲ ਦੇ ਕੌਂਸਲਰ ਦੀ ਗੋਲੀ ਮਾਰ ਕੇ ਹੱਤਿਆ

■ ਪੁਲਿਸ ਵੱਲੋਂ 5 ਜਣਿਆਂ ਖਿਲਾਫ਼ ਕੇਸ ਦਰਜ

■ ਛੇਹਰਟਾ 'ਚ ਸਮਾਗਮ 'ਚ ਸ਼ਾਮਲ ਹੋਣ ਆਇਆ ਸੀ ਹਰਜਿੰਦਰ ਸਿੰਘ



ਜਾਣਕਾਰੀ ਦਿੰਦੇ ਹੋਏ ਡੀ.ਸੀ.ਪੀ. ਜਗਜੀਤ ਸਿੰਘ ਵਾਲੀਆ ਤੇ ਹੋਰ ਅਧਿਕਾਰੀ।

ਅੰਮ੍ਰਿਤਸਰ, (ਪੰਜਾਬ ਮੇਲ)- ਜੰਡਿਆਲਾ ਗੁਰੂ ਦੀ ਨਗਰ ਕੌਂਸਲ ਦੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਕੌਂਸਲਰ ਹਰਜਿੰਦਰ ਸਿੰਘ ਉਰਫ਼ ਬਾਮਨ ਦੀ ਐਤਵਾਰ ਨੂੰ ਛੇਹਰਟਾ ਇਲਾਕੇ ਵਿਚ ਮੋਟਰਸਾਈਕਲ ਸਵਾਰ ਹਥਿਆਰਬੰਦ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਸ ਘਟਨਾ ਕਾਰਨ ਇਲਾਕੇ ਦੇ ਦੁਕਾਨਦਾਰਾਂ ਵਿਚ ਦਹਿਸ਼ਤ ਫੈਲ ਗਈ। ਪੁਲਿਸ ਦੇ ਵਧੀਕ ਡਿਪਟੀ ਕਮਿਸ਼ਨਰ (ਏ.ਡੀ.ਸੀ.ਪੀ.) ਹਰਪਾਲ ਸਿੰਘ ਨੇ ਕਿਹਾ ਕਿ ਪੁਲਿਸ ਨੇ ਇਸ ਮਾਮਲੇ ਵਿਚ ਕਈ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਹਰਜਿੰਦਰ ਸਿੰਘ ਆਪਣੇ ਪਰਿਵਾਰ ਸਮੇਤ ਛੇਹਰਟਾ ਵਿਚ ਇੱਕ ਸਮਾਗਮ ਵਿਚ ਸ਼ਾਮਲ ਹੋਣ ਲਈ ਆਇਆ ਸੀ। ਜਦੋਂ ਉਹ ਆਪਣੇ ਰਿਸ਼ਤੇਦਾਰਾਂ ਨਾਲ ਦੁਪਹਿਰ ਦੇ ਖਾਣੇ ਲਈ ਨੇੜੇ ਇੱਕ ਸਥਾਨ 'ਤੇ ਜਾ ਰਿਹਾ ਸੀ ਤਾਂ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਉਹ ਗੰਭੀਰ ਜ਼ਖਮੀ ਹੋ ਗਿਆ ਅਤੇ ਹਸਪਤਾਲ ਜਾਂਦੇ ਸਮੇਂ ਉਸਦੀ ਮੌਤ ਹੋ ਗਈ।

ਹਰਜਿੰਦਰ ਨੂੰ ਕਈ ਵਿਅਕਤੀਆਂ ਵੱਲੋਂ ਧਮਕੀਆਂ ਮਿਲ ਰਹੀਆਂ ਸਨ। ਕੁਝ ਅਣਪਛਾਤੇ ਵਿਅਕਤੀਆਂ ਨੇ 12 ਮਈ ਨੂੰ ਜੰਡਿਆਲਾ ਸਥਿਤ ਉਸ ਦੇ ਘਰ ਬਾਹਰ ਗੋਲੀਆਂ ਵੀ ਚਲਾਈਆਂ ਸਨ। ਪਰ ਜਦੋਂ ਇਹ ਘਟਨਾ ਵਾਪਰੀ, ਤਾਂ ਉਹ ਉਸ ਦਿਨ ਘਰ ਵਿਚ ਨਹੀਂ ਸੀ।

ਪੁਲਿਸ ਅਧਿਕਾਰੀ ਹਰਪਾਲ ਸਿੰਘ ਨੇ ਕਿਹਾ ਕਿ ਉਸ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ 'ਤੇ ਪੁਲਿਸ ਨੇ ਕਿਸ਼ਨ, ਕਰਨ, ਘੁੱਦੂ, ਗੋਲਡੀ ਅਤੇ ਰਾਜੂ ਨੂੰ ਨਾਮਜ਼ਦ ਕੀਤਾ ਹੈ। ਕਿਸ਼ਨ, ਜੋ ਇਸ ਸਮੇਂ ਦੁਬਈ ਵਿਚ ਰਹਿੰਦਾ ਹੈ, ਉਸ ਵਿਰੁੱਧ ਕਈ ਅਪਰਾਧਿਕ ਮਾਮਲੇ ਦਰਜ ਹਨ।

ਛੇਹਰਟਾ ਪੁਲਿਸ ਸਟੇਸ਼ਨ ਦੇ ਐੱਸ.ਐੱਚ.ਓ. ਵਿਨੋਦ ਕੁਮਾਰ ਨੇ ਕਿਹਾ ਕਿ ਇਲਾਕੇ ਦੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੀ ਘੋਖ ਕੀਤੀ ਜਾ ਰਹੀ ਹੈ, ਤਾਂ ਜੋ ਮੁਲਜ਼ਮਾਂ ਬਾਰੇ ਸੁਰਾਗ ਮਿਲ ਸਕਣ। ਉਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੇ ਦੋਸ਼ ਲਗਾਇਆ ਕਿ ਇਲਾਕੇ ਵਿਚ ਨਸ਼ਾ ਤਸਕਰਾਂ ਖ਼ਿਲਾਫ਼ ਆਵਾਜ਼ ਚੁੱਕੇ ਜਾਣ ਕਾਰਨ ਹਰਜਿੰਦਰ ਸਿੰਘ ਨੂੰ ਧਮਕੀਆਂ ਮਿਲ ਰਹੀਆਂ ਸਨ। ਪੁਲਿਸ ਸੂਤਰਾਂ ਨੇ ਦੱਸਿਆ ਕਿ ਕਿਸ਼ਨ ਬਦਨਾਮ ਗੈਂਗਸਟਰ ਹੈਪੀ ਜੱਟ ਦਾ ਕਰੀਬੀ ਸਾਥੀ ਹੈ । ਡੀ.ਸੀ.ਪੀ. ਸਿਟੀ ਜਗਜੀਤ ਸਿੰਘ ਵਾਲੀਆ ਨੇ ਕੌਂਸਲਰ ਦੀ ਹੱਤਿਆ ਦਾ ਮਾਮਲਾ ਦੋ ਧੜਿਆਂ ਦੀ ਆਪਸੀ ਲੜਾਈ ਦਾ ਸਿੱਟਾ ਹੈ ਅਤੇ ਉਸ ਦਾ ਕਤਲ ਕ੍ਰਿਸ਼ਨਾ ਗੈਂਗ ਵੱਲੋਂ ਕੀਤਾ ਗਿਆ ਹੈ। ਪੁਲਿਸ ਨੇ ਕਾਤਲਾਂ ਦੀ ਪਛਾਣ ਕਰ ਲਈ ਹੈ ਅਤੇ ਵਾਰਦਾਤ ਵੇਲੇ ਵਰਤੇ ਗਏ ਵਾਹਨ ਦੀ ਪਛਾਣ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਕਿਸੇ ਵੇਲੇ ਵੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਨੂੰ ਇਸ ਕੇਸ ਵਿਚ ਅਮਿਤ, ਗੋਪੀ ਅਤੇ ਕਰਨ ਕੀੜਾ ਦੀ ਤਲਾਸ਼ ਹੈ ਅਤੇ ਤਿੰਨਾਂ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਹਨ। ਸ੍ਰੀ ਵਾਲੀਆ ਨੇ ਦੱਸਿਆ ਕਿ ਕ੍ਰਿਸ਼ਨਾ ਗੈਂਗ ਦੇ ਦੋ ਮੈਂਬਰਾਂ ਨੂੰ ਪੁਲਿਸ ਨੇ ਹਥਿਆਰਾਂ ਸਮੇਤ ਸ਼ਨਿਚਰਵਾਰ ਨੂੰ ਕਾਬੂ ਕੀਤਾ ਹੈ। ਇਸੇ ਦੌਰਾਨ ਜ਼ਿਲ੍ਹਾ ਦਿਹਾਤੀ ਪੁਲਿਸ ਦੇ ਮੁਖੀ ਮਨਿੰਦਰ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਜੰਡਿਆਲਾ ਗੁਰੂ ਵਿਚ ਜੋ ਗੋਲੀਆਂ ਚੱਲੀਆਂ ਸਨ, ਉਹ ਸਤਨਾਮ ਸਿੰਘ ਦੇ ਘਰ ਬਾਹਰ ਚਲਾਈਆਂ ਗਈਆਂ ਸਨ ਅਤੇ ਇਸ ਦੇ ਸਬੰਧ ਵਿਚ ਪੁਲਿਸ ਨੇ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਉਨ੍ਹਾਂ ਦੱਸਿਆ ਕਿ ਹਰਜਿੰਦਰ ਸਿੰਘ ਜਾਂ ਉਸ ਦੇ ਪਰਿਵਾਰ ਨੇ ਕਦੇ ਵੀ ਪੁਲਿਸ ਸੁਰੱਖਿਆ ਦੀ ਮੰਗ ਨਹੀਂ ਕੀਤੀ ਸੀ।

ਸਫਾ 1 ਦਾ ਬਾਕੀ

## ਆਈ.ਸੀ.ਈ. ਏਜੰਟਾਂ ਵੱਲੋਂ ਅਮਰੀਕੀ ਅਦਾਲਤਾਂ 'ਚ ਹੀ...

ਕਈ ਲੋਕ ਜੋ ਨਿਯਮਤ ਜਾਂਚ ਜਾਂ ਸਕਾਰਾਤਮਕ ਨਤੀਜੇ ਦੀ ਉਮੀਦ ਨਾਲ ਅਦਾਲਤ ਪਹੁੰਚਦੇ ਸਨ, ਉਹ ਅਦਾਲਤ ਤੋਂ ਨਿਕਲਦੇ ਹੀ ਹਿਰਾਸਤ ਵਿਚ ਲਏ ਜਾ ਰਹੇ ਹਨ। ਇਕ ਸਮਾਚਾਰ ਏਜੰਸੀ ਮੁਤਾਬਕ ਇਹ ਕਾਰਵਾਈ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ, ਜੋ ਦੋ ਸਾਲਾਂ ਤੋਂ ਘੱਟ ਸਮੇਂ ਤੋਂ ਦੇਸ਼ ਵਿਚ ਰਹਿ ਰਹੇ ਹਨ।

ਪ੍ਰਵਾਸੀ ਅਧਿਕਾਰਾਂ ਲਈ ਕੰਮ ਕਰ ਰਹੇ ਵਕੀਲਾਂ ਨੇ ਚਿੰਤਾ ਜਤਾਈ ਹੈ ਕਿ ਇਹ ਰਣਨੀਤੀ ਕਾਨੂੰਨੀ ਪ੍ਰਕਿਰਿਆ 'ਤੇ ਭਰੋਸਾ ਘਟਾਉਂਦੀ ਹੈ ਅਤੇ ਲੋਕਾਂ ਨੂੰ ਜ਼ਰੂਰੀ ਸੁਣਵਾਈਆਂ ਤੋਂ ਦੂਰ ਕਰ ਸਕਦੀ ਹੈ। ਅਮਰੀਕਨ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ ਨੇ ਅਦਾਲਤਾਂ 'ਚ ਗ੍ਰਿਫ਼ਤਾਰੀਆਂ ਵਿਚ ਵਾਧੇ ਦੀ ਪੁਸ਼ਟੀ ਕੀਤੀ ਹੈ ਅਤੇ ਕੁਝ ਕਾਨੂੰਨੀ ਸੰਗਠਨ ਇਸ ਅਭਿਆਸ ਨੂੰ ਚੁਣੌਤੀ ਦੇਣ ਲਈ ਕਾਨੂੰਨੀ ਰਾਹਾਂ ਦੀ ਵੀ ਚਰਚਾ ਕਰ ਰਹੇ ਹਨ। ਟਰੰਪ ਪ੍ਰਸ਼ਾਸਨ ਨੇ ਇਸ ਨੀਤੀ ਨੂੰ ਨਜ਼ਰਬੰਦੀਆਂ ਅਤੇ ਡਿਪੋਰਟੇਸ਼ਨ ਦੀ ਪ੍ਰਕਿਰਿਆ ਤੇਜ਼ ਕਰਨ ਲਈ ਜਾਇਜ਼ ਠਹਿਰਾਇਆ ਹੈ, ਖਾਸ ਕਰਕੇ ਜਦੋਂ ਵੱਡੇ ਪੱਧਰ 'ਤੇ ਦੇਸ਼ ਨਿਕਾਲਾ ਲਾਉਣ ਵਿਚ ਕਾਨੂੰਨੀ ਰੁਕਾਵਟਾਂ ਆ ਰਹੀਆਂ ਹਨ। ਇਹ ਗ੍ਰਿਫ਼ਤਾਰੀਆਂ ਸੰਘੀ ਇਮੀਗ੍ਰੇਸ਼ਨ ਲਾਗੂ ਕਰਨ ਵਿਚ ਵੱਡਾ ਵਾਧਾ ਹਨ, ਜੋ ਪ੍ਰਵਾਸੀਆਂ ਦੀ ਵੱਡੀ ਗਿਣਤੀ ਨੂੰ ਨਿਸ਼ਾਨਾ ਬਣਾਉਂਦੀਆਂ ਹਨ।

ਸਫਾ 1 ਦਾ ਬਾਕੀ

## ਟਰੰਪ ਪ੍ਰਸ਼ਾਸਨ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਾ...

ਇਹ ਫੈਸਲਾ ਟਰੰਪ ਦੇ ਕਾਰਜਕਾਰੀ ਆਦੇਸ਼ 'ਵਿਦੇਸ਼ੀ ਅੱਤਵਾਦੀਆਂ ਅਤੇ ਹੋਰ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਸੁਰੱਖਿਆ ਖਤਰਿਆਂ ਤੋਂ ਸੰਯੁਕਤ ਰਾਜ ਅਮਰੀਕਾ ਦੀ ਰੱਖਿਆ' ਤਹਿਤ ਲਿਆ ਗਿਆ ਹੈ। ਇਸ ਨੀਤੀ ਦੀ ਕਈ ਮਨੁੱਖੀ ਅਧਿਕਾਰ ਸੰਗਠਨਾਂ ਦੁਆਰਾ ਆਲੋਚਨਾ ਕੀਤੀ ਗਈ ਹੈ। ਉਹ ਕਹਿੰਦਾ ਹੈ ਕਿ ਇਸ ਨਾਲ ਨਿੱਜੀ ਵਿਚਾਰਾਂ ਦੇ ਆਧਾਰ 'ਤੇ ਵਿਤਕਰਾ ਹੋ ਸਕਦਾ ਹੈ। ਲੋਕਾਂ ਨੂੰ ਡਰ ਹੈ ਕਿ ਇਹ ਨਿਯਮ ਰਾਜਨੀਤਿਕ ਵਿਚਾਰਾਂ ਜਾਂ ਧਾਰਮਿਕ ਵਿਸ਼ਵਾਸਾਂ ਦੇ ਆਧਾਰ 'ਤੇ ਅਸਮਾਨ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ। ਇਸ ਤਹਿਤ ਵਿਦੇਸ਼ੀ ਵਿਦਿਆਰਥੀਆਂ ਨੂੰ ਅਮਰੀਕਾ ਆਉਣ ਤੋਂ ਪਹਿਲਾਂ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੀ ਜਾਂਚ ਕਰਵਾਉਣ ਲਈ ਤਿਆਰ ਰਹਿਣ ਦੀ ਲੋੜ ਹੈ। ਨਵੇਂ ਵੀਜ਼ਾ ਇੰਟਰਵਿਊ ਅਸਥਾਈ ਤੌਰ 'ਤੇ ਰੋਕ ਦਿੱਤੇ ਗਏ ਹਨ। ਯੂਨੀਵਰਸਿਟੀਆਂ ਨੂੰ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿਚ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਕਦਮ ਨੂੰ ਰਾਸ਼ਟਰੀ ਸੁਰੱਖਿਆ ਅਤੇ ਰਾਜਨੀਤਿਕ ਰਣਨੀਤੀ ਦੋਵਾਂ ਦਾ ਮਿਸ਼ਰਣ ਮੰਨਿਆ ਜਾ ਰਿਹਾ ਹੈ।

ਸਫਾ 1 ਦਾ ਬਾਕੀ

## ਟਰੰਪ ਵੱਲੋਂ ਅਮਰੀਕਾ ਰਹਿੰਦੇ ਪ੍ਰਵਾਸੀਆਂ ਨੂੰ ਪੈਸੇ ਟਰਾਂਸਫਰ...

ਟਰੰਪ ਪ੍ਰਸ਼ਾਸਨ ਨੇ ਅਮਰੀਕਾ ਤੋਂ ਦੂਜੇ ਦੇਸ਼ਾਂ ਨੂੰ ਪੈਸੇ ਭੇਜਣ 'ਤੇ ਟੈਕਸ ਇਕੱਠਾ ਕਰਨ ਲਈ 'ਐਕਸਾਈਜ਼ ਟੈਕਸ ਆਨ ਰੈਮਿਟੈਂਸ ਟਰਾਂਸਫਰ' ਨਾਮਕ ਇੱਕ ਬਿੱਲ ਪੇਸ਼ ਕੀਤਾ ਹੈ। ਰਿਪਬਲਿਕਨ, ਜਿਨ੍ਹਾਂ ਨੇ ਇਸਨੂੰ ਇੱਕ ਸੁੰਦਰ ਬਿੱਲ ਦੱਸਿਆ, ਨੇ ਕਿਹਾ ਕਿ ਇਹ 5 ਪ੍ਰਤੀਸ਼ਤ ਟੈਕਸ ਇਕੱਠਾ ਕਰੇਗਾ। ਹਾਲਾਂਕਿ ਆਲੋਚਨਾ ਅਤੇ ਵਿਰੋਧ ਕਾਰਨ ਇਸਨੂੰ ਅੰਤ ਵਿਚ 3.5 ਪ੍ਰਤੀਸ਼ਤ ਤੱਕ ਘਟਾ ਦਿੱਤਾ ਗਿਆ। ਬੈਂਕ ਅਤੇ ਮਨੀ ਟਰਾਂਸਫਰ ਕੰਪਨੀਆਂ ਜੋ ਪੈਸੇ ਟਰਾਂਸਫਰ ਕਰਦੀਆਂ ਹਨ, ਇਹ ਟੈਕਸ ਇਕੱਠਾ ਕਰਦੀਆਂ ਹਨ ਅਤੇ ਸਰਕਾਰ ਨੂੰ ਅਦਾ ਕਰਦੀਆਂ ਹਨ। ਇਹ ਟੈਕਸ ਕਾਨੂੰਨ ਬਿੱਲ 'ਵਨ ਬਿਗ ਬਿਊਟੀਫੁੱਲ ਐਕਟ' ਦੇ ਨਾਮ ਹੇਠ ਬਣਾਇਆ ਗਿਆ ਸੀ।

ਅਮਰੀਕੀ ਪ੍ਰਤੀਨਿਧੀ ਸਭਾ ਨੇ ਇਸਨੂੰ ਮਨਜ਼ੂਰੀ ਦੇ ਦਿੱਤੀ। ਇਸ ਦੇ ਹੱਕ ਵਿਚ 215 ਅਤੇ ਵਿਰੋਧ ਵਿਚ 214 ਵੋਟਾਂ ਪਈਆਂ। ਇਸਦਾ ਮਤਲਬ ਹੈ ਕਿ ਇਹ ਬਿੱਲ ਬਹੁਤ ਘੱਟ ਬਹੁਮਤ ਨਾਲ ਪਾਸ ਹੋਇਆ। ਅਮਰੀਕਾ ਵਿਚ ਲਗਭਗ 4.46 ਮਿਲੀਅਨ ਭਾਰਤੀ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਇਸਨੂੰ ਭਾਰਤ ਵਿਚ ਆਪਣੇ ਪਰਿਵਾਰਕ ਮੈਂਬਰਾਂ, ਮਾਪਿਆਂ ਅਤੇ ਰਿਸ਼ਤੇਦਾਰਾਂ ਨੂੰ ਭੇਜਦੇ ਹਨ। ਇਸ ਟੈਕਸ ਕਟੌਤੀ ਨਾਲ ਉਨ੍ਹਾਂ ਨੂੰ ਕੁਝ ਫਾਇਦਾ ਹੋਵੇਗਾ।

ਸਫਾ 1 ਦਾ ਬਾਕੀ

## ਟਰੰਪ ਦੇ ਬਿਆਨ 'ਤੇ ਰੂਸ ਨੇ ਤੀਜੇ ਵਿਸ਼ਵ ਯੁੱਧ ਦੀ ਦਿੱਤੀ...

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਟਰੰਪ ਨੇ ਕਿਹਾ ਸੀ ਕਿ ਮੈਂ ਪੁਤਿਨ ਨੂੰ ਬਹੁਤ ਲੰਬੇ ਸਮੇਂ ਤੋਂ ਜਾਣਦਾ ਹਾਂ, ਸਾਡੇ ਸਬੰਧ ਚੰਗੇ ਰਹੇ ਹਨ। ਪਰ ਹੁਣ ਉਹ ਰਾਕੇਟ ਦਾਗ਼ ਰਹੇ ਹਨ, ਸ਼ਹਿਰਾਂ 'ਤੇ ਹਮਲਾ ਕਰ ਰਹੇ ਹਨ, ਲੋਕਾਂ ਨੂੰ ਮਾਰ ਰਹੇ ਹਨ। ਮੈਨੂੰ ਇਹ ਬਿਲਕੁਲ ਵੀ ਪਸੰਦ ਨਹੀਂ ਹੈ। ਮੈਨੂੰ ਨਹੀਂ ਪਤਾ ਕਿ ਇਸ ਆਦਮੀ ਨੂੰ ਕੀ ਹੋਇਆ ਹੈ। ਅਸੀਂ ਗੱਲ ਕਰ ਰਹੇ ਹਾਂ ਅਤੇ ਉਹ ਕੀਵ ਅਤੇ ਹੋਰ ਸ਼ਹਿਰਾਂ 'ਤੇ ਮਿਜ਼ਾਈਲਾਂ ਦੀ ਬਾਰਿਸ਼ ਕਰ ਰਿਹਾ ਹੈ।

ਸਫਾ 1 ਦਾ ਬਾਕੀ

## ਅਪਰਾਧਿਕ ਮਾਮਲਾ ਪੈਂਡਿੰਗ ਹੋਣ 'ਤੇ ਪਾਸਪੋਰਟ...

ਟ੍ਰਾਇਲ ਕੋਰਟ ਦੀ ਇਜਾਜ਼ਤ ਮੁਤਾਬਕ ਪਟੀਸ਼ਨਰ ਨੇ 12 ਮਾਰਚ ਨੂੰ ਪਾਸਪੋਰਟ ਜਾਰੀ ਕਰਨ ਲਈ ਵਿਧੀਵਤ ਅਰਜ਼ੀ ਪੇਸ਼ ਕੀਤੀ ਪਰ ਪਾਸਪੋਰਟ ਨਹੀਂ ਦਿੱਤਾ ਗਿਆ। ਸ਼ੁਰੂਆਤ 'ਚ ਪਾਸਪੋਰਟ ਦਫ਼ਤਰ ਨੇ 30 ਮਾਰਚ ਨੂੰ ਫਾਈਲ ਬੰਦ ਕਰਨ ਦਾ ਨੋਟਿਸ ਜਾਰੀ ਕੀਤਾ, ਉਸ ਤੋਂ ਬਾਅਦ ਪੁਲਿਸ ਦੀ ਤਸਦੀਕ ਰਿਪੋਰਟ ਠੀਕ ਨਾ ਹੋਣ ਦੇ ਮੱਦੇਨਜ਼ਰ 29 ਅਪ੍ਰੈਲ ਨੂੰ ਸਪੱਸ਼ਟੀਕਰਨ ਲਈ ਬੇਨਤੀ ਕੀਤੀ। ਚੰਡੀਗੜ੍ਹ ਸਥਿਤ ਖੇਤਰੀ ਪਾਸਪੋਰਟ ਦਫ਼ਤਰ ਨੇ ਪਟੀਸ਼ਨਰ ਨੂੰ ਟ੍ਰਾਇਲ ਕੋਰਟ ਤੋਂ ਨਵੀਂ ਇਜਾਜ਼ਤ ਹਾਸਲ ਕਰਨ ਦਾ ਨਿਰਦੇਸ਼ ਦਿੱਤਾ, ਜਿਸ 'ਚ ਉਸ ਨੂੰ ਸਪੱਸ਼ਟ ਤੌਰ 'ਤੇ ਭਾਰਤ ਤੋਂ ਬਾਹਰ ਜਾਣ ਦੀ ਇਜਾਜ਼ਤ ਦਿੱਤੀ ਗਈ। ਪਟੀਸ਼ਨਰ ਦੇ ਵਕੀਲ ਨੇ ਦਲੀਲ ਦਿੱਤੀ ਕਿ ਪ੍ਰਤੀਵਾਦੀ ਅਥਾਰਟੀ ਵੱਲੋਂ ਜਾਰੀ ਕੀਤਾ ਗਿਆ ਪੱਤਰ ਪੂਰੀ ਤਰ੍ਹਾਂ ਮਨਮਰਜ਼ੀ ਤੇ ਕਾਨੂੰਨ ਦੇ ਨਜ਼ਰੀਏ ਤੋਂ ਗ਼ੈਰ ਵਿਹਾਰਕ ਹੈ।

ਸਫਾ 1 ਦਾ ਬਾਕੀ

## ਵਿਦੇਸ਼ਾਂ ਤੋਂ ਫੰਡ ਹਾਸਲ ਕਰਨ ਵਾਲੇ ਐੱਨ.ਜੀ.ਓ. ਖਿਲਾਫ...

ਐੱਫ.ਏ.ਟੀ.ਐੱਫ. ਅੱਤਵਾਦ ਰੋਕੂ ਵਿੱਤ ਪੋਸ਼ਣ ਅਤੇ ਮਨੀ ਲਾਂਡਰਿੰਗ 'ਤੇ ਵਿਸ਼ਵਵਿਆਪੀ ਨਿਗਰਾਨੀ ਸੰਸਥਾ ਹੈ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਰਜਿਸਟ੍ਰੇਸ਼ਨ ਦੀ ਮੰਗ ਕਰਨ ਵਾਲੀਆਂ ਅਜਿਹੀਆਂ ਸੰਸਥਾਵਾਂ ਜਾਂ ਐਨਜੀਓਜ਼ ਨੂੰ ਪਿਛਲੇ ਤਿੰਨ ਵਿੱਤੀ ਸਾਲਾਂ ਦੇ ਵਿੱਤੀ ਬਿਆਨ ਅਤੇ ਆਡਿਟ ਰਿਪੋਰਟਾਂ ਨੱਥੀ ਕਰਨੀਆਂ ਪੈਣਗੀਆਂ, ਜਿਸ ਵਿੱਚ ਜਾਇਦਾਦਾਂ ਅਤੇ ਦੇਣਦਾਰੀਆਂ ਦਾ ਬਿਆਨ, ਪ੍ਰਾਪਤੀਆਂ ਅਤੇ ਭੁਗਤਾਨ ਖਾਤਾ, ਅਤੇ ਆਮਦਨ ਅਤੇ ਖਰਚ ਖਾਤਾ ਸ਼ਾਮਲ ਹੋਵੇਗਾ।

ਜੇਕਰ ਆਡਿਟ ਰਿਪੋਰਟ ਅਤੇ ਵਿੱਤੀ ਸਟੇਟਮੈਂਟਾਂ ਵਿੱਚ ਪਿਛਲੇ ਤਿੰਨ ਵਿੱਤੀ ਸਾਲਾਂ ਲਈ ਗਤੀਵਿਧੀ-ਵਾਰ ਖਰਚ ਸ਼ਾਮਲ ਨਹੀਂ ਹੈ, ਤਾਂ ਇੱਕ ਚਾਰਟਰਡ ਅਕਾਊਂਟੈਂਟ ਦਾ ਸਰਟੀਫਿਕੇਟ ਜਮ੍ਹਾ ਕੀਤਾ ਜਾਣਾ ਚਾਹੀਦਾ ਹੈ ਜਿਸ ਵਿੱਚ ਐੱਨ.ਜੀ.ਓ. ਦੁਆਰਾ ਗਤੀਵਿਧੀ-ਵਾਰ ਖਰਚ ਕੀਤੀ ਗਈ ਰਕਮ ਦਾ ਵਰਣਨ ਕੀਤਾ ਗਿਆ ਹੋਵੇ, ਜੋ ਕਿ ਆਮਦਨ ਅਤੇ ਖਰਚ ਖਾਤੇ ਅਤੇ ਰਸੀਦਾਂ ਅਤੇ ਭੁਗਤਾਨ ਖਾਤੇ ਨਾਲ ਸਹੀ ਢੰਗ ਨਾਲ ਮੇਲ ਖਾਂਦਾ ਹੋਵੇ। ਜੇਕਰ ਐਸੋਸੀਏਸ਼ਨ ਜਾਂ ਐਨਜੀਓ ਪ੍ਰਕਾਸ਼ਨ ਗਤੀਵਿਧੀਆਂ ਵਿੱਚ ਸ਼ਾਮਲ ਹੈ ਜਾਂ ਜੇਕਰ ਪ੍ਰਕਾਸ਼ਨ ਗਤੀਵਿਧੀਆਂ ਐਸੋਸੀਏਸ਼ਨ ਦੇ 'ਮੈਮੋਰੈਂਡਮ ਆਫ਼ ਐਸੋਸੀਏਸ਼ਨ' ਜਾਂ ਟਰੱਸਟ ਡੀਡ ਵਿੱਚ ਦੱਸੇ ਅਨੁਸਾਰ ਇਸਦੇ ਉਦੇਸ਼ਾਂ ਵਿੱਚ ਸ਼ਾਮਲ ਹਨ, ਤਾਂ ਐਫਸੀਆਰਏ, 2010 ਦੀ ਪਾਲਣਾ ਸੰਬੰਧੀ ਮੁੱਖ ਅਹੁਦੇਦਾਰ ਤੋਂ ਇੱਕ ਹਲਫ਼ਨਾਮਾ ਲਿਆ ਜਾਣਾ ਚਾਹੀਦਾ ਹੈ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਜੇਕਰ ਐਸੋਸੀਏਸ਼ਨ ਦਾ ਪ੍ਰਕਾਸ਼ਨ ਰਜਿਸਟਰਾਰ ਆਫ਼ ਨਿਊਜ਼ਪੇਪਰਜ਼, ਭਾਰਤ ਕੋਲ ਰਜਿਸਟਰਡ ਹੈ, ਤਾਂ ਇਸਨੂੰ ਰਜਿਸਟਰਾਰ ਆਫ਼ ਨਿਊਜ਼ਪੇਪਰਜ਼, ਭਾਰਤ ਤੋਂ "ਅਖਬਾਰ ਨਹੀਂ" ਹੋਣ ਦਾ ਸਰਟੀਫਿਕੇਟ ਜਮ੍ਹਾ ਕਰਨਾ ਹੋਵੇਗਾ। ਜੇਕਰ ਐੱਨ.ਜੀ.ਓ. ਪਹਿਲਾਂ ਐੱਫ.ਸੀ.ਆਰ.ਏ. ਅਧੀਨ ਰਜਿਸਟਰਡ ਸੀ, ਤਾਂ ਇਸਨੂੰ ਰਜਿਸਟ੍ਰੇਸ਼ਨ ਸਰਟੀਫਿਕੇਟ ਦੀ ਮਿਆਦ ਪੁੱਗਣ ਜਾਂ ਰੱਦ ਹੋਣ ਤੋਂ ਬਾਅਦ ਵਿਦੇਸ਼ੀ ਯੋਗਦਾਨ ਦੀ ਪ੍ਰਾਪਤੀ ਅਤੇ ਵਰਤੋਂ ਸੰਬੰਧੀ ਇੱਕ ਹਲਫ਼ਨਾਮਾ ਜਮ੍ਹਾ ਕਰਨਾ ਪਵੇਗਾ। ਇਸ ਵਿੱਚ ਕਿਹਾ ਗਿਆ ਹੈ ਕਿ ਜੇਕਰ ਪਿਛਲੇ ਤਿੰਨ ਵਿੱਤੀ ਸਾਲਾਂ ਵਿੱਚ ਟੀਚਿਆਂ ਅਤੇ ਉਦੇਸ਼ਾਂ 'ਤੇ ਖਰਚ 15 ਲੱਖ ਰੁਪਏ ਤੋਂ ਘੱਟ ਹੈ, ਤਾਂ ਪੂੰਜੀ ਨਿਵੇਸ਼ ਨੂੰ ਸ਼ਾਮਲ ਕਰਨ ਸੰਬੰਧੀ ਇੱਕ ਹਲਫ਼ਨਾਮਾ ਜਮ੍ਹਾ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਨੇ ਇੱਕ ਸ਼ਰਤ ਰੱਖੀ ਹੈ ਕਿ ਵਿਦੇਸ਼ੀ ਯੋਗਦਾਨ ਪ੍ਰਾਪਤ ਕਰਨ ਦੀ ਇਜਾਜ਼ਤ ਲੈਣ ਵਾਲੀਆਂ ਗੈਰ-ਸਰਕਾਰੀ ਸੰਸਥਾਵਾਂ ਨੂੰ ਦਾਨੀ ਤੋਂ ਇੱਕ ਵਚਨਬੱਧਤਾ ਪੱਤਰ ਨੱਥੀ ਕਰਨਾ ਪਵੇਗਾ, ਅਤੇ ਪੱਤਰ ਵਿੱਚ ਦੱਸੀ ਗਈ ਵਚਨਬੱਧਤਾ ਰਕਮ ਦਾਨ ਦੀ ਰਕਮ ਨਾਲ ਮੇਲ ਖਾਂਦੀ ਹੋਣੀ ਚਾਹੀਦੀ ਹੈ। ਇੱਕ ਪ੍ਰੋਜੈਕਟ ਰਿਪੋਰਟ ਵੀ ਜਮ੍ਹਾ ਕਰਨ ਦੀ ਜ਼ਰੂਰਤ ਹੋਏਗੀ, ਜਿਸ ਵਿੱਚ ਵਿਦੇਸ਼ੀ ਯੋਗਦਾਨ ਤੋਂ ਹੋਣ ਵਾਲੇ ਪ੍ਰਸਤਾਵਿਤ ਖਰਚੇ ਦਾ ਵੇਰਵਾ ਦਿੱਤਾ ਜਾਵੇਗਾ, ਅਤੇ ਇੱਕ ਘੋਸ਼ਣਾ ਕੀਤੀ ਜਾਵੇਗੀ ਕਿ ਪ੍ਰਬੰਧਕੀ ਖਰਚੇ ਵਿਦੇਸ਼ੀ ਯੋਗਦਾਨ ਦੇ 20 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣਗੇ। ਵਿਦੇਸ਼ੀ ਫੰਡ ਪ੍ਰਾਪਤ ਕਰਨ ਵਾਲੀਆਂ ਸਾਰੀਆਂ ਐੱਨ.ਜੀ.ਓਜ਼ ਨੂੰ ਲਾਜ਼ਮੀ ਤੌਰ 'ਤੇ ਐੱਫ.ਸੀ.ਆਰ.ਏ. ਅਧੀਨ ਰਜਿਸਟਰ ਹੋਣਾ ਚਾਹੀਦਾ ਹੈ ਅਤੇ ਅਜਿਹੇ ਫੰਡਾਂ ਦੀ ਵਰਤੋਂ ਸਿਰਫ਼ ਉਨ੍ਹਾਂ ਉਦੇਸ਼ਾਂ ਲਈ ਕਰਨੀ ਚਾਹੀਦੀ ਹੈ ਜਿਨ੍ਹਾਂ ਲਈ ਇਹ ਪ੍ਰਾਪਤ ਹੋਏ ਹਨ। ਸਰਕਾਰ ਨੇ ਕਿਹਾ ਹੈ ਕਿ ਵਿਦੇਸ਼ੀ ਯੋਗਦਾਨ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲੀ ਕੋਈ ਵੀ ਸੰਸਥਾ ਦਾ ਇੱਕ ਪਰਿਭਾਸ਼ਿਤ ਸੱਭਿਆਚਾਰਕ, ਆਰਥਿਕ, ਵਿਦਿਅਕ, ਧਾਰਮਿਕ ਜਾਂ ਸਮਾਜਿਕ ਪ੍ਰੋਗਰਾਮ ਹੋਣਾ ਚਾਹੀਦਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸੰਗਠਨ ਨੂੰ ਕੇਂਦਰ ਤੋਂ ਇਜਾਜ਼ਤ ਜਾਂ ਰਜਿਸਟ੍ਰੇਸ਼ਨ ਪ੍ਰਾਪਤ ਕੀਤੇ ਬਿਨਾਂ ਕੋਈ ਵਿਦੇਸ਼ੀ ਯੋਗਦਾਨ ਪ੍ਰਾਪਤ ਜਾਂ ਵਰਤੋਂ ਨਹੀਂ ਕਰਨੀ ਚਾਹੀਦੀ।

# ਪੰਜਾਬ ਸਰਕਾਰ ਵੱਲੋਂ ਸ਼ਤਾਬਦੀਆਂ ਸਬੰਧੀ ਇਸ਼ਤਿਹਾਰ 'ਚ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਨਾਲ ਛੇੜਛਾੜ ਸਿੱਖ ਭਾਵਨਾਵਾਂ ਨਾਲ ਖਿਲਵਾੜ : ਐਡਵੋਕੇਟ ਧਾਮੀ

**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵੱਲੋਂ ਸ਼ਤਾਬਦੀਆਂ ਬਾਰੇ ਸੁਝਾਅ ਲੈਣ ਲਈ ਜਾਰੀ ਕੀਤੇ ਗਏ ਇਸ਼ਤਿਹਾਰ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਵਰਤੀ ਗਈ ਤਸਵੀਰ ਨੂੰ ਕੰਪਿਊਟਰ ਤਕਨੀਕ ਨਾਲ ਵਿਗਾੜਨ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਦੀ ਇਹ ਹਰਕਤ ਸਿੱਖ ਭਾਵਨਾਵਾਂ ਨਾਲ ਵੱਡਾ ਖਿਲਵਾੜ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਨਾਲ ਸਬੰਧਤ ਕੋਈ ਵੀ ਤਸਵੀਰ ਛਾਪਣ ਤੋਂ ਪਹਿਲਾਂ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਨਾਲ ਸੰਪਰਕ ਜ਼ਰੂਰ ਕਰਨਾ ਚਾਹੀਦਾ ਸੀ। ਐਡਵੋਕੇਟ ਧਾਮੀ ਨੇ ਆਖਿਆ ਕਿ ਸ੍ਰੀ ਦਰਬਾਰ ਸਾਹਿਬ ਸਿੱਖਾਂ ਦੀ ਆਸਥਾ ਦਾ ਕੇਂਦਰ ਹੈ ਅਤੇ ਵਿਸ਼ਵ ਭਰ ਦੇ ਸਿੱਖ ਆਪਣੇ



ਮਨਾਂ ਅੰਦਰ ਇਸ ਪਾਵਨ ਅਸਥਾਨ ਦੇ ਸਰੂਪ ਨੂੰ ਵਸਾ ਕੇ ਰੱਖਦੇ ਹਨ। ਇਸ ਦੀ ਏ.ਆਈ. ਤਕਨੀਕ ਨਾਲ ਬਣਾਈ ਗਈ ਗਲਤ ਤਸਵੀਰ ਵਿਚ ਨਾ ਸਿਰਫ਼ ਸਿੱਖਾਂ ਦੀ ਸ਼ਰਧਾ ਅਤੇ ਆਸਥਾ ਨਾਲ ਹੀ ਖਿਲਵਾੜ ਕੀਤਾ ਗਿਆ ਹੈ, ਬਲਕਿ ਸਿੱਖਾਂ ਦੀ ਆਤਮਾ ਵਿਚ ਵੱਸੇ ਸ੍ਰੀ ਦਰਬਾਰ ਸਾਹਿਬ ਦੀ ਰੂਹਾਨੀ ਆਭਾ ਨੂੰ ਵੀ ਖੰਡਤ ਕਰਨ ਦੀ ਕੋਝੀ ਹਰਕਤ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖਾਂ ਦੇ ਇਸ ਜੀਵਨ ਦੇਣ ਵਾਲੇ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਇੰਟਰਨੈੱਟ ਉੱਤੇ ਸੈਂਕੜੇ ਤਸਵੀਰਾਂ ਮਿਲਣ ਦੇ ਬਾਵਜੂਦ ਵੀ ਕੰਪਿਊਟਰ ਦੁਆਰਾ ਛੇੜਛਾੜ ਕਰਕੇ ਇਸ ਨੂੰ ਵਿਗਾੜਨ ਦੀ ਹਰਕਤ ਬੇਹੱਦ ਦੁਖਦਾਈ ਹੈ, ਜਿਸ ਬਾਰੇ ਸਰਕਾਰ ਸਪੱਸ਼ਟ ਕਰੇ ਅਤੇ ਤੁਰੰਤ ਮੁਆਫ਼ੀ ਮੰਗੇ।

ਐਡਵੋਕੇਟ ਧਾਮੀ ਨੇ ਆਖਿਆ ਕਿ ਸ਼ਤਾਬਦੀਆਂ ਦੇ ਸਮਾਗਮ ਮਨਾਉਣੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੀ ਹੀ ਜ਼ਿੰਮੇਵਾਰੀ ਹੈ, ਜਦਕਿ ਸਰਕਾਰ ਦਾ ਫ਼ਰਜ਼ ਗੁਰੂ ਸਾਹਿਬ ਨਾਲ ਸਬੰਧਤ ਸ਼ਹਿਰਾਂ ਦੇ ਵਿਕਾਸ ਕਾਰਜ ਕਰਨੇ, ਸੜਕੀ ਢਾਂਚਾ ਵਿਕਸਤ ਕਰਨਾ ਅਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨਾਲ ਵਿਚਾਰ-ਵਟਾਂਦਰਾ ਕਰਕੇ ਢੁੱਕਵੀਆਂ ਯਾਦਗਾਰਾਂ ਸਥਾਪਤ ਕਰਨਾ ਹੈ।

## ਅੱਤਵਾਦੀ ਅਰਸ਼ ਡੱਲਾ ਦਾ ਕਰੀਬੀ ਸਾਥੀ ਗੁਜਰਾਤ ਤੋਂ ਗ੍ਰਿਫ਼ਤਾਰ

**ਚੰਡੀਗੜ੍ਹ, (ਪੰਜਾਬ ਮੇਲ)**- ਗੈਂਗਸਟਰ ਤੋਂ ਅੱਤਵਾਦੀ ਬਣੇ ਅਰਸ਼ ਡੱਲਾ ਦੇ ਇੱਕ ਕਰੀਬੀ ਸਾਥੀ ਨੂੰ ਗੁਜਰਾਤ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਲਵੀਸ਼ ਕੁਮਾਰ ਨੂੰ ਗੁਜਰਾਤ ਪੁਲਿਸ ਦੇ ਸਹਿਯੋਗ ਨਾਲ ਅਹਿਮਦਾਬਾਦ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਡੀ.ਜੀ.ਪੀ. ਨੇ ਐਕਸ ਪੋਸਟ ਵਿਚ ਕਿਹਾ, "ਉਹ ਵਿਦੇਸ਼ੀ ਆਧਾਰਿਤ ਅਰਸ਼ ਡੱਲਾ ਅਤੇ ਜਿੰਦੀ ਮਹਿੰਦੀਪੁਰੀਆ (ਮਾਰੇ ਗਏ ਅੱਤਵਾਦੀ ਤੇਜਾ ਮਹਿੰਦੀਪੁਰੀਆ ਦਾ ਭਰਾ) ਦਾ ਕਰੀਬੀ ਸਾਥੀ ਹੈ।" ਉਨ੍ਹਾਂ ਕਿਹਾ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਲਵੀਸ਼ ਅਰਸ਼ ਡੱਲਾ ਦੇ ਸਿੱਧੇ ਨਿਰਦੇਸ਼ਾਂ ਹੇਠ ਕੰਮ ਕਰ ਰਿਹਾ ਸੀ, ਜਿਸ ਵਿਚ ਪੀੜਤਾਂ ਨੂੰ ਡਰਾਉਣ ਲਈ ਗੋਲੀਬਾਰੀ ਕਰਨਾ ਵੀ ਸ਼ਾਮਲ ਹੈ। ਡੀ.ਜੀ.ਪੀ. ਨੇ ਕਿਹਾ ਕਿ ਉਸ ਵਿਰੁੱਧ ਕਤਲ, ਗੋਲੀਬਾਰੀ ਨਾਲਾ ਜਬਰੀ ਵਸੂਲੀ ਦੀ ਕੋਸ਼ਿਸ਼ ਅਤੇ ਹੋਰ ਗੰਭੀਰ ਅਪਰਾਧਾਂ ਦੇ ਕਈ ਮਾਮਲੇ ਦਰਜ ਹਨ।

# ਸ਼ੁਭਮਨ ਗਿੱਲ ਬਣੇ ਭਾਰਤੀ ਟੈਸਟ ਟੀਮ ਦੇ ਕਪਤਾਨ, ਸ਼ਮੀ ਇੰਗਲੈਂਡ ਟੈਸਟ ਲੜੀ ਤੋਂ ਬਾਹਰ

**ਮੁੰਬਈ, (ਪੰਜਾਬ ਮੇਲ)**- ਸ਼ੁਭਮਨ ਗਿੱਲ ਨੂੰ ਸ਼ਨਿੱਚਰਵਾਰ ਨੂੰ ਭਾਰਤੀ ਕ੍ਰਿਕਟ ਟੈਸਟ ਟੀਮ ਦਾ ਨਵਾਂ ਕਪਤਾਨ ਨਿਯੁਕਤ ਕੀਤਾ ਗਿਆ ਹੈ, ਜਦੋਂਕਿ ਰਿਸ਼ਭ ਪੰਤ ਟੀਮ ਦੇ ਉਪ ਕਪਤਾਨ ਹੋਣਗੇ। ਇਨ੍ਹਾਂ ਦੀ ਇਹ ਨਵੀਂ ਜ਼ਿੰਮੇਵਾਰੀ ਇੰਗਲੈਂਡ ਵਿਚ ਪੰਜ ਟੈਸਟ ਮੈਚਾਂ ਦੀ ਲੜੀ ਤੋਂ ਸ਼ੁਰੂ ਹੋਵੇਗੀ।



ਟੀਮ ਦੀ ਅਗਵਾਈ ਬਾਰੇ ਚੋਣਕਾਰਾਂ ਦਾ ਫੈਸਲਾ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਦੇ ਸੰਨਿਆਸ ਤੋਂ ਬਾਅਦ ਉਮੀਦ ਅਨੁਸਾਰ ਹੀ ਆਇਆ ਹੈ। ਇਸ ਦੇ ਨਾਲ ਹੀ ਨੌਜਵਾਨ ਖੱਬੂ ਖਿਡਾਰੀ ਬੀ ਸਾਈ ਸੁਦਰਸ਼ਨ ਨੇ ਆਪਣਾ ਪਹਿਲਾ ਟੈਸਟ ਕਾਲ-ਅੱਪ ਹਾਸਲ ਕੀਤਾ ਹੈ।

ਟੀਮ ਵਿਚ ਕਰੁਣ ਨਾਇਰ ਵੀ ਹੈ, ਜੋ ਸੱਤ ਸਾਲਾਂ ਬਾਅਦ ਕੌਮੀ ਸੈੱਟਅੱਪ ਵਿਚ ਵਾਪਸੀ ਕਰ ਰਿਹਾ ਹੈ। ਇਸ ਦੇ ਨਾਲ ਹੀ ਇੱਕ ਅਹਿਮ ਛਾਂਟੀ ਤੇਜ਼ ਗੇਂਦਬਾਜ਼ ਮੁਹੰਮਦ ਸ਼ਮੀ ਦੀ ਰਹੀ ਹੈ, ਜਿਸਨੂੰ ਲੰਬੀ ਲੜੀ ਲਈ ਲੋੜ ਮੁਤਾਬਕ ਫਿੱਟ ਨਹੀਂ ਮੰਨਿਆ ਗਿਆ ਅਤੇ ਇਸ ਲੜੀ ਲਈ ਟੀਮ ਵਿਚ ਸ਼ਾਮਲ ਨਹੀਂ ਕੀਤਾ ਗਿਆ।

ਮੁੱਖ ਚੋਣਕਾਰ ਅਜੀਤ ਅਗਰਕਰ ਨੇ ਟੀਮ ਦਾ ਐਲਾਨ ਕਰਨ ਤੋਂ ਬਾਅਦ ਕਿਹਾ, "ਪਿਛਲੇ ਸਾਲ ਅਸੀਂ ਸ਼ੁਭਮਨ ਉਤੇ ਨਜ਼ਰ ਰੱਖ ਰਹੇ ਹਾਂ (ਲੀਡਰਸ਼ਿਪ ਲਈ)। ਸਾਨੂੰ ਉਮੀਦ ਹੈ ਕਿ ਉਹ ਅਜਿਹਾ ਵਿਅਕਤੀ ਹੈ, ਜੋ ਟੀਮ ਨੂੰ ਲੈ ਕੇ ਅੱਗੇ ਵਧੇਗਾ। ਇਹ ਭਾਰੀ ਦਬਾਅ ਵਾਲਾ ਕੰਮ ਹੈ ਪਰ ਉਹ ਇੱਕ ਸ਼ਾਨਦਾਰ ਖਿਡਾਰੀ ਹੈ। ਸਾਡੀਆਂ ਸ਼ੁਭਕਾਮਨਾਵਾਂ ਉਸ ਦੇ ਨਾਲ ਹਨ।"

ਸ਼ਮੀ ਬਾਰੇ ਉਨ੍ਹਾਂ ਕਿਹਾ, "ਉਸ ਦਾ ਜਿੱਥੇ ਅਸਰ ਹੋਣਾ ਚਾਹੀਦਾ ਹੈ, ਉਥੇ ਨਹੀਂ ਹੈ। ਸਾਨੂੰ ਉਮੀਦ ਸੀ ਕਿ ਉਹ ਇਸ ਲੜੀ ਲਈ ਉਪਲਬਧ ਹੋਵੇਗਾ ਪਰ ਬਦਕਿਸਮਤੀ ਨਾਲ ਅਜਿਹਾ ਨਹੀਂ ਹੋ ਸਕਿਆ। ਇਸ ਸਮੇਂ ਉਹ ਪੂਰੀ ਤਰ੍ਹਾਂ ਫਿੱਟ ਨਹੀਂ ਹੈ। ਆਸਟਰੇਲੀਆ ਦੇ ਦੌਰੇ ਤੋਂ ਹਰਸ਼ਿਤ ਰਾਣਾ ਅਤੇ ਸਰਫਰਾਜ਼ ਖਾਨ ਨੂੰ ਬਾਹਰ ਕਰ ਦਿੱਤਾ ਗਿਆ ਹੈ।"

ਟੀਮ ਇਸ ਪ੍ਰਕਾਰ ਹੈ : ਸ਼ੁਭਮਨ ਗਿੱਲ, ਰਿਸ਼ਭ ਪੰਤ, ਯਸ਼ਸਵੀ ਜੈਸਵਾਲ, ਕੇ.ਐੱਲ. ਰਾਹੁਲ, ਸਾਈ ਸੁਦਰਸ਼ਨ, ਅਭਿਮੰਨਿਊ ਈਸ਼ਵਰਨ, ਕਰੁਣ ਨਾਇਰ, ਨਿਤੀਸ਼ ਰੈਡੀ, ਰਵਿੰਦਰ ਜਡੇਜਾ, ਧਰੁਵ ਜੁਰੇਲ, ਵਾਸ਼ਿੰਗਟਨ ਸੁੰਦਰ, ਸ਼ਾਰਦੁਲ ਠਾਕੁਰ, ਜਸਪ੍ਰੀਤ ਬੁਮਰਾਹ, ਮੁਹੰਮਦ ਸਿਰਾਜ, ਪ੍ਰਸਿੱਧ ਕ੍ਰਿਸ਼ਨਾ, ਅਕਾਸ਼ ਦੀਪ, ਅਰਸ਼ਦੀਪ ਸਿੰਘ ਅਤੇ ਕੁਲਦੀਪ ਯਾਦਵ।

# ਇਜ਼ਰਾਈਲ ਵੱਲੋਂ ਨਵੀਂ ਜੰਗਬੰਦੀ ਦੀ ਤਜਵੀਜ਼ ਰੱਦ

**ਯੇਰੂਸ਼ਲਮ, (ਪੰਜਾਬ ਮੇਲ)**- ਇਜ਼ਰਾਈਲ ਅਤੇ ਗਾਜ਼ਾ ਵਿਚਾਲੇ ਜੰਗਬੰਦੀ ਦੀਆਂ ਅਮਰੀਕਾ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋ ਪਾ ਰਹੀਆਂ। ਹੁਣ ਇਜ਼ਰਾਈਲ ਨੇ ਗਾਜ਼ਾ ਵਿਚ ਹਮਲੇ ਰੋਕਣ ਅਤੇ ਆਪਣੇ 10 ਬੰਧਕਾਂ ਦੀ ਰਿਹਾਈ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਅਮਰੀਕਾ ਦੇ ਇੱਕ ਨਵੇਂ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਇਜ਼ਰਾਈਲ ਦੇ ਸਰਕਾਰੀ 'ਕਾਨ' ਟੀ.ਵੀ. ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਇਸ ਸਬੰਧੀ ਚੱਲ ਰਹੀ "ਗੱਲਬਾਤ" ਟੀਮ ਵਿਚ ਸ਼ਾਮਲ ਇੱਕ ਸੀਨੀਅਰ ਇਜ਼ਰਾਈਲੀ ਅਧਿਕਾਰੀ ਨੇ ਦੱਸਿਆ ਕਿ ਅਮਰੀਕੀ ਵਿਚੋਲਿਆਂ ਨੇ ਇੱਕ ਪ੍ਰਸਤਾਵ ਪੇਸ਼ ਕੀਤਾ, ਜਿਸ ਵਿਚ ਪੰਜ ਜ਼ਿੰਦਾ ਬੰਧਕਾਂ ਦੀ ਰਿਹਾਈ ਅਤੇ ਪੰਜ ਬੰਧਕਾਂ ਦੀਆਂ ਲਾਸ਼ਾਂ ਦੀ ਸਪੁਰਦਗੀ, ਗਾਜ਼ਾ ਵਿਚ ਮਨੁੱਖੀ ਸਹਾਇਤਾ ਸਮੱਗਰੀ ਦੀ ਆਵਾਜਾਈ, 70 ਦਿਨਾਂ ਦੀ ਜੰਗਬੰਦੀ ਅਤੇ ਸਥਾਈ ਜੰਗਬੰਦੀ ਲਈ ਗੱਲਬਾਤ ਵਰਗੇ ਮੁੱਦੇ ਸ਼ਾਮਲ ਸਨ। ਅਧਿਕਾਰੀ ਨੇ ਕਿਹਾ ਕਿ ਇਜ਼ਰਾਈਲ ਨੇ ਇਸਨੂੰ 'ਹਮਾਸ ਅੱਗੇ ਸਮਰਪਣ' ਮੰਨਦੇ ਹੋਏ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ।

ਇਜ਼ਰਾਈਲ ਨੇ ਤਥਾਕਥਿਤ 'ਵਿਟਕੌਫ' ਡਰਾਫਟ 'ਤੇ ਜ਼ੋਰ ਦਿੱਤਾ ਹੈ, ਇਹ ਪ੍ਰਸਤਾਵ ਦੇਸ਼ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੁਆਰਾ ਮਾਰਚ ਦੇ ਸ਼ੁਰੂ ਵਿਚ ਪੇਸ਼ ਕੀਤਾ ਗਿਆ ਸੀ। ਇਸ ਵਿਚ 50 ਦਿਨਾਂ ਦੀ ਜੰਗਬੰਦੀ ਦੇ ਬਦਲੇ ਵਾਧੂ ਇਜ਼ਰਾਈਲੀ ਬੰਧਕਾਂ ਦੀ ਰਿਹਾਈ ਅਤੇ ਲੰਬੇ ਸਮੇਂ ਦੀ ਜੰਗਬੰਦੀ ਲਈ ਗੱਲਬਾਤ ਕਰਨ ਦਾ ਵਾਅਦਾ ਸ਼ਾਮਲ ਹੈ। ਹਾਲਾਂਕਿ ਇਸ ਵਿਚ ਇਜ਼ਰਾਈਲੀ ਫੌਜਾਂ ਦੀ ਵਾਪਸੀ ਜਾਂ ਫਲਸਤੀਨੀ ਕੈਦੀਆਂ ਦੀ ਰਿਹਾਈ ਦਾ ਜ਼ਿਕਰ ਨਹੀਂ ਹੈ, ਇਹ ਹਮਾਸ ਦੀਆਂ ਦੋ ਮੁੱਖ ਮੰਗਾਂ ਹਨ।

ਇਸ ਦੌਰਾਨ ਇਜ਼ਰਾਈਲ ਅਤੇ ਹਮਾਸ ਵਿਚਕਾਰ ਅਸਿੱਧੀ ਗੱਲਬਾਤ ਦਾ ਇੱਕ ਹੋਰ ਦੌਰ ਪਿਛਲੇ ਵੀਰਵਾਰ ਨੂੰ ਸਮਾਪਤ ਹੋ ਗਿਆ, ਜਦੋਂ ਨੇਤਨਯਾਹੂ ਨੇ ਦੇਸ਼ ਦੇ ਵਫ਼ਦ ਨੂੰ ਵਾਪਸ ਬੁਲਾ ਲਿਆ। ਇਸਦਾ ਉਦੇਸ਼ ਇਜ਼ਰਾਈਲ ਦੀ 19 ਮਹੀਨੇ ਲੰਬੀ ਫੌਜੀ ਮੁਹਿੰਮ ਨੂੰ ਖਤਮ ਕਰਨਾ ਅਤੇ ਗਾਜ਼ਾ ਵਿਚ ਅਜੇ ਵੀ ਬੰਧਕ ਬਣਾਏ ਗਏ 58 ਲੋਕਾਂ ਦੀ ਰਿਹਾਈ ਨੂੰ ਯਕੀਨੀ ਬਣਾਉਣਾ ਸੀ। ਇਜ਼ਰਾਈਲ ਨੇ ਦੋ ਮਹੀਨਿਆਂ ਦੀ ਜੰਗਬੰਦੀ ਤੋਂ ਬਾਅਦ ਮਾਰਚ ਵਿਚ ਤਿੰਨ-ਪੜਾਅ ਵਾਲੀ ਜੰਗਬੰਦੀ ਨੂੰ ਖਤਮ ਕਰ ਦਿੱਤਾ, ਜਿਸ ਦੌਰਾਨ ਹਮਾਸ ਨੇ 33 ਇਜ਼ਰਾਈਲੀ ਬੰਧਕਾਂ ਨੂੰ ਰਿਹਾਅ ਕਰ ਦਿੱਤਾ। ਹਾਲਾਂਕਿ ਇਜ਼ਰਾਈਲ ਨੇ ਦੂਜੇ ਪੜਾਅ ਵਿਚ ਅੱਗੇ ਵਧਣ ਤੋਂ ਇਨਕਾਰ ਕਰ ਦਿੱਤਾ ਅਤੇ ਗਾਜ਼ਾ 'ਤੇ ਆਪਣਾ ਹਮਲਾ ਦੁਬਾਰਾ ਸ਼ੁਰੂ ਕਰ ਦਿੱਤਾ। ਗਾਜ਼ਾ ਦੇ ਸਿਹਤ ਅਧਿਕਾਰੀਆਂ ਅਨੁਸਾਰ ਯੁੱਧ ਸ਼ੁਰੂ ਹੋਣ ਤੋਂ ਬਾਅਦ ਇਸ ਖੇਤਰ ਵਿਚ 53,000 ਤੋਂ ਵੱਧ ਫਲਸਤੀਨੀ ਮਾਰੇ ਗਏ ਹਨ।

# ਕੁਵੈਤ ਸਰਕਾਰ ਵੱਲੋਂ 37 ਹਜ਼ਾਰ ਤੋਂ ਵੱਧ ਲੋਕਾਂ ਦੀ ਨਾਗਰਿਕਤਾ ਰੱਦ

**ਕੁਵੈਤ ਸਿਟੀ, (ਪੰਜਾਬ ਮੇਲ)**- ਕੁਵੈਤ ਸਰਕਾਰ ਨੇ ਪ੍ਰਵਾਸੀਆਂ ਪ੍ਰਤੀ ਸਖ਼ਤ ਕਦਮ ਚੁੱਕਿਆ ਹੈ। ਇਸ ਕਦਮ ਤਹਿਤ ਖਾੜੀ ਦੇਸ਼ ਕੁਵੈਤ ਨੇ 37,000 ਤੋਂ ਵੱਧ ਲੋਕਾਂ ਦੀ ਨਾਗਰਿਕਤਾ ਖੋਹ ਲਈ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਔਰਤਾਂ ਹਨ, ਜਿਨ੍ਹਾਂ ਨੇ ਵਿਆਹ ਰਾਹੀਂ ਨਾਗਰਿਕਤਾ ਪ੍ਰਾਪਤ ਕੀਤੀ ਹੈ। ਕੁਝ ਔਰਤਾਂ 20 ਸਾਲਾਂ ਤੋਂ ਵੱਧ ਸਮੇਂ ਤੋਂ ਕੁਵੈਤ ਵਿਚ ਰਹਿ ਰਹੀਆਂ ਸਨ। ਕਈਆਂ ਨੂੰ ਇਸ ਕਾਰਵਾਈ ਬਾਰੇ ਉਦੋਂ ਪਤਾ ਲੱਗਾ, ਜਦੋਂ ਉਹ ਰੁਟੀਨ ਕੰਮ ਲਈ ਪਹੁੰਚੇ। 50 ਸਾਲਾ ਔਰਤ ਨੂੰ ਇਸ ਬਾਰੇ ਆਪਣੀ ਹਫ਼ਤਾਵਾਰੀ ਵਰਕਆਊਟ ਕਲਾਸ ਦੌਰਾਨ ਪਤਾ ਲੱਗਾ, ਜਦੋਂ ਉਸਦਾ ਕ੍ਰੈਡਿਟ ਕਾਰਡ ਭੁਗਤਾਨ ਰੱਦ ਕਰ ਦਿੱਤਾ ਗਿਆ। ਜਦੋਂ ਉਸ ਨੇ ਜਾਂਚ ਕੀਤੀ, ਤਾਂ ਉਸ ਨੂੰ ਪਤਾ ਲੱਗਾ ਕਿ ਉਸਦਾ ਬੈਂਕ ਖਾਤਾ ਅਸਥਾਈ ਤੌਰ 'ਤੇ ਫ੍ਰੀਜ਼ ਕਰ ਦਿੱਤਾ ਗਿਆ ਸੀ ਕਿਉਂਕਿ ਉਸਦੀ ਕੌਮੀਅਤ ਰੱਦ ਕਰ ਦਿੱਤੀ ਗਈ ਸੀ।

ਕੁਵੈਤ ਦਾ ਇਹ ਕਦਮ ਅਮੀਰ ਸ਼ੇਖ ਮਿਸ਼ਾਲ ਅਲ-ਅਹਿਮਦ ਅਲ-ਸਬਾਹ ਦੀ ਅਗਵਾਈ ਵਾਲੇ ਸ਼ਾਸਨ ਦੇ ਸੁਧਾਰ ਪਹਿਲਕਦਮੀਆਂ ਦਾ ਹਿੱਸਾ ਹੈ। ਇਸਦਾ ਉਦੇਸ਼ ਕੌਮੀਅਤ ਨੂੰ ਕੁਵੈਤੀ ਖ਼ੂਨ ਦੇ ਰਿਸ਼ਤਿਆਂ ਤੱਕ

■ 26000 ਔਰਤਾਂ ਨੇ ਗੁਆਈ ਆਪਣੀ ਨਾਗਰਿਕਤਾ

ਸੀਮਤ ਕਰਨਾ ਅਤੇ ਕੁਵੈਤੀ ਪਛਾਣ ਨੂੰ ਮੁੜ ਆਕਾਰ ਦੇਣਾ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਨਾਗਰਿਕਤਾ ਨੀਤੀ ਦਾ ਉਦੇਸ਼ ਤੇਲ-ਅਮੀਰ ਦੇਸ਼ ਦੀ ਨਾਗਰਿਕਤਾ ਨੂੰ ਖ਼ੂਨ ਦੇ ਰਿਸ਼ਤਿਆਂ ਤੱਕ ਸੀਮਤ ਕਰਕੇ ਇਸਦੇ ਵੋਟਰਾਂ ਨੂੰ ਸੰਭਾਵੀ ਤੌਰ 'ਤੇ ਘਟਾਉਣਾ ਹੈ। ਦਸੰਬਰ 2023 ਵਿਚ ਸੱਤਾ ਸੰਭਾਲਣ ਤੋਂ ਪੰਜ ਮਹੀਨੇ ਬਾਅਦ ਅਮੀਰ ਸ਼ੇਖ ਮਸ਼ਾਲ ਨੇ ਸੰਸਦ ਨੂੰ ਭੰਗ ਕਰ ਦਿੱਤਾ ਅਤੇ ਸੰਵਿਧਾਨ ਦੇ ਕੁਝ ਹਿੱਸਿਆਂ ਨੂੰ ਮੁਅੱਤਲ ਕਰ ਦਿੱਤਾ ਸੀ।

ਕੁਵੈਤ ਵਿਚ ਜਿਨ੍ਹਾਂ 37,000 ਲੋਕਾਂ ਦੀ ਨਾਗਰਿਕਤਾ ਰੱਦ ਕੀਤੀ ਗਈ ਹੈ, ਉਨ੍ਹਾਂ ਵਿਚੋਂ ਘੱਟੋ-ਘੱਟ 26,000 ਔਰਤਾਂ ਹਨ। ਹਾਲਾਂਕਿ ਕੁਝ ਮੀਡੀਆ ਰਿਪੋਰਟਾਂ ਦੱਸਦੀਆਂ ਹਨ ਕਿ ਅਸਲ ਗਿਣਤੀ ਇਸ ਤੋਂ ਵੱਧ ਹੋ ਸਕਦੀ ਹੈ। ਕੁਵੈਤ ਯੂਨੀਵਰਸਿਟੀ ਦੇ ਇਤਿਹਾਸ ਦੇ ਪ੍ਰੋਫੈਸਰ ਨੇ ਕਿਹਾ ਕਿ ਭਾਵੇਂ ਕੁਵੈਤ ਵਿਚ ਨਾਗਰਿਕਤਾ ਦੀ ਵੱਡੇ ਪੱਧਰ 'ਤੇ ਰੱਦੀ ਕੋਈ ਨਵੀਂ ਗੱਲ ਨਹੀਂ ਹੈ, ਪਰ ਇਹ ਗਿਣਤੀ ਬੇਮਿਸਾਲ ਹੈ।

# ਹਾਈ ਕੋਰਟ ਵੱਲੋਂ ਐੱਨ.ਆਰ.ਆਈ. ਜਾਇਦਾਦਾਂ ਨਾਲ ਸੰਬੰਧਿਤ ਧੋਖਾਧੜੀ ਦੇ ਵਧਦੇ ਮਾਮਲਿਆਂ 'ਤੇ ਚਿੰਤਾ ਦਾ ਪ੍ਰਗਟਾਵਾ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਐੱਨ.ਆਰ.ਆਈ. ਜਾਇਦਾਦਾਂ ਨਾਲ ਸੰਬੰਧਿਤ ਧੋਖਾਧੜੀ ਦੇ ਮਾਮਲਿਆਂ ਦੀ ਵਧ ਰਹੀ ਗਿਣਤੀ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ ਅਤੇ ਇਸ ਨੂੰ ਇਕ ਖ਼ਤਰਨਾਕ ਤੇ ਵਧਦਾ ਰੁਝਾਨ ਦੱਸਿਆ ਹੈ। ਜਸਟਿਸ ਹਰਪ੍ਰੀਤ ਸਿੰਘ ਬਰਾੜ ਨੇ ਇਕ ਮਾਮਲੇ ਦੀ ਸੁਣਵਾਈ ਕਰਦੇ ਹੋਏ ਲੁਧਿਆਣਾ ਦੇ ਦੋ ਵਿਅਕਤੀਆਂ ਦੀ ਅਗਾਊਂ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ। ਇਹ ਮਾਮਲਾ ਅਦਾਲਤ ਵਿਚ ਉਦੋਂ ਆਇਆ, ਜਦੋਂ ਮੁਲਜ਼ਮਾਂ, ਬਘੇਲ ਸਿੰਘ ਅਤੇ ਰਘੁਵੀਰ ਸਿੰਘ 'ਤੇ ਜਾਅਲੀ ਦਸਤਾਵੇਜ਼ਾਂ ਰਾਹੀਂ ਇਕ ਐੱਨ.ਆਰ.ਆਈ. ਦੀ ਕਰੋੜਾਂ ਰੁਪਏ




ਦੀ ਜਾਇਦਾਦ ਸਿਰਫ਼ 30.20 ਲੱਖ ਰੁਪਏ ਵਿਚ ਵੇਚਣ ਦਾ ਦੋਸ਼ ਲਗਾਇਆ ਗਿਆ।

ਖੁਲਾਸਾ ਹੋਇਆ ਕਿ ਸੌਦੇ ਵਿਚ ਦਿੱਤੇ ਗਏ 30 ਲੱਖ ਰੁਪਏ ਦੇ ਚੈੱਕ ਕਦੇ ਵੀ ਬੈਂਕ ਨੂੰ ਪੇਸ਼ ਨਹੀਂ ਕੀਤੇ ਗਏ। ਅਦਾਲਤ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਇਹ ਮਾਮਲਾ ਇਕ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ, ਜਿਸ ਵਿਚ ਪ੍ਰਵਾਸੀ ਭਾਰਤੀਆਂ ਦੀ ਗੈਰ-ਹਾਜ਼ਰੀ ਦੀ ਦੁਰਵਰਤੋਂ ਕੀਤੀ ਗਈ ਅਤੇ ਦਸਤਾਵੇਜ਼ਾਂ ਅਤੇ ਪਛਾਣ ਦੀ ਤਸਦੀਕ ਦੀ ਪ੍ਰਕਿਰਿਆ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਇਸ ਮਾਮਲੇ 'ਚ ਸਹਿ-ਮੁਲਜ਼ਮ ਗੁਰਚਰਨ ਸਿੰਘ ਮਰਵਾਹਾ ਦੀ ਭੂਮਿਕਾ ਨੂੰ ਵੀ ਗੰਭੀਰ ਮੰਨਿਆ ਗਿਆ ਸੀ, ਜਿਸ ਨੇ ਇਕ ਹਾਸ਼ੀਏ ਦੇ ਗਵਾਹ ਵਜੋਂ ਕੰਮ ਕਰਕੇ ਧਿਰਾਂ ਦੀ ਪਛਾਣ ਕੀਤੀ ਅਤੇ ਸੀ.ਸੀ.ਟੀ.ਵੀ. ਫੁਟੇਜ ਵਿਚ ਹੋਰ ਮੁਲਜ਼ਮਾਂ ਨਾਲ ਮੌਜੂਦ ਪਾਇਆ ਗਿਆ। ਫੁਟੇਜ ਤੋਂ ਇਹ ਵੀ ਸਪੱਸ਼ਟ ਹੋ ਗਿਆ ਕਿ ਸੇਲ ਡੀਡ ਦੀ ਪ੍ਰਕਿਰਿਆ ਉਸ ਦੇ ਸਾਹਮਣੇ ਪੂਰੀ ਕੀਤੀ ਗਈ ਸੀ।

# ਡਬਲਯੂ.ਐੱਚ.ਓ. ਵੱਲੋਂ ਪਹਿਲੀ ਵਾਰ 'ਮਹਾਮਾਰੀ ਸਮਝੌਤਾ' ਕੀਤਾ ਪਾਸ

**ਜੈਨੇਵਾ, (ਪੰਜਾਬ ਮੇਲ)**- ਵਿਸ਼ਵ ਸਿਹਤ ਸੰਗਠਨ ਦੇ ਡਾਇਰੈਕਟਰ-ਜਨਰਲ ਟੇਡਰੋਸ ਅਡਾਨੋਮ ਘੇਬਰੇਅਸਸ ਨੇ ਮਹਾਮਾਰੀ ਨਾਲ ਲੜਨ ਲਈ ਵਿਸ਼ਵਵਿਆਪੀ ਸਮਝੌਤੇ ਦਾ ਸਮਰਥਨ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਨੇ ਵਿਸ਼ਵ ਸਿਹਤ ਅਸੈਂਬਲੀ ਦੇ ਇਤਿਹਾਸਕ 78ਵੇਂ ਸੈਸ਼ਨ ਵਿਚ ਡਿਜੀਟਲ ਰੂਪ 'ਚ ਸ਼ਾਮਲ ਹੋਣ ਲਈ ਮੋਦੀ ਦਾ ਧੰਨਵਾਦ ਕੀਤਾ। ਇਸ ਸਾਲ ਜੈਨੇਵਾ ਵਿਚ ਹੋਏ



ਵਿਸ਼ਵ ਸਿਹਤ ਅਸੈਂਬਲੀ ਦੇ ਸੈਸ਼ਨ ਵਿਚ ਦੁਨੀਆਂ ਦੇ ਪਹਿਲੇ 'ਮਹਾਮਾਰੀ ਸਮਝੌਤੇ' ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਦਾ ਉਦੇਸ਼ ਭਵਿੱਖ ਵਿਚ ਸੰਭਾਵਿਤ ਮਹਾਮਾਰੀਆਂ ਨਾਲ ਨਜਿੱਠਣ ਲਈ ਵਿਸ਼ਵਵਿਆਪੀ ਸਹਿਯੋਗ, ਸਮਾਨਤਾ ਤੇ ਮਜ਼ਬੂਤ ਪ੍ਰਤੀਕਿਰਿਆ ਨੂੰ ਯਕੀਨੀ ਬਣਾਉਣਾ ਹੈ। ਆਪਣੇ ਵੀਡੀਓ ਸੰਦੇਸ਼ ਵਿਚ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਇਕ ਸਿਹਤਮੰਦ ਦੁਨੀਆਂ ਦਾ ਭਵਿੱਖ ਸਮਾਵੇਸ਼, ਇਕ ਏਕੀਕ੍ਰਿਤ ਪਹੁੰਚ ਤੇ ਸਹਿਯੋਗ 'ਤੇ ਨਿਰਭਰ ਕਰਦਾ ਹੈ।" ਉਨ੍ਹਾਂ ਕਿਹਾ ਕਿ ਭਾਰਤ ਦਾ ਮਾਡਲ ਸੰਤੁਲਿਤ, ਮਿਸਾਲੀ ਅਤੇ ਟਿਕਾਊ ਹੈ, ਖਾਸ ਕਰਕੇ ਗਲੋਬਲ ਸਾਊਥ ਯਾਨੀ ਵਿਕਾਸਸ਼ੀਲ ਦੇਸ਼ਾਂ ਦੀਆਂ ਸਿਹਤ ਚੁਣੌਤੀਆਂ ਨਾਲ ਨਜਿੱਠਣ ਲਈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**




# ਕਿਵੇਂ ਲੁੱਟ ਰਹੀਆਂ ਹਨ ਵੱਡੀਆਂ ਕੰਪਨੀਆਂ ਜਨਤਾ ਨੂੰ




ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲUSA



ਅੱਜਕੱਲ੍ਹ ਘਰੇਲੂ ਉਤਪਾਦ ਬਣਾਉਣ ਵਾਲੀਆਂ ਕੰਪਨੀਆਂ ਵੱਲੋਂ ਗਾਹਕਾਂ ਨੂੰ ਲੁੱਟਣ ਲਈ ਕੁਝ ਅਜਿਹੇ ਨਵੇਕਲੇ ਢੰਗ ਵਰਤੇ ਜਾ ਰਹੇ ਹਨ ਕਿ ਖਰੀਦਦਾਰ ਨੂੰ ਪਤਾ ਵੀ ਨਹੀਂ ਲੱਗਦਾ ਕਿ ਉਸ ਦੀ ਜੇਬ ਕੱਟੀ ਜਾ ਚੁੱਕੀ ਹੈ। ਆਨਲਾਈਨ ਸ਼ਾਪਿੰਗ ਐਪਾਂ ਨੇ ਤਾਂ ਇਸ ਧੰਦੇ ਨੂੰ ਸਿਰੇ ਲਗਾ ਦਿੱਤਾ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਐਂਡਰਾਇਡ ਮੋਬਾਇਲ ਫੋਨ (ਸੈਮਸੰਗ ਆਦਿ) ਤੋਂ ਕਿਸੇ ਸਮਾਨ ਦਾ ਮੁੱਲ ਚੈੱਕ ਕੀਤਾ ਜਾਵੇ, ਤਾਂ ਉਹ ਆਈ.ਓ.ਐੱਸ. ਸਾਫਟੇਵਅਰ ਵਰਤਣ ਵਾਲੇ ਫੋਨ (ਐਪਲ) ਤੋਂ ਕਿਤੇ ਘੱਟ ਹੁੰਦਾ ਹੈ। ਸ਼ਾਇਦ ਇਹ ਕੰਪਨੀਆਂ ਸੋਚਦੀਆਂ ਹਨ ਕਿ ਸਸਤੇ ਚੀਨੀ ਫੋਨ ਵਾਲੇ ਐਪਲ ਫੋਨ ਵਾਲਿਆਂ ਤੋਂ ਗਰੀਬ ਹੁੰਦੇ ਹਨ। ਜਨਵਰੀ 2025 ਵਿਚ ਆਨਲਾਈਨ ਸ਼ਾਪਿੰਗ ਕੰਪਨੀ ਜ਼ੈਪਟੋ 'ਤੇ ਐਂਡਰਾਇਡ ਵਾਲਿਆਂ ਵਾਸਤੇ ਪਿਆਜ਼ ਦਾ ਰੇਟ 43 ਰੁਪਏ ਕਿੱਲੋ ਸੀ ਤੇ ਐਪਲ ਵਾਲਿਆਂ ਵਾਸਤੇ 57 ਰੁਪਏ ਕਿੱਲੋ, ਐਪਲ ਵਾਲਿਆਂ ਵਾਸਤੇ 500 ਗ੍ਰਾਮ ਅੰਗੂਰ 146 ਰੁਪਏ ਦੇ ਤੇ ਐਂਡਰਾਇਡ ਵਾਸਤੇ ਸਿਰਫ 65 ਰੁਪਏ ਸੀ।

ਦੂਸਰਾ ਧੋਖਾ ਇਹ ਦਿੱਤਾ ਜਾ ਰਿਹਾ ਹੈ ਕਿ ਸਮਾਨ ਦਾ ਰੇਟ ਨਹੀਂ ਵਧਾਇਆ ਜਾ ਰਿਹਾ, ਬਲਕਿ ਮਿਕਦਾਰ ਘੱਟ ਕੀਤੀ ਜਾ ਰਹੀ ਹੈ। ਮੈਗੀ ਨੂਡਲਜ਼ ਦੇ ਪੈਕਟ ਦਾ ਵਜ਼ਨ 80 ਗ੍ਰਾਮ ਤੋਂ ਘੱਟ ਕੇ 55 ਗ੍ਰਾਮ ਹੋ ਗਿਆ ਹੈ ਪਰ ਰੇਟ ਪੁਰਾਣਾ ਹੀ ਹੈ। ਲੇਜ਼ ਦੇ ਪੈਕਟ ਵਿਚ ਚਿੱਪਸ ਗਿਣਤੀ ਦੇ ਹੀ ਹੁੰਦੇ ਹਨ, ਬਾਕੀ ਸਿਰਫ ਹਵਾ ਵੇਚੀ ਜਾ ਰਹੀ ਹੈ। ਇਸੇ ਤਰ੍ਹਾਂ ਭਾਡੇ ਧੋਣ ਵਾਲੀ ਵਿੰਮ ਬਾਰ, ਹਲਦੀ ਰਾਮ, ਮੈਕਡੋਨਾਲਡ, ਕੇ.ਐੱਫ.ਸੀ. ਅਤੇ ਵਾਲਮਾਰਟ ਆਦਿ ਵੀ ਕਰ ਰਹੇ ਹਨ। 20 ਰੁਪਏ ਵਿਚ ਮਿਲਣ ਵਾਲੀ ਬੋਤਲ ਵਿਚ ਕੋਕ ਦੀ ਮਾਤਰਾ 250 ਮਿ.ਲੀ. ਤੋਂ ਘਟਾ ਕੇ 200 ਮਿ.ਲੀ. ਕਰ ਦਿੱਤੀ ਗਈ ਹੈ। ਇਥੋਂ ਤੱਕ ਕਿ ਟਾਇਲਟ ਪੇਪਰ ਦੀ ਲੰਬਾਈ ਵੀ ਚੁੱਪ ਚੁਪੀਤੇ 25% ਦੇ ਕਰੀਬ ਘਟਾ ਦਿੱਤੀ ਗਈ ਹੈ। ਕੁਝ ਸਾਲ ਪਹਿਲਾਂ ਪਾਰਲੇ ਜੀ ਦੇ 10 ਰੁਪਏ ਵਾਲੇ ਪੈਕਟ ਦਾ ਵਜ਼ਨ 140 ਗ੍ਰਾਮ ਸੀ, ਜੋ ਹੁਣ ਘੱਟ ਕੇ 110 ਗ੍ਰਾਮ ਰਹਿ ਗਿਆ ਹੈ। ਇਸ ਤੋਂ ਇਲਾਵਾ ਕੰਪਨੀਆਂ ਜਾਣਬੁੱਝ ਕੇ ਅਜਿਹੇ ਪ੍ਰੋਡਕਟ ਤਿਆਰ ਕਰਦੀਆਂ ਹਨ, ਜੋ ਜਲਦੀ ਖਰਾਬ ਹੋ ਜਾਣ, ਤਾਂ ਜੋ ਗਾਹਕ ਨੂੰ ਦੁਬਾਰਾ ਪੈਸਾ ਖਰਚਣਾ ਪਵੇ, ਹਾਲਾਂਕਿ ਉਨ੍ਹਾਂ ਕੋਲ ਵਧੀਆ ਸਮਾਨ ਤਿਆਰ ਕਰਨ ਦੀਆਂ ਅਤਿ ਆਧੁਨਿਕ ਤਕਨੀਕਾਂ ਮੌਜੂਦ ਹਨ। ਐਪਲ ਅਤੇ ਸੈਮਸੰਗ ਆਦਿ ਵਰਗੀਆਂ ਮੋਬਾਇਲ ਕੰਪਨੀਆਂ ਦੋ-ਚਾਰ ਸਾਲਾਂ ਬਾਅਦ ਜਾਣਬੁੱਝ ਕੇ ਗਾਹਕਾਂ ਦੇ ਫੋਨਾਂ ਨੂੰ ਧੀਮਾ ਕਰ ਦਿੰਦੀਆਂ ਹਨ। ਇਹ ਗਾਹਕ ਨੂੰ ਦੱਸੇ ਬਗੈਰ ਅਜਿਹੇ ਸਾਫਟਵੇਅਰ ਅਪਡੇਟ ਭੇਜ ਦਿੰਦੀਆਂ ਹਨ, ਜਿਨ੍ਹਾਂ ਨੂੰ ਡਾਊਨਲੋਡ ਕਰਨ ਉਪਰੰਤ ਫੋਨ ਧੀਮਾ ਹੋ ਜਾਂਦਾ ਹੈ। ਆਮ ਲੋਕਾਂ ਨੂੰ ਸ਼ਾਇਦ ਇਹ ਪਤਾ ਨਹੀਂ ਹੈ ਕਿ ਆਈਕੂ, ਰੀਅਲਮੀ, ਓਪੋ, ਵੀਵੋ ਅਤੇ ਵੰਨ ਪਲੱਸ ਬਰਾਂਡ ਦੇ ਮੋਬਾਇਲ ਫੋਨਾਂ ਦਾ ਨਿਰਮਾਣ ਚੀਨ ਦੀ ਇੱਕ ਹੀ ਕੰਪਨੀ ਬੀ.ਬੀ.ਕੇ ਇਲੈੱਕਟ੍ਰਾਨਿਕਸ ਦੁਆਰਾ ਕੀਤਾ ਜਾਂਦਾ ਹੈ। ਉਹ ਵੀ ਧੜੱਲੇ ਨਾਲ ਇਹ ਕੰਮ ਕਰ ਰਹੀ ਹੈ।

ਵਿਸ਼ਵ ਭਰ ਤੋਂ ਅਜਿਹੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ ਜੇ ਦੇਰ ਰਾਤ ਕਿਸੇ ਸੁੰਨਸਾਨ ਜਗ੍ਹਾ ਤੋਂ ਊਬਰ ਦੀ ਟੈਕਸੀ ਲੈਣ ਵਾਸਤੇ ਅਜਿਹੇ ਫੋਨ ਤੋਂ ਕਾਲ ਕੀਤੀ ਜਾਵੇ, ਜਿਸ ਦੀ ਸਿਰਫ ਬੈਟਰੀ ਖਤਮ ਹੋਣ ਵਾਲੀ ਹੋਵੇ, ਤਾਂ ਉਸ ਕੋਲੋਂ ਦੂਣੇ ਤੋਂ ਵੱਧ ਕਿਰਾਇਆ ਵਸੂਲਿਆ ਜਾਂਦਾ ਹੈ। ਕੰਪਨੀ ਦੇ ਸਰਵਰਾਂ ਵਿਚ ਅਜਿਹੀ ਤਕਨੀਕ ਲੋਡ ਕੀਤੀ ਗਈ ਹੈ, ਜੋ ਉਸ ਵਿਅਕਤੀ ਦੀ ਮਜਬੂਰੀ ਸਮਝ ਜਾਂਦੇ ਹਨ ਕਿ ਇਸ ਕੋਲ ਜਲਦੀ ਟੈਕਸੀ ਲੈਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਊਬਰ ਦੀ ਇਸ ਠੱਗੀ ਦਾ ਪਰਦਾਫਾਸ਼ ਅਮਰੀਕਾ ਦੇ ਪ੍ਰਸਿੱਧ ਖੋਜੀ ਪੱਤਰਕਾਰ ਜੈਕ ਸ਼ੁਮੇਕਰ ਨੇ ਦਸੰਬਰ 2015 ਵਿਚ ਦਰਜਨਾਂ ਪੱਤਰਕਾਰਾਂ ਦੀ ਮੌਜੂਦਗੀ ਵਿਚ ਨਿਊਯਾਰਕ ਵਿਖੇ ਕੀਤਾ ਸੀ। ਰਾਤ ਦੇ 12.30 ਵਜੇ ਪਹਿਲਾਂ ਉਸ ਨੇ ਅਜਿਹੇ ਫੋਨ ਤੋਂ ਕਾਲ ਕੀਤੀ, ਜਿਸ ਵਿਚ ਸਿਰਫ 3% ਬੈਟਰੀ ਬਚੀ ਸੀ, ਤਾਂ ਕਿਰਾਇਆ ਦੱਸਿਆ ਗਿਆ 100 ਡਾਲਰ। ਫਿਰ ਉਸ ਨੇ 100% ਬੈਟਰੀ ਵਾਲੇ ਫੋਨ ਤੋਂ ਕਾਲ ਕੀਤੀ, ਤਾਂ ਕਿਰਾਇਆ ਦੱਸਿਆ ਗਿਆ 50 ਡਾਲਰ। ਇਸ ਤੋਂ ਇਲਾਵਾ ਜਦੋਂ ਉਸ ਨੇ ਐਂਡਰਾਇਡ ਅਤੇ ਐਪਲ ਤੋਂ ਕਾਲ ਕੀਤੀ, ਤਾਂ ਐਂਡਰਾਇਡ ਫੋਨ 'ਤੇ ਕਿਰਾਇਆ ਘੱਟ ਆਇਆ। ਇਸ ਕਾਰਨ ਦੁਨੀਆਂ ਭਰ ਵਿਚ ਊਬਰ ਦੀ ਬਦਨਾਮੀ ਹੋਈ ਸੀ ਤੇ ਉਸ ਨੂੰ ਕਈ ਮੁਕੱਦਮਿਆਂ ਦਾ ਸਾਹਮਣਾ ਕਰਨਾ ਪਿਆ ਸੀ।

ਫਰਵਰੀ 2025 ਵਿਚ ਊਬਰ ਦੇ ਸਾਬਕਾ ਇਕਨਾਮਿਕ ਰਿਸਰਚ ਚੀਫ ਕੀਥ ਚੇਨ ਨੇ ਬੈਲਜ਼ੀਅਮ ਦੀ ਪ੍ਰਸਿੱਧ ਵੈੱਬ ਨਿਊਜ਼ ਪੋਰਟਲ ਐੱਨ.ਪੀ.ਆਰ. ਨੂੰ ਦਿੱਤੀ ਇੱਕ ਇੰਟਰਵਿਊ ਵਿਚ ਊਬਰ ਦਾ ਭਾਂਡਾ ਭੰਨਿਆ ਸੀ ਕਿ ਉਸ ਦਾ ਸਾਫਟਵੇਅਰ ਘੱਟ ਬੈਟਰੀ ਵਾਲੇ ਫੋਨਾਂ ਤੋਂ ਕਾਲ ਕਰਨ 'ਤੇ ਵੱਧ ਕਿਰਾਇਆ ਵਸੂਲਦਾ ਹੈ। ਇਸ ਤੋਂ ਇਲਾਵਾ ਊਬਰ ਐਪਲ ਤੋਂ ਫੋਨ ਕਰਨ 'ਤੇ ਵੀ ਵੱਧ ਕਿਰਾਇਆ ਵਸੂਲਦਾ ਹੈ। ਇਹ ਕੰਮ ਇਕੱਲਾ ਊਬਰ ਹੀ ਨਹੀਂ, ਬਲਕਿ ਦੁਨੀਆਂ ਭਰ ਵਿਚ ਸੈਂਕੜੇ ਕੰਪਨੀਆਂ ਕਰ ਰਹੀਆਂ ਹਨ। ਜੇ ਸਭ ਦੀ ਜ਼ਰੂਰਤ ਬਣ ਚੁੱਕੇ ਮੋਬਾਇਲ ਫੋਨ ਦੀ ਗੱਲ ਕੀਤੀ ਜਾਵੇ, ਤਾਂ ਕਿਸੇ ਵੀ ਮੋਬਾਇਲ ਦੀ ਬੈਟਰੀ 4-5 ਸਾਲ ਤੋਂ ਵੱਧ ਸਮਾਂ ਨਹੀਂ ਚੱਲਦੀ ਤੇ ਐਨੀ ਬੇਕਾਰ ਹੋ ਜਾਂਦੀ ਹੈ ਕਿ ਗਾਹਕ ਨੂੰ ਨਵਾਂ ਫੋਨ ਖਰੀਦਣ ਲਈ ਮਜਬੂਰ ਹੋਣਾ ਪੈਂਦਾ ਹੈ। ਸਭ ਨੂੰ ਪਤਾ ਹੈ ਕਿ ਜਦੋਂ ਮੋਬਾਇਲ ਨਵੇਂ-ਨਵੇਂ ਆਏ ਸਨ, ਤਾਂ ਬੈਟਰੀ ਬਹੁਤ ਆਰਾਮ ਨਾਲ ਬਾਹਰ ਕੱਢੀ ਜਾ ਸਕਦੀ ਸੀ। ਪਰ ਹੁਣ ਬੈਟਰੀਆਂ ਨੂੰ ਇਸ ਢੰਗ ਨਾਲ ਪੈਕ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਬਾਹਰ ਕੱਢਣਾ ਲਗਭਗ ਨਾਮੁਮਕਿਨ ਹੈ। ਅੱਜ ਦੇ ਮੋਬਾਇਲ ਫੋਨ ਤਕਰੀਬਨ ਵੰਨ ਪੀਸ ਹੀ ਹੁੰਦੇ ਹਨ।

ਮੋਬਾਇਲ ਫੋਨਾਂ ਦੇ ਧੀਮਾ ਹੋਣ ਦੀਆਂ ਦੁਨੀਆਂ ਭਰ ਵਿਚੋਂ ਸ਼ਿਕਾਇਤਾਂ ਆ ਰਹੀਆਂ ਹਨ ਪਰ ਕੁਝ ਹੀ ਇਮਾਨਦਾਰ ਦੇਸ਼ਾਂ ਨੂੰ ਛੱਡ ਕੇ ਕਿਸੇ ਨੇ ਵੀ ਇਸ ਵੱਲ ਧਿਆਨ ਦੇਣ ਦੀ ਖੇਚਲ ਨਹੀਂ ਕੀਤੀ। 2018 ਵਿਚ ਇਟਲੀ ਦੀ ਸਰਕਾਰ ਨੇ ਇਸ ਸਬੰਧੀ ਤਫਤੀਸ਼ ਕਰਨ ਲਈ ਇੱਕ ਹਾਈ ਪਾਵਰ ਕਮੇਟੀ ਨਿਯੁਕਤ ਕੀਤੀ ਸੀ, ਜਿਸ ਦੀ ਰਿਪੋਰਟ ਵਿਚ ਗਾਹਕਾਂ ਦੀਆਂ ਸ਼ਿਕਾਇਤਾਂ ਸਹੀ ਪਾਈਆਂ ਗਈਆਂ ਸਨ। ਇਸ ਤੋਂ ਬਾਅਦ ਇਟਲੀ ਨੇ ਐਪਲ 'ਤੇ ਇੱਕ ਕਰੋੜ ਯੂਰੋ (ਤਕਰੀਬਨ 100 ਕਰੋੜ ਰੁਪਏ) ਅਤੇ ਸੈਮਸੰਗ 'ਤੇ 50 ਲੱਖ ਯੂਰੋ (ਤਕਰੀਬਨ 50 ਕਰੋੜ ਰੁਪਏ) ਦਾ ਜੁਰਮਾਨਾ ਕੀਤਾ ਗਿਆ। 2020 ਵਿਚ ਫਰਾਂਸ ਨੇ ਵੀ ਇਸੇ ਕਾਰਨ ਐਪਲ 'ਤੇ ਢਾਈ ਕਰੋੜ ਯੂਰੋ (ਤਕਰੀਬਨ ਢਾਈ ਅਰਬ ਰੁਪਏ) ਦਾ ਜੁਰਮਾਨਾ ਲਗਾਇਆ ਸੀ ਤੇ 2024 ਦੌਰਾਨ ਐਪਲ ਨੂੰ ਅਮਰੀਕਾ ਵਿਚ ਵੀ ਗਾਹਕਾਂ ਨੂੰ ਇਸੇ ਕਾਰਨ 50 ਕਰੋੜ ਡਾਲਰ (ਤਕਰੀਬਨ 40 ਅਰਬ ਰੁਪਏ) ਦੇਣੇ ਪਏ ਸਨ। ਪਰ ਇਹ ਤਰੀਕਾ ਕੋਈ ਨਵਾਂ ਨਹੀਂ ਹੈ। ਕਰੀਬ 100 ਸਾਲ ਪਹਿਲਾਂ ਬਿਜਲੀ ਦੇ ਬਲਬ ਬਣਾਉਣ ਵਾਲੀਆਂ ਕੰਪਨੀਆਂ ਨੇ ਵੀ ਇਹ ਢੰਗ ਅਪਣਾਇਆ ਸੀ। ਪਹਿਲਾਂ ਉਹ ਅਜਿਹੇ ਬਲਬ ਬਣਾਉਂਦੇ ਸਨ, ਜੋ ਲੰਬਾ ਸਮਾਂ ਚੱਲਦੇ ਸਨ, ਜਿਸ ਕਾਰਨ ਉਨ੍ਹਾਂ ਦਾ ਮੁਨਾਫਾ ਬਹੁਤ ਘੱਟ ਗਿਆ ਸੀ। ਫਿਰ ਉਨ੍ਹਾਂ ਨੇ ਇੱਕ ਗੁਪਤ ਸਮਝੌਤਾ ਕੀਤਾ ਤੇ ਅਜਿਹੇ ਬਲਬ ਬਣਾਉਣੇ ਸ਼ੁਰੂ ਕਰ ਦਿੱਤੇ, ਜੋ ਤਿੰਨ-ਚਾਰ ਮਹੀਨੇ ਤੋਂ ਵੱਧ ਨਹੀਂ ਸੀ ਚੱਲਦੇ। ਹੁਣ ਫਰਿੱਜ਼, ਮਾਈਕਰੋਵੇਵ ਅਤੇ ਵਾਸ਼ਿੰਗ ਮਸ਼ੀਨਾਂ ਆਦਿ ਬਣਾਉਣ ਵਾਲੀਆਂ ਕੰਪਨੀਆਂ ਨੇ ਵੀ ਇਹ ਨੀਤੀ ਅਪਣਾ ਲਈ ਹੈ। ਇਨ੍ਹਾਂ ਵਿਚੋਂ ਜਿਆਦਾਤਰ 6-7 ਸਾਲ ਤੋਂ ਬਾਅਦ ਖਰਾਬ ਹੋਣਾ ਸ਼ੁਰੂ ਹੋ ਜਾਂਦੇ ਹਨ। ਜੇ ਆਪਣੇ ਮਾਪਿਆਂ ਨੂੰ ਪੁੱਛਿਆ ਜਾਵੇ, ਤਾਂ ਪਤਾ ਚੱਲਦਾ ਹੈ ਕਿ ਉਨ੍ਹਾਂ ਦੇ ਜ਼ਮਾਨੇ ਵਿਚ ਫਰਿੱਜ਼ ਅਤੇ ਵਾਸ਼ਿੰਗ ਮਸ਼ੀਨਾਂ ਆਦਿ ਸਾਲ ਦਰ ਸਾਲ ਚੱਲਦੇ ਸਨ। ਮੇਰੇ ਜਨਮ (1965) ਵੇਲੇ ਖਰੀਦਿਆ ਗਿਆ ਊਸ਼ਾ ਕੰਪਨੀ ਦਾ ਛੱਤ ਵਾਲਾ ਪੱਖਾ ਹੁਣ ਤੱਕ ਵੀ ਠੀਕ-ਠਾਕ ਚੱਲ ਰਿਹਾ ਹੈ।

ਕੰਪਨੀਆਂ ਦੀਆਂ ਇਨ੍ਹਾਂ ਮਨਮਾਨੀਆਂ ਨੂੰ ਸਿਰਫ ਸਰਕਾਰਾਂ ਹੀ ਨੱਥ ਪਾ ਸਕਦੀਆਂ ਹਨ। ਮਿਸਾਲ ਦੇ ਤੌਰ 'ਤੇ 2021 ਵਿਚ ਯੂਰਪੀਅਨ ਯੂਨੀਅਨ ਨੇ ਰਾਈਟ ਟੂ ਰਿਪੇਅਰ ਕਾਨੂੰਨ ਪਾਸ ਕੀਤਾ ਸੀ, ਜਿਸ ਅਨੁਸਾਰ ਕੰਪਨੀਆਂ ਨੂੰ ਪਾਬੰਦ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਕਿਸੇ ਵੀ ਵਸਤੂ ਨੂੰ ਬਣਾਉਣ ਤੋਂ ਲੈ ਕੇ ਦਸ ਸਾਲ ਤੱਕ ਉਸ ਦੇ ਸਪੇਅਰ ਪਾਰਟ ਮੁਹੱਈਆ ਕਰਵਾਉਣੇ ਪੈਣਗੇ। ਕਿਸੇ ਵੀ ਵਸਤੂ ਨੂੰ ਘਰ ਵਿਚ ਹੀ ਰਿਪੇਅਰ ਕਰਨਾ ਆਸਾਨ ਹੋਣਾ ਚਾਹੀਦਾ ਹੈ। ਜੋ ਵੀ ਨਟ ਬੋਲਟ ਅਤੇ ਕਿੱਲ ਕਾਂਟੇ ਆਦਿ ਵਰਤੇ ਜਾਣ, ਉਹ ਅਸਾਨੀ ਨਾਲ ਸੰਸਾਰ ਦੇ ਹਰ ਦੇਸ਼ ਵਿਚ ਮਿਲਦੇ ਹੋਣੇ ਚਾਹੀਦੇ ਹਨ। ਜੇ ਗਾਹਕ ਉਸ ਵਸਤੂ ਦੀ ਰਿਪੇਅਰ ਖੁਦ ਕਰੇ ਜਾਂ ਆਪਣੀ ਮਰਜ਼ੀ ਦੇ ਮੈਕੇਨਿਕ ਤੋਂ ਕਰਵਾਏ, ਵਾਰੰਟੀ ਖਤਮ ਨਹੀਂ ਕੀਤੀ ਜਾ ਸਕਦੀ। ਇਸ ਕਾਨੂੰਨ ਅਧੀਨ ਐਪਲ ਨੂੰ ਵੀ ਆਪਣੇ ਫੋਨ ਚਾਰਜ ਕਰਨ ਲਈ ਯੂਨੀਵਰਸਲ ਚਾਰਜ਼ਰ ਵਰਤਣਾ ਸ਼ੁਰੂ ਕਰਨਾ ਪਿਆ ਹੈ, ਜੋ ਸੈਮਸੰਗ ਆਦਿ ਦੁਨੀਆਂ ਦੀਆਂ ਬਾਕੀ ਕੰਪਨੀਆਂ ਵਰਤ ਰਹੀਆਂ ਹਨ। ਪੱਛਮੀ ਦੇਸ਼ਾਂ ਵਿਚ ਗਾਹਕ ਬਹੁਤ ਜਾਗਰੂਕ ਹਨ, ਉਹ ਕੰਪਨੀਆਂ ਦੀ ਥੋੜ੍ਹੀ ਜਿਹੀ ਬੇਈਮਾਨੀ ਕਰਨ 'ਤੇ ਹੀ ਕੇਸ ਕਰ ਦਿੰਦੇ ਹਨ। ਪਰ ਭਾਰਤ ਵਰਗੇ ਦੇਸ਼ਾਂ ਵਿਚ ਅਨਪੜ੍ਹਤਾ ਅਤੇ ਆਪਣੇ ਹੱਕਾਂ ਦੀ ਜਾਣਕਾਰੀ ਨਾ ਹੋਣ ਕਾਰਨ ਲੋਕ ਚੁੱਪਚਾਪ ਇਨ੍ਹਾਂ ਕੰਪਨੀਆਂ ਦੇ ਜ਼ੁਲਮ ਸਹਿ ਰਹੇ ਹਨ। ਇਹ ਹੁਣ ਕੇਂਦਰ ਅਤੇ ਸੂਬਾਈ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਸਬੰਧੀ ਸਖਤ ਕਾਨੂੰਨ ਬਣਾਉਣ ਤੇ ਆਮ ਜਨਤਾ ਦੇ ਹੱਕਾਂ ਦੀ ਰਾਖੀ ਕਰਨ।

# ਐੱਲ.ਡੀ.ਐੱਲ. ਅਤੇ ਐੱਚ.ਡੀ.ਐੱਲ. ਦੀ ਸਮਝ: ਚੰਗੇ ਅਤੇ ਮੰਦੇ ਕੋਲੇਸਟਰੋਲ ਦੀ ਵਿਆਖਿਆ






-ਸੁਰਿੰਦਰ ਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ।
ਪੰਜਾਬ ਮੇਲUSA



ਪਿਛਲੇ ਕੁਝ ਸਾਲਾਂ ਵਿਚ ਕੋਲੇਸਟਰੋਲ ਦੇ ਬਾਰੇ ਵਿਸ਼ਾਲ ਦਾਇਰੇ 'ਚ ਗੱਲਬਾਤ ਹੋ ਰਹੀ ਹੈ, ਜਿਸ ਵਿਚ ਹਿਰਦੇ ਦੀ ਸਿਹਤ 'ਚ ਲੋਅ ਡੈਂਸਿਟੀ ਲਿਪੋਪ੍ਰੋਟੀਨ (ਐੱਲ.ਡੀ.ਐੱਲ.) ਅਤੇ ਹਾਈ ਡੈਂਸਿਟੀ ਲਿਪੋਪ੍ਰੋਟੀਨ (ਐੱਚ.ਡੀ.ਐੱਲ.) ਦੇ ਭੂਮਿਕਾ ਨੂੰ ਸਮਝਣ 'ਤੇ ਜ਼ਿਆਦਾ ਧਿਆਨ ਦਿੱਤਾ ਗਿਆ ਹੈ। ਅਜੋਕੇ ਸਮੇਂ ਵਿਚ ਦਿਲ ਦੀ ਬਿਮਾਰੀ ਦੁਨੀਆਂ ਭਰ ਵਿਚ ਮੌਤ ਦੇ ਮੁੱਖ ਕਾਰਨਾਂ ਵਿਚੋਂ ਇੱਕ ਰਹੀ ਹੈ। ਇਹ ਦੋਨੋਂ ਕਿਸਮਾਂ ਦੇ ਕੋਲੇਸਟਰੋਲ ਵਿਚਕਾਰ ਅੰਤਰ ਕਰਨਾ ਸਿਹਤਮੰਦ ਜੀਵਨਸ਼ੈਲੀ ਰੱਖਣ ਲਈ ਬਹੁਤ ਜ਼ਰੂਰੀ ਹੈ।

**ਐੱਲ.ਡੀ.ਐੱਲ. ਅਤੇ ਐੱਚ.ਡੀ.ਐੱਲ. ਕੀ ਹਨ?**

ਕੋਲੇਸਟਰੋਲ, ਜੋ ਤੁਹਾਡੇ ਖੂਨ ਵਿਚ ਪਾਇਆ ਜਾਂਦਾ ਹੈ, ਸੈੱਲਾਂ ਦੀ ਬਣਤਰ ਅਤੇ ਹੋਰਮੋਨ ਉਤਪਾਦਨ ਲਈ ਜ਼ਰੂਰੀ ਹੈ। ਪਰ, ਸਾਰਾ ਕੋਲੇਸਟਰੋਲ ਇੱਕ ਜਿਹਾ ਨਹੀਂ ਹੁੰਦਾ।

- **ਐੱਲ.ਡੀ.ਐੱਲ. (ਲੋ ਡੈਂਸਿਟੀ ਲਿਪੋਪ੍ਰੋਟੀਨ)**: ਇਸਨੂੰ ਅਕਸਰ "ਮੰਦਾ ਕੋਲੇਸਟਰੋਲ" ਕਿਹਾ ਜਾਂਦਾ ਹੈ। ਐੱਲ.ਡੀ.ਐੱਲ. ਕੋਲੇਸਟਰੋਲ ਨੂੰ ਜਿਗਰ ਤੋਂ ਸੈੱਲਾਂ ਵੱਲ ਲੈ ਜਾਂਦਾ ਹੈ। ਜੇਕਰ ਖੂਨ ਵਿਚ ਬਹੁਤ ਜ਼ਿਆਦਾ ਐੱਲ.ਡੀ.ਐੱਲ. ਹੁੰਦਾ ਹੈ, ਤਾਂ ਇਹ ਧਾਰੀਆਂ ਵਿਚ ਪਲਾਕ ਬਣਾਉਣ ਦਾ ਕਾਰਨ ਬਣ ਸਕਦਾ ਹੈ, ਜੋ ਹਿਰਦੇ ਦੀ ਬਿਮਾਰੀ ਅਤੇ ਸਟ੍ਰੋਕ ਦੇ ਖਤਰੇ ਨੂੰ ਵਧਾਉਂਦਾ ਹੈ।
- **ਐੱਚ.ਡੀ.ਐੱਲ. (ਹਾਈ ਡੈਂਸਿਟੀ ਲਿਪੋਪ੍ਰੋਟੀਨ)**: ਇਸਨੂੰ "ਚੰਗਾ ਕੋਲੇਸਟਰੋਲ" ਕਿਹਾ ਜਾਂਦਾ ਹੈ, ਐੱਚ.ਡੀ.ਐੱਲ. ਖੂਨ ਵਿਚੋਂ ਕੋਲੇਸਟਰੋਲ ਨੂੰ ਹਟਾਉਣ ਵਿਚ ਮਦਦ ਕਰਦਾ ਹੈ ਅਤੇ ਇਸਨੂੰ ਦੁਬਾਰਾ ਜਿਗਰ ਵੱਲ ਭੇਜਦਾ ਹੈ। ਐੱਚ.ਡੀ.ਐੱਲ. ਦੇ ਉੱਚ ਪੱਧਰ ਹਿਰਦੇ ਦੀ ਬਿਮਾਰੀ ਦੇ ਘਟੇ ਹੋਏ ਖਤਰੇ ਨਾਲ ਸੰਬੰਧਿਤ ਹਨ।

**ਐੱਲ.ਡੀ.ਐੱਲ. ਅਤੇ ਐੱਚ.ਡੀ.ਐੱਲ. ਵਿਚਕਾਰ ਸੰਤੁਲਨ**

ਸਿਹਤ ਵਿਸ਼ਾ ਮਾਹਰ ਕਵਲ ਨੈਨ ਕੌਰ ਨੇ ਐੱਲ.ਡੀ.ਐੱਲ. ਅਤੇ ਐੱਚ.ਡੀ.ਐੱਲ. ਪੱਧਰਾਂ ਵਿਚਕਾਰ ਸਿਹਤਮੰਦ ਸੰਤੁਲਨ ਬਣਾਈ ਰੱਖਣ ਦੇ ਮਹੱਤਵ 'ਤੇ ਜ਼ੋਰ ਦਿੱਤਾ ਹੈ। ਜਦਕਿ ਕੁਝ ਕੋਲੇਸਟਰੋਲ ਸਰੀਰਕ ਫੰਕਸ਼ਨਾਂ ਲਈ ਜ਼ਰੂਰੀ ਹੈ? ਪਰ ਵਾਧੂ ਐੱਲ.ਡੀ.ਐੱਲ. ਗੰਭੀਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ।

ਅਮਰੀਕੀ ਹਿਰਦੇ ਸੰਘ ਦੇ ਅਨੁਸਾਰ, ਆਦਰਸ਼ ਪੱਧਰ ਇਹ ਹਨ:

- **ਐੱਲ.ਡੀ.ਐੱਲ. ਕੋਲੇਸਟਰੋਲ**: 100 ਐੱਮ.ਜੀ./ਡੀ.ਐੱਲ. ਤੋਂ ਘੱਟ ਆਦਰਸ਼ ਮੰਨਿਆ ਜਾਂਦਾ ਹੈ;

100-129 ਐੱਮ.ਜੀ./ਡੀ.ਐੱਲ. ਨੇੜੇ ਆਦਰਸ਼;

130-159 ਐੱਮ.ਜੀ./ਡੀ.ਐੱਲ. ਸੀਮਾ ਉੱਚ;

160-189 ਐੱਮ.ਜੀ./ਡੀ.ਐੱਲ. ਉੱਚ;

190 ਐੱਮ.ਜੀ./ਡੀ.ਐੱਲ. ਅਤੇ ਇਸ ਤੋਂ ਉੱਚਾ ਬਹੁਤ ਉੱਚ।

**-ਐੱਚ.ਡੀ.ਐੱਲ. ਕੋਲੇਸਟਰੋਲ**: 40 ਐੱਮ.ਜੀ./ਡੀ.ਐੱਲ. ਤੋਂ ਘੱਟ ਹਿਰਦੇ ਦੀ ਬਿਮਾਰੀ ਲਈ ਖਤਰੇ ਦਾ ਕਾਰਨ ਮੰਨਿਆ ਜਾਂਦਾ ਹੈ;

40-59 ਐੱਮ.ਜੀ./ਡੀ.ਐੱਲ. ਠੀਕ ਹੈ;

60 ਐੱਮ.ਜੀ./ਡੀ.ਐੱਲ. ਅਤੇ ਇਸ ਤੋਂ ਉੱਚਾ ਹਿਰਦੇ ਦੀ ਬਿਮਾਰੀ ਦੇ ਖਿਲਾਫ ਸੁਰੱਖਿਆ ਵਾਲਾ ਮੰਨਿਆ ਜਾਂਦਾ ਹੈ।

**ਕੋਲੇਸਟਰੋਲ ਪੱਧਰਾਂ 'ਤੇ ਪ੍ਰਭਾਵ ਪਾਉਣ ਵਾਲੇ ਕਾਰਕ**

ਕਈ ਕਾਰਕ ਐੱਲ.ਡੀ.ਐੱਲ. ਅਤੇ ਐੱਚ.ਡੀ.ਐੱਲ. ਪੱਧਰਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ, ਜਿਵੇਂ:

**-ਖੁਰਾਕ**: ਸੈਚੁਰੇਟਡ ਫੈਟ ਅਤੇ ਟ੍ਰਾਂਸ ਫੈਟ ਐੱਲ.ਡੀ.ਐੱਲ. ਪੱਧਰਾਂ ਨੂੰ ਵਧਾ ਸਕਦੇ ਹਨ? ਜਦਕਿ ਓਲਿਵ ਤੇਲ, ਐਵੋਕਾਡੋ ਅਤੇ ਨੱਟਾਂ ਵਿਚ ਮਿਲਣ ਵਾਲੇ ਸਿਹਤਮੰਦ ਫੈਟ ਐੱਚ.ਡੀ.ਐੱਲ. ਪੱਧਰਾਂ ਨੂੰ ਵਧਾਉਣ ਵਿਚ ਮਦਦ ਕਰ ਸਕਦੇ ਹਨ।

**-ਭੌਤਿਕ ਗਤੀਵਿਧੀ**: ਨਿਯਮਤ ਵਿਆਯਾਮ ਐੱਲ.ਡੀ.ਐੱਲ. ਨੂੰ ਘਟਾਉਣ ਅਤੇ ਐੱਚ.ਡੀ.ਐੱਲ. ਕੋਲੇਸਟਰੋਲ ਪੱਧਰਾਂ ਨੂੰ ਵਧਾਉਣ ਵਿਚ ਮਦਦ ਕਰ ਸਕਦਾ ਹੈ।

- **ਭਾਰ ਪ੍ਰਬੰਧਨ**: ਸਿਹਤਮੰਦ ਭਾਰ ਰੱਖਣਾ ਕੋਲੇਸਟਰੋਲ ਪੱਧਰਾਂ 'ਤੇ ਸਕਾਰਾਤਮਕ ਪ੍ਰਭਾਵ ਪਾ ਸਕਦਾ ਹੈ।
- **ਸਿਗਰੇਟ ਨੋਸ਼ੀ ਅਤੇ ਸ਼ਰਾਬ**: ਸਿਗਰਟ ਨੋਸ਼ੀ ਐੱਚ.ਡੀ.ਐੱਲ. ਕੋਲੇਸਟਰੋਲ ਨੂੰ ਘਟਾਉਂਦਾ ਹੈ, ਜਦਕਿ ਮੋਡਰੇਟ ਸ਼ਰਾਬ ਪੀਣਾ ਐੱਚ.ਡੀ.ਐੱਲ. ਪੱਧਰਾਂ ਨੂੰ ਵਧਾ ਸਕਦਾ ਹੈ।

## ਟੈਸਟਿੰਗ ਅਤੇ ਨਿਗਰਾਨੀ

ਕੋਲੇਸਟਰੋਲ ਪੱਧਰਾਂ ਦੀ ਜਾਂਚ ਇੱਕ ਸਾਧਾਰਨ ਖੂਨ ਟੈਸਟ ਦੁਆਰਾ ਕੀਤੀ ਜਾ ਸਕਦੀ ਹੈ, ਜਿਸਨੂੰ ਲਿਪਿਡ ਪੈਨਲ ਕਿਹਾ ਜਾਂਦਾ ਹੈ। ਸਿਹਤ ਵਿਸ਼ਾ ਮਾਹਰ ਕਵਲ ਨੈਨ ਕੌਰ ਸਮਝਾਉਂਦੇ ਹਨ ਕਿ ਵੱਡੀ ਉਮਰ ਦੇ ਲੋਕਾਂ ਨੂੰ ਹਰ ਚਾਰ ਤੋਂ ਛੇ ਸਾਲਾਂ ਵਿਚ ਆਪਣੇ ਕੋਲੇਸਟਰੋਲ ਪੱਧਰਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ, ਜੋ ਕਿ 20 ਸਾਲ ਦੀ ਉਮਰ ਤੋਂ ਸ਼ੁਰੂ ਹੁੰਦੀ ਹੈ। ਹਿਰਦੇ ਦੀ ਬਿਮਾਰੀ ਦੇ ਖਤਰੇ ਵਾਲਿਆਂ ਲਈ ਹੋਰ ਬਾਰੰਬਾਰ ਟੈਸਟਿੰਗ ਦੀ ਲੋੜ ਹੋ ਸਕਦੀ ਹੈ।


ਐੱਲ.ਡੀ.ਐੱਲ. ਅਤੇ ਐੱਚ.ਡੀ.ਐੱਲ. ਕੋਲੇਸਟਰੋਲ ਦੀ ਸਮਝ ਰੱਖਣਾ ਕਿਸੇ ਵੀ ਵਿਅਕਤੀ ਲਈ ਬਹੁਤ ਜ਼ਰੂਰੀ ਹੈ, ਜੋ ਆਪਣੇ ਦਿਲ ਦੀ ਸਿਹਤ ਨੂੰ ਸੁਧਾਰਨਾ ਚਾਹੁੰਦਾ ਹੈ। ਜਾਣਕਾਰੀ ਵਾਲੀਆਂ ਜੀਵਨਸ਼ੈਲੀ ਚੋਣਾਂ - ਜਿਵੇਂ ਕਿ ਸੰਤੁਲਿਤ ਖੁਰਾਕ ਖਾਣਾ, ਰੋਜ਼ਾਨਾ ਕਸਰਤ ਕਰਨਾ ਅਤੇ ਸਿਗਰਟਨੋਸ਼ੀ ਤੋਂ ਬਚਣਾ - ਵਿਅਕਤੀਗਤ ਤੌਰ 'ਤੇ ਆਪਣੇ ਕੋਲੇਸਟਰੋਲ ਪੱਧਰਾਂ ਨੂੰ ਪ੍ਰਭਾਵਿਤ ਕਰਨ ਵਿਚ ਮਦਦ ਕਰ ਸਕਦੇ ਹਨ। ਮੌਜੂਦਾ ਯੁੱਗ ਦੇ ਵਿਚ ਤਕਨੀਕੀ ਤਰੱਕੀ ਨਾਲ ਦਿਲ ਦੇ ਰੋਗਾਂ ਸਬੰਧੀ ਖੋਜ ਅੱਗੇ ਵਧਦੀ ਰਹਿੰਦੀ ਹੈ? ਇਸ ਵਿਸ਼ੇ 'ਤੇ ਜਾਣਕਾਰੀ ਪ੍ਰਾਪਤ ਕਰਨਾ ਵਿਅਕਤੀਆਂ ਨੂੰ ਆਪਣੇ ਦਿਲ ਦੀ ਸਿਹਤ 'ਤੇ ਕਾਬੂ ਪਾਉਣ ਲਈ ਸ਼ਕਤੀ ਦੇਵੇਗਾ ਅਤੇ ਦਿਲ ਦੀ ਬਿਮਾਰੀ ਦੇ ਖਤਰੇ ਨੂੰ ਘਟਾਏਗਾ।

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



# ਪਾਣੀਆਂ ਲਈ ਜੰਗ

**ਭਾਰਤ-ਪਾਕਿਸਤਾਨ ਦੀ '25 ਦੀ ਜੰਗ ਅਤੇ ਆਪਸੀ ਵਿਗੜੇ ਰਿਸ਼ਤਿਆਂ ਦੇ ਫਲਸਰੂਪ ਭਾਰਤ ਨੇ ਸਿੰਧੂ ਸਮਝੌਤਾ ਰੱਦ ਕਰ ਦਿੱਤਾ। ਸਿੰਧੂ ਨਦੀ ਦਾ ਪਾਕਿਸਤਾਨ ਵੱਲ ਜਾਂਦਾ ਪਾਣੀ ਰੋਕ ਦਿੱਤਾ ਹੈ?**



ਪਾਣੀਆਂ ਦੇ ਪੰਜਾਬ, ਹਰਿਆਣਾ ਦਰਮਿਆਨ ਹੋਏ ਸਮਝੌਤਿਆਂ ਦੀ ਉਲੰਘਣਾ ਦੇ ਚੱਲਦਿਆਂ ਪੰਜਾਬ ਨੇ ਹਰਿਆਣਾ ਨੂੰ ਭਾਖੜਾ-ਨੰਗਲ ਡੈਮ ਤੋਂ ਹਰਿਆਣਾ ਲਈ ਮਨਜ਼ੂਰ ਕੀਤੇ ਕੋਟੇ ਤੋਂ ਵੱਧ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਭਾਖੜਾ-ਨੰਗਲ ਡੈਮ ਪ੍ਰਬੰਧਨ ਦੇ ਮਾਮਲੇ 'ਚ ਪੰਜਾਬ ਤੇ ਕੇਂਦਰ ਹੁਣ ਇੱਟ-ਖੜੱਕੇ 'ਚ ਹਨ। ਪੰਜਾਬ 'ਚ ਸਰਕਾਰ ਆਮ ਆਦਮੀ ਪਾਰਟੀ ਦੀ ਹੈ, ਜਦਕਿ ਹਰਿਆਣਾ ਤੇ ਕੇਂਦਰ 'ਚ ਭਾਜਪਾ ਦੀ। ਪੰਜਾਬ ਨਾਲ ਹੋਏ ਪਾਣੀਆਂ ਦੇ ਮਾਮਲੇ 'ਚ ਹੋ ਰਹੇ ਵਿਤਕਰਿਆਂ ਸੰਬੰਧੀ ਸਿਆਸੀ ਲੜਾਈ ਤੇਜ਼ ਹੋ ਚੁੱਕੀ ਹੈ। ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ 'ਤੇ ਪਾਣੀ ਵਿਵਾਦ ਮੁੱਦੇ, ਪਾਣੀ ਦੀ ਉਪਲਬੱਧਤਾ ਅਤੇ ਵੰਡ ਬਾਰੇ ਵੱਡੇ ਪ੍ਰਸ਼ਨ ਖੜ੍ਹੇ ਕਰ ਰਹੇ ਹਨ। ਆਓ ਵੇਖੀਏ ਵਿਸ਼ਵ ਪੱਧਰ 'ਤੇ ਪਾਣੀਆਂ ਦੇ ਹਾਲਾਤ ਕਿਹੋ ਜਿਹੇ ਬਣਦੇ ਜਾਂ ਰਹੇ ਹਨ :

ਸਿੰਧੂ, ਗੰਗਾ, ਬ੍ਰਹਮਪੁੱਤਰ ਤੋਂ ਬਿਨ੍ਹਾਂ ਦਸ ਪ੍ਰਮੁੱਖ ਏਸ਼ੀਆਈ ਨਦੀ ਪ੍ਰਣਾਲੀਆਂ ਹਿੰਦੂਕੁਸ਼ ਹਿਮਾਲਾ ਤੋਂ ਹੀ ਨਿਕਲਦੀਆਂ ਹਨ। ਇਨ੍ਹਾਂ ਦਾ ਫੈਲਾਅ ਅੱਠ ਦੇਸ਼ਾਂ ਤੱਕ ਹੈ। ਜਿਨ੍ਹਾਂ ਵਿਚ ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਭੂਟਾਨ, ਬੰਗਲਾ ਦੇਸ਼, ਚੀਨ, ਨੇਪਾਲ ਅਤੇ ਮੀਆਂਮਾਰ ਸ਼ਾਮਲ ਹਨ। ਇਨ੍ਹਾਂ ਖੇਤਰਾਂ ਲਈ ਅਸਲ ਵਿਚ ਇਹ ਜੀਵਨ ਰੇਖਾ ਹੈ।

ਲੇਕਿਨ ਹੁਣੇ ਜਿਹੇ ਇੱਕ ਰਿਪੋਰਟ ਛਪੀ ਹੈ ਕਿ ਹਿੰਦੂਕੁਸ਼ ਹਿਮਾਲਾ ਦੀ ਬਰਫ਼ ਦੀਆਂ ਪਰਤਾਂ ਵਿਚ ਜ਼ਬਰਦਸਤ ਘਾਟ ਦੇਖਣ ਨੂੰ ਮਿਲੀ ਹੈ। ਕਿਧਰੇ-ਕਿਧਰੇ ਤਾਂ ਇਹ ਲਗਭਗ 50 ਫ਼ੀਸਦੀ ਤੋਂ ਵੀ ਜ਼ਿਆਦਾ ਹੈ। ਅਸਲੀਅਤ ਵਿਚ ਇਹ ਗੰਭੀਰ ਅਤੇ ਚਿੰਤਾਜਨਕ ਹਾਲਾਤ ਹਨ।

ਲਗਾਤਾਰ ਤਿੰਨ ਵਰ੍ਹਿਆਂ ਤੋਂ ਜਾਰੀ ਇਹ ਸਥਿਤੀ ਕੁਦਰਤ ਪੱਖੀ ਨਹੀਂ ਕਹੀ ਜਾ ਸਕਦੀ। ਕੁਦਰਤੀ ਰੂਪ 'ਚ ਬਰਫ਼ ਪਿਘਲਣ ਨਾਲ ਗਰਮ ਮਹੀਨਿਆਂ ਦੌਰਾਨ ਨਦੀਆਂ ਦਾ ਨਿਰੰਤਰ ਪਾਣੀ ਦਾ ਪ੍ਰਵਾਹ ਬਣਿਆ ਰਹਿੰਦਾ ਹੈ। ਹਾਲਾਂਕਿ ਬਰਫ਼ ਦਾ ਬਣਨਾ ਅਤਿਅੰਤ ਜ਼ਰੂਰੀ ਹੈ। ਬਰਫ਼ਬਾਰੀ ਪਿਛਲੇ 25 ਵਰ੍ਹਿਆਂ ਤੋਂ ਘੱਟ ਹੋ ਰਹੀ ਹੈ, ਜੋ ਦੁਨੀਆਂ ਦੇ ਖੇਤਰਫਲ ਅਤੇ ਜਨਸੰਖਿਆ 'ਚ ਸਭ ਤੋਂ ਵੱਡੇ ਏਸ਼ੀਆਈ ਮਹਾਂਦੀਪ, ਜਿਸ ਦੀ ਕੁੱਲ ਜਨਸੰਖਿਆ 470 ਕਰੋੜ ਹੈ, ਲਈ ਇੱਕ ਗੰਭੀਰ ਚੇਤਾਵਨੀ ਦੇ ਰੂਪ ਵਿਚ ਸਾਹਮਣੇ ਆ ਰਹੀ ਹੈ। ਇਹ ਏਸ਼ੀਆ ਦੇ 49 ਦੇਸ਼ਾਂ, ਜਿਨ੍ਹਾਂ ਦੇ ਕੋਲ ਆਬਾਦੀ ਦੁਨੀਆਂ ਦੀ ਆਬਾਦੀ ਦਾ 60 ਫ਼ੀਸਦੀ ਹੈ, ਲਈ ਭਵਿੱਖ 'ਚ ਵੱਡੀ ਚਿੰਤਾ ਅਤੇ ਚੁਣੌਤੀ ਬਣੇਗੀ।

ਖੇਤਰਫਲ ਅਤੇ ਜਨਸੰਖਿਆ ਦੀ ਦ੍ਰਿਸ਼ਟੀ ਤੋਂ ਹਿੰਦੂਕੁਸ਼ ਹਿਮਾਲਾ ਪਰਬਤ ਸਮੂਹ ਖੇਤਰ ਅੱਠ ਦੇਸ਼ਾਂ ਵਿਚ ਲਗਭਗ 40 ਲੱਖ 30 ਹਜ਼ਾਰ ਵਰਗ ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। ਇਨ੍ਹਾਂ ਦੇ ਅਰਬ ਲੋਕਾਂ ਦੇ ਭੋਜਨ ਪਾਣੀ ਅਤੇ ਬਿਜਲੀ ਦੀ ਸੁਰੱਖਿਆ ਦੇ ਨਾਲ-ਨਾਲ ਹਜ਼ਾਰਾਂ, ਲੱਖਾਂ ਜੀਵ-ਜੰਤੂਆਂ ਦਾ ਰਹਿਣ ਬਸੇਰਾ ਵੀ ਹੈ। ਚਿੰਤਾ ਦੀ ਗੱਲ ਹੈ ਕਿ ਪੌਣ ਪਾਣੀ ਤਬਦੀਲੀ ਦਾ ਭੈੜਾ ਅਸਰ ਪਹਾੜਾਂ ਤੱਕ ਪੁੱਜ ਗਿਆ ਹੈ। ਇਸ ਦੇ ਕਾਰਨ ਹੀ ਤੇਜ਼ੀ ਨਾਲ ਬਰਫ਼ ਪਿਘਲਦੀ ਹੈ। ਪਹਿਲਾਂ ਜਿੱਥੇ ਬਰਫ਼ ਦੀਆਂ ਮੋਟੀਆਂ ਤੈਹਾਂ ਦਿਖਾਈ ਦਿੰਦੀਆਂ, ਹੁਣ ਪਤਲੀਆਂ ਕੱਚ ਵਰਗੀਆਂ ਦਿਖਣ ਲੱਗੀਆਂ ਹਨ। ਇਹ ਤੇਜ਼ੀ ਨਾਲ ਪਿਘਲ ਰਹੀਆਂ ਹਨ। ਆਮ ਤੌਰ 'ਤੇ ਤਾਂ ਬਰਫ਼ ਦੇ ਤੋਦੇ, ਚੱਟਾਨਾਂ ਹੌਲੀ-ਹੌਲੀ ਪਹਾੜਾਂ 'ਤੇ ਪਿਘਲਦੀਆਂ ਹਨ। ਚੱਟਾਨ ਦੀ ਸ਼ਕਲ ਲੈ ਪਾਉਣ ਤੋਂ ਪਹਿਲਾਂ ਬਰਫ਼ ਅਸਲ 'ਚ ਪਾਣੀ ਦੀ ਇੱਕ ਅਵਸਥਾ ਹੁੰਦੀ ਹੈ। ਜਦੋਂ ਪਾਣੀ ਦਾ ਤਾਪਮਾਨ ਮਾਈਨਸ ਡਿਗਰੀ ਜਾਂ ਘੱਟ ਹੁੰਦਾ ਹੈ, ਤਾਂ ਉਹ ਬਰਫ਼ 'ਚ ਬਦਲਦਾ ਹੈ। ਪਰ ਜਦ ਇਹ ਉਚਾਈ 'ਤੇ ਹੁੰਦਾ, ਤਾਂ ਦਬਾਅ ਘੱਟ ਹੁੰਦਾ ਹੈ। ਮੌਜੂਦਾ ਸਮੇਂ ਮਨੁੱਖ ਦੀਆਂ ਲੋੜਾਂ ਤੋਂ ਵੱਧ ਗਤੀਵਿਧੀਆਂ ਦਾ ਕੁਦਰਤ 'ਤੇ ਭੈੜਾ ਪ੍ਰਭਾਵ ਪੈਂਦਾ ਹੈ।

ਨਿਸ਼ਚਿਤ ਰੂਪ 'ਚ ਇਹ ਸਥਿਤੀ ਸੁਖਾਵੀਂ ਸਥਿਤੀ ਨਹੀਂ ਹੈ। ਇਸਦੇ ਸਿੱਟੇ ਦੁਨੀਆਂ ਦੀ ਆਬਾਦੀ ਦੇ ਸਭ ਤੋਂ ਵੱਡੇ ਹਿੱਸੇ ਭਾਰਤ ਵਿਚ ਵੇਖਣ ਨੂੰ ਮਿਲ ਰਹੇ ਹਨ। ਹੜ੍ਹ ਅਤੇ ਤੂਫ਼ਾਨ, ਪੌਣ ਪਾਣੀ ਬਦਲੀ, ਜੰਗਲਾਂ ਦੀ ਕਟਾਈ ਅਤੇ ਧਰਤੀ ਖੋਰੇ ਦੇ ਕਾਰਨ, ਲੱਖਾਂ ਲੋਕਾਂ ਦੀ ਉਜਾੜੇ ਦਾ ਕਾਰਨ ਬਣੇ ਹਨ।

ਪੱਛਮੀ ਬੰਗਾਲ 'ਚ 24 ਮਈ 2024 ਨੂੰ ਚੱਕਰਵਾਤ 'ਰੇਮਲ' ਕਾਰਨ 2,0,8000 ਲੋਕਾਂ ਨੂੰ ਘਰੋਂ ਬੇਘਰ ਹੋਣਾ ਪਿਆ। 'ਰੇਮਲ' ਦੇ ਉੱਤਰ ਵੱਲ ਵਧਣ ਕਾਰਨ ਬ੍ਰਹਮਪੁੱਤਰ ਨਦੀ ਅਤੇ ਉਸਦੀਆਂ ਸਹਾਇਕ ਨਦੀਆਂ 'ਚ ਤੂਫ਼ਾਨ ਆਇਆ, ਜਿਸ ਨਾਲ ਆਸਾਮ ਵਿਚ ਲਗਭਗ 3,38000 ਲੋਕ ਉਜੜ ਗਏ। ਅਸਾਮ ਵਿਚ ਇੱਕ ਦਹਾਕੇ ਦੌਰਾਨ ਭਾਰੀ ਹੜ੍ਹਾਂ ਕਾਰਨ ਸਾਲ 2024 ਵਿਚ 25 ਲੱਖ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ। ਚੱਕਰਵਾਤ 'ਦਾਨਾ' ਨੇ 10 ਲੱਖ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ। ਇਹ ਅਸਲ ਅਰਥਾਂ 'ਚ ਕੁਦਰਤ ਨਾਲ ਖਿਲਵਾੜ ਕਰਨ ਦਾ ਹੀ ਸਿੱਟਾ ਹੈ।

ਬਰਫ਼ ਦਾ ਪਿਘਲਣਾ, ਮਨੁੱਖਾਂ ਹੱਥੋਂ ਕੀਤਾ ਗ਼ੈਰ-ਕੁਦਰਤੀ ਕਾਰਾ ਹੈ, ਜੋ ਮਨੁੱਖ ਨੂੰ ਆਪੇ ਭੁਗਤਣਾ ਪੈ ਰਿਹਾ ਹੈ। ਇਹ ਇਕ ਗੰਭੀਰ ਸਥਿਤੀ ਵੀ ਹੈ, ਕਿਉਂਕਿ ਪਿਘਲਦੀਆਂ ਹਿੰਮ ਨਦੀਆਂ ਤੋਂ ਨਿਕਲਦੇ ਪਾਣੀ ਉੱਤੇ ਜਨਸੰਖਿਆ, ਬਨਸਪਤੀ, ਪਸ਼ੂ-ਪੰਛੀ ਅਤੇ ਦੂਜੇ ਜੀਵ-ਜੰਤੂ ਨਿਰਭਰ ਹਨ ਅਤੇ ਇਹ ਉਨ੍ਹਾਂ ਦੇ ਜੀਵਨ ਲਈ ਖ਼ਤਰੇ ਦੀ ਘੰਟੀ ਹੈ।

ਗੰਗਾ, ਬ੍ਰਹਮਪੁੱਤਰ ਅਤੇ ਸਿੰਧੂ ਬੇਸਿਨ ਕਈ ਨਦੀਆਂ ਦਾ ਸਰੋਤ ਹੈ। ਇਸ ਨਾਲ ਭਾਰਤ ਦੇ ਕਰੋੜਾਂ ਲੋਕਾਂ ਦੀ ਨਿਰਭਰਤਾ ਹੈ। ਭਾਰਤ ਨੂੰ ਪਾਣੀ ਇਨ੍ਹਾਂ ਬੇਸਿਨਾਂ ਤੋਂ ਮਿਲਦਾ ਹੈ। ਪਰ ਇਨ੍ਹਾਂ ਨਦੀਆਂ ਦੇ ਜਲਦੀ ਸੁੱਕਣ ਨਾਲ ਜੋ ਸੰਕੇਤ ਮਿਲ ਰਹੇ ਹਨ, ਉਹ ਬੇਹੱਦ ਚਿੰਤਾਜਨਕ ਹਨ। ਜੇਕਰ ਨਦੀਆਂ ਸੁੱਕ ਗਈਆਂ, ਤਾਂ ਮਨੁੱਖੀ ਜੀਵਨ ਤਬਾਹੀ ਕੰਢੇ ਹੋਵੇਗਾ।

ਉਂਝ ਵੀ ਪਾਣੀ ਕਾਰਨ ਦੇਸ਼ਾਂ, ਪ੍ਰਦੇਸ਼ਾਂ ਵਿਚ ਲੜਾਈ ਦਾ ਮੈਦਾਨ ਭਖਿਆ ਪਿਆ ਹੈ। ਸਿੰਧੂ ਨਦੀ ਦਾ ਪਾਣੀ ਭਾਰਤ ਨੇ ਬੰਦ ਕਰਨ ਦਾ ਉਦੋਂ ਐਲਾਨ ਕਰ ਦਿੱਤਾ, ਜਦੋਂ ਦੋਹਾਂ ਦੇਸ਼ਾਂ 'ਚ ਆਪਸੀ ਤਕਰਾਰ ਵਧਿਆ ਅਤੇ ਜੰਗ ਛਿੜ ਪਈ। ਕਿਹਾ ਜਾ ਰਿਹਾ ਹੈ ਕਿ ਦੁਨੀਆਂ ਵਿਚ ਅਗਲੇ ਵਿਸ਼ਵ ਯੁੱਧ ਦਾ ਕਾਰਨ ਪਾਣੀ ਹੋਵੇਗਾ।

ਭਾਰਤ ਦੀਆਂ ਪ੍ਰਮੁੱਖ ਨਦੀਆਂ ਦੋ ਜਾਂ ਤਿੰਨ ਤੋਂ ਜ਼ਿਆਦਾ ਸੂਬਿਆਂ ਦੇ ਪਾਣੀ ਦਾ ਸਰੋਤ ਹਨ, ਕਿਉਂਕਿ ਧਰਤੀ ਹੇਠਲਾ ਪਾਣੀ ਲਗਭਗ ਦੇਸ਼ਾਂ ਦੇ ਬਹੁਤਿਆਂ ਹਿੱਸਿਆਂ 'ਚੋਂ ਧਰਤੀ 'ਚ ਬਹੁਤ ਨੀਵਾਂ ਜਾ ਚੁੱਕਾ ਹੈ, ਕਿਉਂਕਿ ਇਸ ਦੀ ਦੁਰਵਰਤੋਂ ਲਗਾਤਾਰ ਕੀਤੀ ਜਾ ਰਹੀ ਹੈ। ਆਬਾਦੀ ਵਧਣ ਨਾਲ ਪਾਣੀ ਦੀ ਮੰਗ ਵੀ ਵੱਧ ਰਹੀ ਹੈ ਅਤੇ ਇਸੇ ਮੰਗ ਦੇ ਵਧਣ ਕਾਰਨ ਸੂਬਿਆਂ 'ਚ ਪਾਣੀ ਲਈ ਆਪਸੀ ਤਕਰਾਰ ਡੂੰਘਾ ਅਤੇ ਗੰਭੀਰ ਬਣਦਾ ਜਾ ਰਿਹਾ ਹੈ। ਪੰਜਾਬ ਤੇ ਹਰਿਆਣਾ ਵਿਚਕਾਰ ਪਾਣੀ ਕਾਰਨ ਵੱਡਾ ਕਲੇਸ਼ ਵਧਿਆ ਹੈ। ਸੂਬੇ ਕਾਨੂੰਨੀ ਅਤੇ ਸਿਆਸੀ ਸ਼ਕਤੀ ਦਾ ਦਾਅਵਾ ਕਰਦੇ ਹਨ।

ਇਹੋ ਹਾਲ ਅੰਤਰਰਾਸ਼ਟਰੀ ਜਲ ਵਿਵਾਦਾਂ ਦਾ ਹੈ। ਇਹ ਪਾਣੀ ਝਗੜੇ ਲੰਬੇ ਸਮੇਂ ਤੋਂ ਅਣਸੁਲਝੇ ਹਨ। ਅੰਤਰਰਾਜੀ ਜਲ ਵਿਵਾਦਾਂ ਨਾਲ ਨਿਪਟਣ ਲਈ ਘਰੇਲੂ ਕਾਨੂੰਨੀ ਢਾਂਚਾ ਅਤੇ ਪ੍ਰਕਿਰਿਆਵਾਂ ਹੁਣ ਵੀ ਬਹੁਤ ਪੁਰਾਣੀਆਂ ਅਤੇ ਅਵਿਕਸਿਤ ਹਨ। ਇਹ ਸੂਬਿਆਂ ਦੇ ਆਪਸੀ ਪਾਣੀ ਮਸਲਿਆਂ ਨੂੰ ਹੱਲ ਕਰਨ ਦੇ ਕਾਬਲ ਵੀ ਨਹੀਂ ਹਨ। ਭਾਰਤ ਦੇ ਸੰਘੀ ਸੰਵਿਧਾਨਿਕ ਢਾਂਚੇ ਤਹਿਤ ਪਾਣੀ ਮੋਟੇ ਤੌਰ 'ਤੇ ਰਾਜ ਦਾ ਮਾਮਲਾ ਹੈ, ਜਿਸ ਵਿਚ ਕੇਂਦਰ ਸਰਕਾਰ ਦਾ ਦਖ਼ਲ ਸੀਮਤ ਹੈ ਅਤੇ ਉਸ ਦੀ ਭੂਮਿਕਾ ਸੰਵਿਧਾਨਿਕ ਤੌਰ 'ਤੇ ਪ੍ਰਭਾਸ਼ਿਤ ਹੈ।

ਭਾਰਤ ਵਿਚ ਹਰ ਸੂਬਾ ਕੁਦਰਤੀ ਸੋਮਿਆਂ ਉੱਤੇ ਆਪਣਾ ਹੱਕ ਜਤਾਉਂਦਾ ਹੈ। ਵਿਸ਼ੇਸ਼ ਰੂਪ 'ਤੇ ਪਾਣੀ ਦੇ ਮਸਲੇ 'ਚ ਕਈ ਵਾਰ ਤਾਂ ਇਹ ਵਿਵਾਦ ਪੂਰਨ ਵੀ ਹੋ ਜਾਂਦਾ ਹੈ, ਕਿਉਂਕਿ ਕਈ ਨਦੀਆਂ ਕਈ ਰਾਜਾਂ ਵਿਚ ਹੋ ਕੇ ਵਹਿੰਦੀਆਂ ਹਨ। ਕਈ ਵਾਰ ਇਹ ਵਿਵਾਦ ਰਾਜਨੀਤਿਕ ਰੂਪ ਧਾਰਨ ਕਰਦਾ ਹੈ। ਕੁੜੱਤਣ ਪੈਦਾ ਹੁੰਦੀ ਹੈ।

ਅਸਲੀਅਤ ਇਹ ਹੈ ਕਿ ਭਾਰਤ ਦੀ ਆਬਾਦੀ ਵੱਡੀ ਹੈ, ਲੇਕਿਨ ਪਾਣੀ ਬਹੁਤ ਜ਼ਿਆਦਾ ਨਹੀਂ ਹੈ। ਦੁਨੀਆਂ ਦੇ ਨਵੀਨੀਕਰਨ ਜਲ ਸੰਸਾਧਨਾਂ ਦਾ ਸਿਰਫ਼ ਚਾਰ ਫ਼ੀਸਦੀ ਅਤੇ ਵਿਸ਼ਵ ਆਬਾਦੀ ਦਾ 18 ਫ਼ੀਸਦੀ ਹੈ। ਕਈ ਵਾਰ ਇਸ ਨੂੰ ਲੈ ਕੇ ਤਨਾਅ ਵੱਧਦਾ ਹੈ। ਕਦੇ-ਕਦੇ ਗੰਭੀਰ ਟਕਰਾਅ ਵਿਚ ਇਹ ਤਨਾਅ ਬਦਲਦਾ ਹੈ। ਸੂਬਿਆਂ ਦੇ ਆਪਸੀ ਰਿਸ਼ਤੇ ਤਣਾਅ ਪੂਰਨ ਹੁੰਦੇ ਹਨ। ਗੱਲ ਵਿਰੋਧ ਪ੍ਰਦਰਸ਼ਨਾਂ ਤੱਕ ਪੁੱਜਦੀ ਹੈ, ਜਿਵੇਂ ਕਿ ਇਨ੍ਹੀਂ ਦਿਨੀਂ ਹਰਿਆਣਾ ਪੰਜਾਬ ਦਾ ਭਾਖੜਾ ਡੈਮ ਤੋਂ ਛੱਡੇ ਜਾਣ ਵਾਲੇ ਪਾਣੀ ਕਾਰਨ ਟਕਰਾਅ ਹੋ ਰਿਹਾ ਹੈ।

ਆਜ਼ਾਦੀ ਤੋਂ ਬਾਅਦ ਭਾਰਤ ਵਿਚ ਸਿੰਚਾਈ ਅਤੇ ਬਿਜਲੀ ਪੈਦਾ ਕਰਨ ਲਈ ਨਦੀਆਂ ਦੇ ਪਾਣੀਆਂ ਦੀ ਵਰਤੋਂ ਦੀਆਂ ਯੋਜਨਾਵਾਂ ਲਾਗੂ ਹੋਈਆਂ। ਭਾਖੜਾ-ਨੰਗਲ, ਹੀਰਾਕੁੰਡ, ਚੰਬਲ, ਤੁੰਗਭੱਦਰਾ, ਨਾਗਾਰਜੁਨ ਸਾਗਰ ਅਤੇ ਦਮੋਦਰ ਘਾਟੀ ਯੋਜਨਾਵਾਂ ਬਣੀਆਂ। ਇਨ੍ਹਾਂ ਯੋਜਨਾਵਾਂ ਨਾਲ ਇਨ੍ਹਾਂ ਖੇਤਰਾਂ ਦੇ ਵਿਕਾਸ 'ਚ ਮਦਦ ਮਿਲੀ। ਇਹ ਸਿੰਚਾਈ, ਬਿਜਲੀ ਅਤੇ ਹੜ੍ਹ ਰੋਕਣ ਲਈ ਮਦਦਗਾਰ ਸਾਬਿਤ ਹੋਈਆਂ। ਹਾਲਾਂਕਿ ਕੁਝ ਮਾਮਲਿਆਂ 'ਚ ਇਨ੍ਹਾਂ ਯੋਜਨਾਵਾਂ ਕਾਰਨ ਰਾਜਾਂ ਦੇ ਝਗੜੇ ਪਾਣੀ ਦੀ ਵੰਡ ਲਈ ਪੈਦਾ ਹੋਏ।

ਰਾਵੀ, ਬਿਆਸ, ਨਰਮਦਾ, ਕ੍ਰਿਸ਼ਨਾ, ਕਾਵੇਰੀ, ਗੋਦਾਵਰੀ, ਪਰਿਆਰ, ਮਹਾਂਦੇਈ, ਨਦੀਆਂ ਦੇ ਪਾਣੀ ਦੀ ਵੰਡ ਲਈ ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ, ਤਾਮਿਲਨਾਡੂ, ਕੇਰਲਾ ਆਦਿ ਸੂਬਿਆਂ ਵਿਚਕਾਰ ਪਾਣੀ-ਵਿਵਾਦ ਹੁੰਦਾ ਰਿਹਾ ਹੈ ਜਾਂ ਹੈ।

ਅੰਤਰਰਾਸ਼ਟਰੀ ਪੱਧਰ 'ਤੇ ਭਾਰਤ-ਪਾਕਿਸਤਾਨ, ਚੀਨ, ਇਜ਼ਰਾਈਲ-ਫਲਸਤੀਨ, ਸੀਰੀਆ, ਤੁਰਕੀ, ਜਾਰਡਨ, ਇਥੋਪੀਆ ਆਦਿ ਦੇਸ਼ਾਂ 'ਚ ਪਾਣੀ ਕਾਰਨ ਵਿਵਾਦ ਹੈ ਅਤੇ ਇਹ ਵਿਵਾਦ ਜੰਗ ਦਾ ਰੂਪ ਧਾਰਨ ਕਰ ਚੁੱਕਾ ਹੈ।

ਭਾਰਤ ਵਿਚ ਹੀ ਨਹੀਂ, ਸਮੁੱਚੀ ਦੁਨੀਆਂ ਵਿਚ ਵੱਡੀ ਗਿਣਤੀ ਸਰਕਾਰਾਂ ਕਾਰਪੋਰੇਟਾਂ ਸੈਕਟਰ ਨਾਲ ਮਿਲਕੇ, ਧਰਤੀ ਦੇ ਪੰਜ ਤੱਤਾਂ ਦਾ ਨਾਲ ਖਿਲਵਾੜ ਕਰ ਰਹੀਆਂ ਹਨ। ਪਾਣੀ ਦੀ ਕਮੀ ਪੱਛਮੀ ਏਸ਼ੀਆ ਤੇ ਅਫ਼ਰੀਕਾ ਦੇ ਲੋਕਾਂ ਨੂੰ ਆਪਣੇ ਘਰ-ਬਾਰ ਛੱਡਣ 'ਤੇ ਮਜਬੂਰ ਕਰ ਰਹੀ ਹੈ। ਪਾਣੀ ਦੀ ਘਾਟ ਕਾਰਨ ਸਥਿਤੀਆਂ ਇਹੋ ਜਿਹੀਆਂ ਬਣ ਰਹੀਆਂ ਹਨ, ਜਿਸ ਬਾਰੇ ਮੈਗਸੈਸ ਪੁਰਸਕਾਰ ਵਿਜੇਤਾ ਜਲਪੁਰਸ਼ ਰਜਿੰਦਰ ਸਿੰਘ ਨੇ ਕਿਹਾ ਹੈ ਕਿ "ਜਲ ਸਮੱਸਿਆ" ਤੀਜੇ ਵਿਸ਼ਵ ਯੁੱਧ ਦਾ ਕਾਰਨ ਬਣ ਸਕਦੀ ਹੈ।

20ਵੀਂ ਸਦੀ ਤੋਂ ਸ਼ੁਰੂ ਤੇਲ ਲਈ ਯੁੱਧ ਨੇ ਇਤਿਹਾਸ ਨੂੰ ਵੱਖਰਾ ਆਕਾਰ ਦਿੱਤਾ। 21ਵੀਂ ਸਦੀ ਦੇ ਬਹੁਤ ਸੰਘਰਸ਼ ਪਾਣੀ ਲਈ ਹੋਣਗੇ। 20ਵੀਂ ਸਦੀ 'ਚ ਆਬਾਦੀ ਵਿਸ਼ਵ 'ਚ ਦੋ ਗੁਣਾ ਤੋਂ ਜ਼ਿਆਦਾ ਹੋ ਗਈ ਹੈ ਅਤੇ ਪਾਣੀ ਦੀ ਵਰਤੋਂ ਵੀ ਵਧੀ ਹੈ। ਇਸ ਨਾਲ ਦੁਨੀਆਂ ਭਰ ਦੇ ਸ਼ਹਿਰਾਂ 'ਚ ਪਾਣੀ ਦੀ ਕਮੀ ਹੈ। ਕੈਪਟਾਊਨ ਸ਼ਹਿਰ, ਲੀਮਾਂ ਸ਼ਹਿਰ, ਚੈਨੱਈ ਸ਼ਹਿਰ ਪਾਣੀ ਨੂੰ ਤਰਸੇ ਪਏ ਹਨ।

ਪਾਣੀ ਦੀ ਘਾਟ ਖੇਤਰੀ ਅਸਥਿਰਤਾ ਅਤੇ ਸਮਾਜਿਕ ਅਸ਼ਾਂਤੀ ਦਾ ਕਾਰਨ ਬਣ ਰਹੀ ਹੈ। ਸੰਯੁਕਤ ਰਾਸ਼ਟਰ ਅਤੇ ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਦੁਨੀਆਂ ਦੀ 40 ਫ਼ੀਸਦੀ ਆਬਾਦੀ ਪ੍ਰਭਾਵਿਤ ਹੋ ਚੁੱਕੀ ਹੈ ਅਤੇ 2030 ਤੱਕ 700 ਮਿਲੀਅਨ ਲੋਕਾਂ ਨੂੰ ਪਾਣੀ ਕਾਰਨ ਆਪਣੇ ਘਰਾਂ ਤੋਂ ਬੇਘਰ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਪਾਣੀ ਮਾਹਿਰਾਂ ਦਾ ਕਹਿਣਾ ਹੈ ਕਿ ਪਾਣੀ ਦੀ ਵਧਦੀ ਕਮੀ ਹਿੰਸਕ ਸੰਘਰਸ਼ਾਂ 'ਚ ਵਾਧਾ ਕਰੇਗੀ, ਕਿਉਂਕਿ ਬੇਈਮਾਨ, ਨੇਤਾ, ਸ਼ਕਤੀਸ਼ਾਲੀ ਨਿਗਮ ਅਤੇ ਸ਼ਕਤੀਹੀਣ ਲੋਕ ਘਟਦੀ ਜਲ ਪੂਰਤੀ ਲਈ ਲੜ ਸਕਦੇ ਹਨ।

ਪਾਣੀਆਂ ਲਈ ਜੰਗ ਦੁਨੀਆਂ ਲਈ ਨਵਾਂ ਨਹੀਂ ਹੈ। 2500 ਈਸਾ ਪੂਰਬ ਵਿਚ ਮੇਸੋਪੋਟਾਮਿਆ, 720 ਈਸਾ ਪੂਰਬ ਵਿਚ ਅਸੀਰੀਆ, 101 ਈਸਾ ਪੂਰਬ ਵਿਚ ਚੀਨ ਅਤੇ 48 ਈਸਾ ਪੂਰਬ ਵਿਚ ਮਿਸਰ ਵਿਚ ਇਸਦੇ ਪ੍ਰਕੋਪ ਦੀ ਸ਼ੁਰੂਆਤ ਹੋਈ ਸੀ, ਅੱਜ ਵੀ ਦੁਨੀਆਂ ਦੇ ਕਈ ਹਿੱਸਿਆਂ 'ਚ ਪਾਣੀ ਲਈ ਸੰਘਰਸ਼ ਜਾਰੀ ਹੈ। ਕਿਧਰੇ ਕਿਸੇ ਦੇਸ਼ ਦੇ ਸੂਬਿਆਂ 'ਚ ਆਪਸ ਵਿਚ ਅਤੇ ਕਿਧਰੇ ਕਿਸੇ ਇੱਕ ਦੇਸ਼ ਦਾ ਦੂਜੇ ਦੇਸ਼ ਨਾਲ।

## ''ਫੁੱਟ''

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
ਪੰਜਾਬ ਮੇਲ USA



## ਖੂੰਢ ਚਰਚਾ

ਪਿੰਡ ਦੀ ਸੱਥ ਵਿਚ ਸਾਰੇ ਆਪਣੇ-ਆਪਣੇ ਵਿਚਾਰ ਸੁਣਾ ਰਹੇ ਸਨ। ਬਖ਼ਤੌਰ ਸੋਹ ਕਹਿੰਦਾ, ਸਾਨੂੰ ਤਾਂ ਮਾਰ ਲਿਆ ਆਪਸੀ ਫੁੱਟ ਨੇ, ਕੱਲ੍ਹ ਸਾਡੇ ਮੰਡ ਨੇੜਲੇ ਖੇਤਾਂ ਵਿਚ ਬਾਰਾਂਸਿੰਗਾ ਆ ਗਿਆ, ਜੋ ਕਿ ਸ਼ਿਕਾਰੀ ਕੁੱਤਿਆਂ ਵੱਲੋਂ ਭਜਾਇਆ ਹੋਇਆ ਸੀ। ਕਾਫੀ ਬੰਦਿਆਂ ਨੇ ਰਲ ਕੇ ਫੜਿਆ ਅਤੇ ਸਲਾਹ ਬਣੀ ਛਕ ਜਾਉ ਚੁੱਪ ਕਰਕੇ। ਫਿਰ ਗਾਮੇ ਮੁਖਬਰ ਤੋਂ ਡਰਦੇ ਥਾਣੇ ਫੋਨ ਕੀਤਾ ਕਿ ਉਹ ਪੁਲਿਸ ਨੂੰ ਚੁਗਲੀ ਨਾ ਕਰ ਦੇਵੇ। ਕੋਈ ਸਮਾਂ ਹੁੰਦਾ ਸੀ ਕਿ ਨੇੜੇ-ਤੇੜੇ ਕਤਲ ਹੋ ਜਾਵੇ, ਤਾਂ ਪਿੰਡ ਵਾਲੇ ਦੰਦਾਂ ਹੇਠ ਜੀਭ ਲੈ ਲੈਂਦੇ ਸਨ। ਮਜ਼ਾਲ ਐ ਕੋਈ ਸੂਹ ਕੱਢ ਦੇਵੇ ਪਰ ਹੁਣ ਕੋਈ ਚਾਰ ਕਿਲੋ ਗੁੜ ਘੜੇ ਵਿਚ ਪਾ ਲਵੇ, ਤਾਂ ਵੀ ਥਾਣਾ ਆ ਢੁਕਦਾ ਹੈ। ਜਦ ਬਾਰਾਂ ਸਿੰਘੇ ਦੀ ਖਬਰ ਥਾਣੇ ਪਹੁੰਚੀ, ਤਾਂ ਪੁਲਿਸ ਵਾਲੇ ਅਤੇ ਜੰਗਲਾਤ ਵਾਲੇ ਆਏ ਤੇ ਬਾਰਾਂ ਸਿੰਘੇ ਨੂੰ ਜੀਪ ਵਿਚ ਸੁੱਟ ਕੇ ਲੈ ਗਏ। ਰਾਤ ਨੂੰ ਅਸਾਂ ਦਾਲ ਨਾਲ ਰੋਟੀਆਂ ਖਾਧੀਆਂ ਤੇ ਪੁਲਸੀਆਂ ਨੇ ਤਰੀ ਨਾਲ ਜੀਭ ਸਲੂਣੀ ਕੀਤੀ। ਪਿੰਡ ਵਾਲੇ ਕਹਿੰਦੇ ਇਹ ਤਾਂ ਹੋਣਾ ਈ ਸੀ ਕਿਉਂਕਿ ਹਰ ਨਿਵਾਲੇ 'ਤੇ ਖਾਣ ਵਾਲੇ ਦੀ ਮੋਹਰ ਲੱਗੀ ਹੁੰਦੀ ਹੈ। ਮੱਘਰ ਕਹਿੰਦਾ, 'ਖ਼ਯਾਲ ਅੱਛਾ ਹੈ ਗ਼ਾਲਿਬ ਦਿਲ ਕੇ ਬਹਿਲਾਨੇ ਕੋ', ਅਸਲ ਪੰਗਾ ਤਾਂ ਆਪਸੀ ਫੁੱਟ ਦਾ ਸੀ।

# ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

ਡਾ. ਚਰਨਜੀਤ ਸਿੰਘ ਗੁਮਟਾਲਾ
ਯੂ.ਐੱਸ.ਏ.
001-937-573-9812 (ਯੂ.ਐੱਸ.ਏ.)
ਵਟਸ ਐਪ : 91-94175-33060
gumtalacs@gmail.com
ਪੰਜਾਬ ਮੇਲ USA





ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ 15 ਅਪ੍ਰੈਲ 1563 ਈ: ਨੂੰ ਚੌਥੇ ਗੁਰੂ ਸ੍ਰੀ ਗੁਰੂ ਸ੍ਰੀ ਰਾਮਦਾਸ ਜੀ ਦੇ ਗ੍ਰਹਿ ਗੋਇੰਦਵਾਲ ਸਾਹਿਬ ਵਿਖੇ ਅਵਤਾਰ ਧਾਰਿਆ। ਆਪ ਜੀ ਦੀ ਮਾਤਾ ਦਾ ਨਾਂ ਬੀਬੀ ਭਾਨੀ ਸੀ। ਇਹ ਸਥਾਨ ਬਿਆਸ ਦਰਿਆ ਦੇ ਕੰਢੇ ਹੈ। ਆਪ ਦੇ ਵੱਡੇ ਭਰਾ ਸ੍ਰੀ ਪ੍ਰਿਥੀ ਚੰਦ ਤੇ ਸ੍ਰੀ ਮਹਾਂਦੇਵ ਸਨ। ਆਪ ਬਹੁਤ ਹੀ ਸੂਝਵਾਨ ਸਨ, ਇਹੋ ਕਾਰਨ ਸੀ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਆਪ ਨੂੰ ਗੁਰਗੱਦੀ ਸੌਂਪੀ।

ਗੁਰਗੱਦੀ ਧਾਰਨ ਤੋਂ ਪਹਿਲਾਂ ਆਪ ਬਤੌਰ ਇੱਕ ਸਫ਼ਲ ਪ੍ਰਚਾਰਕ ਦਾ ਕੰਮ ਕਰ ਚੁੱਕੇ ਸਨ। ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਜਨਮ ਅਸਥਾਨ ਲਾਹੌਰ ਵਿਖੇ ਬਹੁਤਾ ਸਮਾਂ ਨਾ ਰਹਿ ਸਕੇ ਪਰ ਉਨ੍ਹਾਂ ਨੇ ਆਪ ਨੂੰ ਇੱਥੇ ਪ੍ਰਚਾਰ ਕਰਨ ਲਈ ਭੇਜਿਆ। ਲਾਹੌਰ ਉਸ ਸਮੇਂ ਸੂਬਾਈ ਰਾਜਧਾਨੀ ਹੋਣ ਕਰਕੇ ਬਹੁਤ ਪ੍ਰਸਿੱਧੀ ਵਾਲਾ ਸ਼ਹਿਰ ਸੀ। ਇੱਥੇ ਹੀ ਆਪ ਜੀ ਨੇ ਸ਼ਬਦ ਹਜ਼ਾਰੇ ਆਪਣੇ ਪਿਤਾ ਜੀ ਨੂੰ ਚਿੱਠੀਆਂ ਦੇ ਰੂਪ ਵਿਚ ਭੇਜੇ, ਜੋ ਕਿ ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਆਪ ਨੇ ਦਸਵੰਧ ਦੀ ਪ੍ਰਥਾ ਸ਼ੁਰੂ ਕੀਤੀ। ਮਸੰਦਾਂ ਨੂੰ ਇਹ ਕੰਮ ਸੌਂਪਿਆ ਗਿਆ ਕਿ ਉਹ ਸੰਗਤਾਂ ਪਾਸ ਦਸਵੰਧ ਉਗਰਾਹ ਕੇ ਆਪ ਪਾਸ ਜਮਾਂ ਕਰਾਉਣ, ਤਾਂ ਜੋ ਲੰਗਰ ਅਤੇ ਇਮਾਰਤਾਂ ਦੀ ਉਸਾਰੀ ਦਾ ਕੰਮ ਨਿਰਵਿਘਨ ਚੱਲਦਾ ਰਹੇ। ਆਦਿ ਗ੍ਰੰਥ ਜਿਸ ਨੂੰ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਦੀ ਸੰਪਾਦਨਾ ਆਪ ਜੀ ਦੀ ਇੱਕ ਮਹਾਨ ਦੇਣ ਹੈ। ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਆਪ ਨੇ ਇਹ ਕੰਮ 1604 ਈ: ਵਿਚ ਮੁਕੰਮਲ ਕਰਕੇ ਇਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਕੀਤਾ। ਇਹ ਇੱਕ ਐਸਾ ਗ੍ਰੰਥ ਹੈ, ਜੋ ਕਿ ਸਭ ਧਰਮਾਂ ਦਾ ਸਾਂਝਾ ਹੈ। ਇਸ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਹਿੰਦੂ ਅਤੇ ਮੁਸਲਮਾਨ ਵਿਦਵਾਨਾਂ ਦੀ ਬਾਣੀ ਦਰਜ ਹੈ। ਇਸ ਦਾ ਉਦੇਸ਼ ਚੌਂਹ ਵਰਣਾਂ ਲਈ ਸਾਂਝਾ ਹੈ।

ਬਾਣੀ ਰਾਗਾਂ ਵਿਚ ਹੈ। ਕੁੱਲ 30 ਰਾਗ ਹਨ। ਆਰੰਭ ਵਿਚ ਮੂਲ ਮੰਤਰ ਤੋਂ ਬਾਅਦ ਜਪੁਜੀ ਸਾਹਿਬ ਹੈ। ਹਰ ਰਾਗ ਵਿਚ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਤੇ ਫਿਰ ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਨੌਵੀਂ ਪਾਤਸ਼ਾਹੀ ਦੀ ਬਾਣੀ ਬਾਦ ਵਿਚ ਦਰਜ ਕੀਤੀ। ਗੁਰੂਆਂ ਦੇ ਬਾਦ ਭਗਤਾਂ ਦੀ ਬਾਣੀ ਹੈ, ਜੋ ਕਿ ਸਮੇਂ ਅਨੁਸਾਰ ਦਰਜ ਹੈ। ਜਿਨ੍ਹਾਂ ਭਗਤਾਂ ਦੀ ਬਾਣੀ ਦਰਜ ਕੀਤੀ ਗਈ ਹੈ, ਉਨ੍ਹਾਂ ਵਿਚ ਫ਼ਰੀਦ ਜੀ, ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਰਾਮਾਨੰਦ ਜੀ, ਜੈਦੇਵ ਜੀ, ਤ੍ਰਿਲੋਚਨ ਜੀ, ਧੰਨਾ ਜੀ, ਸੈਣ ਜੀ, ਪੀਪਾ ਜੀ, ਭੀਖਣ ਜੀ, ਸਧਨਾ ਜੀ, ਪਰਮਾਨੰਦ ਜੀ, ਸੂਰਦਾਸ ਜੀ, ਬੈਣੀ ਜੀ ਸ਼ਾਮਿਲ ਹਨ। ਭਾਈ ਮਰਦਾਨਾ ਦੇ 3 ਸਲੋਕ ਦਿੱਤੇ ਗਏ ਹਨ।

ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸ਼ੁਰੂ ਕੀਤੇ ਕੰਮਾਂ ਨੂੰ ਪੂਰਾ ਕਰਨ ਵੱਲ ਆਪ ਨੇ ਧਿਆਨ ਦਿੱਤਾ। ਅੰਮ੍ਰਿਤਸਰ ਦੇ ਸਰੋਵਰ ਨੂੰ ਪੱਕਾ ਕਰਵਾਇਆ। ਇਸ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ, ਜਿਸ ਦੀ ਨੀਂਹ ਮੁਸਲਮਾਨ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਪਾਸੋਂ ਰਖਵਾਈ, ਜਿਨ੍ਹਾਂ ਦਾ ਗੁਰੂ ਘਰ ਨਾਲ ਮੇਲ ਮਿਲਾਪ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਸੀ। ਇਹ ਸਥਾਨ ਸਿੱਖ ਕੌਮ ਲਈ ਇੱਕ ਅਜੂਬਾ ਬਣ ਗਿਆ। ਇਹ ਪਹਿਲਾ ਗੁਰਦੁਆਰਾ ਸੀ, ਜਿਸ ਦੀ ਉਸਾਰੀ ਗੁਰੂ ਸਾਹਿਬ ਦੀ ਦੇਖ-ਰੇਖ ਵਿਚ ਹੋਈ। ਸ੍ਰੀ ਹਰਿਮੰਦਰ ਸਾਹਿਬ ਅੰਦਰ ਜਾਣ ਲਈ ਆਲੀਸ਼ਾਨ ਦਰਸ਼ਨੀ ਡਿਊਢੀ ਬਣਾਈ। ਸ੍ਰੀ ਦਰਬਾਰ ਸਾਹਿਬ ਅੰਦਰ ਗੁਰਬਾਣੀ ਦਾ ਮਨੋਹਰ ਕੀਰਤਨ ਹੁੰਦਾ ਹੈ, ਜਿਸ ਦਾ ਦੁਨੀਆਂ ਭਰ ਦੇ ਸ਼ਰਧਾਲੂ ਆਨੰਦ ਮਾਣ ਰਹੇ ਹਨ।

ਗੁਰੂ ਸਾਹਿਬ ਨੇ ਅੰਮ੍ਰਿਤਸਰ ਤੋਂ 25 ਕਿਲੋਮੀਟਰ ਦੂਰ 1590 ਈ. ਵਿਚ ਤਰਨਤਾਰਨ ਦਾ ਗੁਰਦੁਆਰਾ ਉਸਾਰਿਆ। ਇਸ ਵਿਚ ਗੁਰਦੁਆਰੇ ਦੀ ਇਮਾਰਤ ਸਰੋਵਰ ਦੇ ਇੱਕ ਪਾਸੇ ਹੈ। ਇਹ ਤਰਨਤਾਰਨ ਦੇ ਆਲੇ-ਦੁਆਲੇ ਦੀਆਂ ਸੰਗਤਾਂ ਲਈ ਇਕ ਕੇਂਦਰ ਬਣ ਗਿਆ। ਜਦ ਆਪ ਬਿਆਸ ਦਰਿਆ ਪਾਰ ਕਰਕੇ ਦੁਆਬੇ ਗਏ, ਤਾਂ ਆਪ ਨੇ ਇੱਕ ਨਵਾਂ ਕੇਂਦਰ ਕਰਤਾਰਪੁਰ 1594 ਈ. ਦੇ ਆਸ-ਪਾਸ ਵਸਾਇਆ ਤੇ ਗੁਰਦੁਆਰੇ ਦੀ ਸਥਾਪਨਾ ਕੀਤੀ।

ਗੁਰੂ ਜੀ ਵਡਾਲੀ ਵਿਖੇ ਕੁਝ ਜ਼ਮੀਨ ਲੈ ਕੇ ਆਪ ਨੇ ਖੇਤੀ ਕਰਵਾਈ। ਇੱਥੇ ਹੀ 1595 ਈ: ਵਿਚ ਗੁਰੂ ਹਰਗੋਬਿੰਦ ਜੀ ਦਾ ਜਨਮ ਹੋਇਆ। ਇਸ ਦੀ ਖੁਸ਼ੀ ਵਿਚ ਆਪ ਨੇ ਛੇ ਹਰਟਾਂ ਵਾਲਾ ਖੂਹ ਲਗਵਾਇਆ। ਅਜਿਹੇ ਖੂਹ ਵਿਚ ਪੰਜਾਬ ਵਿਚ ਕੇਵਲ ਬਾਦਸ਼ਾਹ ਹੀ ਲਵਾਉਂਦੇ ਸਨ ਤੇ ਉਹ ਵੀ ਇੱਕ ਹਰਟ ਜਾਂ ਦੋ ਹਰਟਾਂ ਵਾਲਾ। ਇੱਕ ਹਰਟ ਨੂੰ ਗੇੜਨ ਲਈ ਇੱਕ ਬਲਦਾਂ ਦੀ ਜੋੜੀ ਹੁੰਦੀ ਸੀ ਜਾਂ ਇੱਕ ਊਠ ਨਾਲ ਉਸ ਨੂੰ ਗੇੜਿਆ ਜਾਂਦਾ ਸੀ। ਅੱਜਕੱਲ੍ਹ ਇੱਥੇ ਗੁਰਦੁਆਰਾ ਛੇਹਰਟਾ ਸਾਹਿਬ ਸਥਿਤ ਹੈ।

ਜ਼ਿਲ੍ਹਾ ਗੁਰਦਾਸਪੁਰ ਵਿਚ ਬਿਆਸ ਦਰਿਆ ਕੰਢੇ ਤਹਿਸੀਲ ਬਟਾਲਾ ਘੁਮਾਣ ਪਿੰਡ ਲਾਗੇ ਆਪਣੇ ਸਪੁੱਤਰ ਦੇ ਨਾਂ 'ਤੇ ਸ੍ਰੀ ਹਰਿਗੋਬਿੰਦਪੁਰ ਵਸਾਇਆ। ਇਸ ਲਈ ਇੱਕ ਮੁਰੱਬਾ ਜ਼ਮੀਨ ਖ਼ਰੀਦੀ। ਲਾਹੌਰ ਵਿਚ ਆਪ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ 'ਤੇ ਸੰਗਤਾਂ ਦੀ ਸਹੂਲਤ ਲਈ ਬਾਉਲੀ ਲਗਵਾਈ।

ਆਪ ਨੇ ਸਿੱਖਾਂ ਨੂੰ ਘੋੜਿਆਂ ਦਾ ਵਪਾਰ ਕਰਨ ਲਈ ਅਰਬ ਮੁਲਕਾਂ ਵਿਚ ਭੇਜਿਆ, ਜਿਸ ਤੋਂ ਆਪ ਦੀ ਦੀਰਘ ਦ੍ਰਿਸ਼ਟੀ ਦਾ ਪਤਾ ਚੱਲਦਾ ਹੈ। ਆਪ ਵੱਲੋਂ ਬਾਦਸ਼ਾਹ ਅਕਬਰ ਪਾਸੋਂ ਕਿਸਾਨਾਂ ਦੇ ਲਗਾਨ ਮੁਆਫ਼ ਕਰਾਉਣ ਦਾ ਹਵਾਲਾ ਸਮਕਾਲੀ ਲੇਖਕ ਸੁਜਾਨ ਰਾਏ ਭੰਡਾਰੀ ਦੀ ਲਿਖਤ ਤੋਂ ਮਿਲਦਾ ਹੈ ਕਿ ਜਦ ਅਕਬਰ ਲਾਹੌਰ ਤੋਂ ਦੱਖਣ ਬਟਾਲੇ ਗਏ, ਜਿੱਥੇ ਕਿ ਮੁਸਲਮਾਨ ਫ਼ਕੀਰ ਤੇ ਹਿੰਦੂ ਸੰਨਿਆਸੀ ਦੀ ਲੜਾਈ ਕਰਕੇ ਮੰਦਰ ਢਾਹ ਦਿੱਤਾ ਗਿਆ। ਅਕਬਰ ਨੇ ਇਹ ਮੰਦਰ ਦੁਬਾਰਾ ਬਣਵਾਇਆ ਤੇ ਵਧੀਕੀ ਕਰਨ ਵਾਲਿਆਂ ਵਿਚੋਂ ਕਈ ਕੈਦ ਕਰ ਦਿੱਤੇ। ਫਿਰ ਅਕਬਰ ਗੁਰੂ ਅਰਜਨ ਦੇਵ ਜੀ ਦੇ ਸਥਾਨ ਪੁੱਜਾ ਤੇ ਗੁਰੂ ਨਾਨਕ ਜੀ ਦੀ ਬਾਣੀ ਸੁਣ ਕੇ ਬਹੁਤ ਪ੍ਰਸੰਨ ਹੋਇਆ। ਉਨ੍ਹਾਂ ਨੇ ਗੁਰੂ ਜੀ ਦੇ ਕਹਿਣ 'ਤੇ ਲਗਾਨ ਦਾ ਛੇਵਾਂ ਭਾਗ ਮੁਆਫ਼ ਕਰ ਦਿੱਤਾ ਕਿਉਂਕਿ ਅਨਾਜ ਸਸਤਾ ਹੋਣ ਕਰਕੇ ਕਿਸਾਨ ਏਨਾਂ ਲਗਾਨ ਨਹੀਂ ਦੇ ਸਕਦੇ ਸਨ।

ਆਪ ਨੇ ਗੁਰੂ ਨਾਨਕ ਰਾਹੀਂ ਸਥਾਪਤ ਕੀਤੇ ਗਏ ਸਿਧਾਂਤਾਂ ਨੂੰ ਸਿੱਖਾਂ ਦੇ ਮਨ ਵਿਚ ਵਸਾਇਆ। ਆਪ ਜੀ ਗੁਰਿਆਈ ਸਮੇਂ ਸਿੱਖ ਧਰਮ ਨੇ ਬਹੁਤ ਤਰੱਕੀ ਕੀਤੀ। ਮਾਲਵੇ ਦੇ ਜੰਗਜੂ ਜੱਟ ਕਬੀਲਿਆਂ ਨੂੰ ਆਪ ਨੇ ਸਿੱਖ ਧਰਮ ਦੀ ਮੁੱਖ ਧਾਰਾ 'ਚ ਲਿਆਂਦਾ ਤੇ ਸਿੱਖਾਂ ਨੂੰ ਸਰਬਪੱਖੀ ਵਿਕਾਸ ਦੇ ਰਾਹ 'ਤੇ ਤੋਰਿਆ।

ਜਿੱਥੋਂ ਤੀਕ ਗੁਰੂ ਜੀ ਦੀ ਸ਼ਹਾਦਤ ਦਾ ਸੰਬੰਧ ਹੈ, ਉਸ ਬਾਰੇ ਵੱਖ-ਵੱਖ ਰਾਵਾਂ ਹਨ। ਸ਼ਾਂਤੀ ਦੇ ਪੁੰਜ ਤੇ ਸਬਰ ਸੰਤੋਖ ਵਾਲੀ ਸ਼ਖਸੀਅਤ ਦੇ ਮਾਲਕ ਗੁਰੂ ਜੀ ਦਾ ਅੰਤ ਬਹੁਤ ਦੁਖਾਂਤਿਕ ਸੀ। ਬਾਦਸ਼ਾਹ ਜਹਾਂਗੀਰ ਦੀ ਆਪਣੀ ਲਿਖਤ ਜੋ ਕਿ ਤੁਜ਼ਕੇ ਜਹਾਂਗੀਰੀ ਵਿਚ ਦਰਜ਼ ਹੈ, "ਗੋਇੰਦਵਾਲ ਵਿਖੇ ਜਿਹੜਾ ਕਿ ਦਰਿਆ ਬਿਆਸ ਦੇ ਕਿਨਾਰੇ ਸਥਿਤ ਹੈ ਪੀਰ ਅਤੇ ਸ਼ੇਖ ਦੇ ਬੁਰਕੇ ਵਿਚ ਇੱਕ ਅਰਜਨ ਨਾਂ ਦਾ ਹਿੰਦੂ ਰਹਿੰਦਾ ਹੈ। ਉਸ ਨੇ ਆਪਣੇ ਤੌਰ ਤਰੀਕਿਆਂ ਰਾਹੀਂ ਆਪਣੇ ਬਾਰੇ ਧਾਰਮਿਕ ਅਤੇ ਸੰਸਾਰਿਕ ਨੇਤਾ ਦਾ ਐਸਾ ਰੌਲਾ ਪੁਆ ਰੱਖਿਆ ਹੈ ਕਿ ਸਿੱਧੇ ਸਾਦੇ ਦਿਲ ਵਾਲੇ ਹਿੰਦੂ ਇੱਥੋਂ ਤੱਕ ਕਿ ਮੂਰਖ ਅਤੇ ਬੁੱਧੂ ਕਿਸਮ ਦੇ ਮੁਸਲਮਾਨਾਂ ਨੂੰ ਆਪਣੇ ਵੱਲ ਖਿੱਚ ਰੱਖਿਆ ਹੈ। ਉਹ ਉਸ ਨੂੰ ਗੁਰੂ ਕਹਿੰਦੇ ਹਨ। ਸਾਰੀਆਂ ਦਿਸ਼ਾਵਾਂ ਤੋਂ ਮੂਰਖ ਅਤੇ ਮੂਰਖਾਂ ਦੀ ਪੂਜਾ ਕਰਨ ਵਾਲੇ ਲੋਕ ਉਸ ਵੱਲ ਖਿੱਚੇ ਆਉਂਦੇ ਹਨ ਅਤੇ ਉਸ ਵਿਚ ਪੂਰਾ ਵਿਸ਼ਵਾਸ ਪ੍ਰਗਟ ਕਰਦੇ ਹਨ। ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਗਰਮ ਚੱਲੀ ਆ ਰਹੀ ਹੈ। ਕੁਝ ਸਾਲਾਂ ਤੋਂ ਇਹ ਵਿਚਾਰ ਮੇਰੇ ਮਨ ਵਿਚ ਚੱਲਦਾ ਆ ਰਿਹਾ ਹੈ ਕਿ ਜਾਂ ਤਾਂ ਇਸ ਝੂਠੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਫਿਰ ਉਸ ਨੂੰ ਇਸਲਾਮ ਦੇ ਦਾਇਰੇ ਵਿਚ ਲੈ ਆਉਣਾ ਚਾਹੀਦਾ ਹੈ।"

ਜਦ ਗੁਰੂ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ, ਤਾਂ ਹਿੰਦੂਆਂ ਨੇ ਬਾਦਸ਼ਾਹ ਨੂੰ ਛੱਡਣ ਲਈ ਅਪੀਲ ਕੀਤੀ। ਅਖ਼ੀਰ ਵਿਚ ਇਹ ਤਹਿ ਹੋਇਆ ਕਿ ਉਸ ਨੂੰ ਇੱਕ ਲੱਖ ਰੁਪਏ ਜੁਰਮਾਨੇ ਦੇ ਤੌਰ 'ਤੇ ਅਦਾ ਕਰਨੇ ਚਾਹੀਦੇ ਹਨ। ਇਹ ਕੰਮ ਇੱਕ ਅਮੀਰ ਹਿੰਦੂ ਵੱਲੋਂ ਜ਼ਮਾਨਤ ਦੇਣ ਪਿੱਛੋਂ ਕੀਤਾ ਗਿਆ। ਇਸ ਅਮੀਰ ਹਿੰਦੂ ਨੂੰ ਨਹੀਂ ਸੀ ਪਤਾ ਕਿ ਗੁਰੂ ਜੀ ਪਾਸ ਏਨੀ ਵੱਡੀ ਰਕਮ ਨਹੀਂ ਹੋ ਸਕਦੀ। ਇਸ ਅਮੀਰ ਹਿੰਦੂ ਦਾ ਨਾਂ ਚੰਦੂ ਸੀ। ਚੰਦੂ ਨੇ ਗੁਰੂ ਜੀ ਨੂੰ ਇਹ ਰਕਮ ਪ੍ਰਾਪਤ ਕਰਨ ਲਈ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਪਰ ਗੁਰੂ ਜੀ ਜੁਰਮਾਨਾ ਦੇਣਾ ਨਾ ਮੰਨੇ। ਗੁਰੂ ਜੀ ਨੂੰ ਕੜਕਦੀ ਧੁੱਪ ਵਿਚ ਕਿੱਲ੍ਹੇ ਦੇ ਇੱਕ ਬੁਰਜ਼ ਦੀ ਛੱਤ ਉੱਪਰ ਬਿਠਾਇਆ ਗਿਆ। ਉਨ੍ਹਾਂ ਦੇ ਹੇਠਾਂ ਅੱਗ ਵਾਂਗ ਤੱਪਦੀ ਤੱਤੀ ਰੇਤ ਰੱਖੀ ਗਈ। ਇਹ ਰੇਤ ਉਨ੍ਹਾਂ ਦੇ ਸਰੀਰ ਉੱਪਰ ਵੀ ਪਾਈ ਗਈ। ਇਸ ਤਰ੍ਹਾਂ ਉਨ੍ਹਾਂ ਦਾ ਸਰੀਰ ਛਾਲਿਆਂ ਨਾਲ ਭਰ ਗਿਆ। ਉਨ੍ਹਾਂ ਨੂੰ ਹੋਰ ਤੜਪਾਉਣ ਲਈ ਉਨ੍ਹਾਂ ਨੂੰ ਦਰਿਆ ਦੇ ਪਾਣੀ ਵਿਚ ਲਮਕਾਇਆ ਜਾਂਦਾ ਸੀ। ਰਾਵੀ ਦਰਿਆ ਉਸ ਸਮੇਂ ਲਾਹੌਰ ਕਿੱਲ੍ਹੇ ਦੀ ਕੰਧ ਨਾਲ ਹੀ ਵੱਗਦਾ ਸੀ, ਇੰਜ ਕਰਨ ਨਾਲ ਗੁਰੂ ਜੀ 30 ਮਈ 1606 ਈ: ਨੂੰ ਸ਼ਹੀਦ ਹੋ ਗਏ।

ਸਿੱਖ ਇਤਿਹਾਸ 'ਚ ਇਹ ਪਹਿਲੀ ਸ਼ਹਾਦਤ ਸੀ। ਇਸ ਪਿੱਛੋਂ ਸਿੱਖਾਂ ਦੀਆਂ ਸ਼ਹਾਦਤਾਂ ਦੀ ਝੜੀ ਲੱਗ ਗਈ। ਸ੍ਰੀ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਹਥਿਆਰਬੰਦ ਕਰਕੇ ਮੁਗ਼ਲਾਂ ਨਾਲ ਟੱਕਰ ਲੈਣੀ ਸ਼ੁਰੂ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਹਕੂਮਤ ਵਿਰੁੱਧ ਲੜਾਈਆਂ ਲੜੀਆਂ। ਸ. ਬੰਦਾ ਸਿੰਘ ਬਹਾਦਰ ਨੇ ਇਸ ਸੰਘਰਸ਼ ਨੂੰ ਹੋਰ ਪ੍ਰਚੰਡ ਕੀਤਾ ਤੇ ਕਈ ਇਲਾਕੇ ਆਪਣੇ ਕਬਜ਼ੇ ਵਿਚ ਲਏ। ਸ. ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਦ ਸਿੱਖ ਮਿਸਲਾਂ ਦਾ ਰਾਜ ਕਾਇਮ ਹੋਇਆ। ਉਪਰੰਤ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ, ਜਿਸ ਨੇ ਦੁਨੀਆਂ ਦਾ ਨਕਸ਼ਾ ਬਦਲ ਦਿੱਤਾ। ਇਸ ਤਰ੍ਹਾਂ ਦੁਨੀਆਂ ਦੇ ਇਤਿਹਾਸ ਵਿਚ ਇਹ ਸ਼ਹਾਦਤ ਵਿਸ਼ੇਸ਼ ਸਥਾਨ ਰੱਖਦੀ ਹੈ।


ਵਿਸਥਾਰ ਲਈ ਵੇਖੋ ਸ੍ਰੀ ਗੁਰੂ ਅਰਜਨ ਦੇਵ ਵਿਸ਼ੇਸ਼ ਅੰਕ (ਸੰਪਾ: ਸਰਬਜਿੰਦਰ ਸਿੰਘ), ਨਾਨਕ ਪ੍ਰਕਾਸ਼ ਪੱਤ੍ਰਿਕਾ ਜੂਨ 2006 ਅੰਕ ਪਹਿਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ 2006

# ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਵਿਭਿੰਨ ਵਿਦਵਾਨਾਂ ਦੇ ਵਿਚਾਰ

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

ਡਾ. ਚਰਨਜੀਤ ਸਿੰਘ ਗੁਮਟਾਲਾ
ਯੂ.ਐੱਸ.ਏ.
001-937-573-9812 (ਯੂ.ਐੱਸ.ਏ.)
ਵਟਸ ਐਪ : 91-94175-33060
gumtalacs@gmail.com
ਪੰਜਾਬ ਮੇਲ USA





ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹਾਦਤ ਬਾਰੇ ਵਿਭਿੰਨ ਵਿਦਵਾਨਾਂ ਦੇ ਕੀ ਵਿਚਾਰ ਹਨ, ਇਸ ਬਾਰੇ ਡਾ. ਸੁਖਦਿਆਲ ਸਿੰਘ ਨੇ ਬੜੇ ਵਿਸਥਾਰ ਨਾਲ ਚਰਚਾ ਕੀਤੀ ਹੈ। ਉਨ੍ਹਾਂ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸੰਬੰਧਤ ਸਾਡੇ ਪਾਸ ਦੋ ਸਮਕਾਲੀ ਗਵਾਹੀਆਂ ਹਨ। ਇਨ੍ਹਾਂ ਦੋਵੇਂ ਸਮਕਾਲੀ ਗਵਾਹੀਆਂ ਨਾਲ ਗੁਰੂ ਜੀ ਨੂੰ ਸ਼ਹੀਦ ਕੀਤੇ ਜਾਣ ਦੀ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ। ਪਹਿਲੀ ਗਵਾਹੀ ਬਾਦਸ਼ਾਹ ਜਹਾਂਗੀਰ ਦੀ ਆਪਣੀ ਲਿਖਤ ਹੈ, ਜੋ ਤੁਜ਼ਕੇ ਜਹਾਂਗੀਰੀ ਵਿਚ ਦਰਜ ਹੈ। ਇਹ ਭਾਵੇਂ ਜਹਾਂਗੀਰ ਦੀ ਆਪਣੀ ਲਿਖਤ ਹੈ ਤੇ ਭਾਵੇਂ ਉਸ ਦੇ ਕਿਸੇ ਦਰਬਾਰੀ ਦੀ ਪਰ ਇਹ ਜੋ ਕੁਝ ਵੀ ਹੈ, ਸਾਡੇ ਲਈ ਇੱਕ ਸਮਕਾਲੀ ਗਵਾਹੀ ਦਾ ਦਰਜਾ ਰੱਖਦੀ ਹੈ। ਦੂਜੀ ਲਿਖਤ ਫਾਦਰ ਜੈਰੋਮ ਜ਼ੇਵੀਅਰ ਦਾ 25 ਸਤੰਬਰ, 1606 ਈ. ਦਾ ਲਿਖਿਆ ਹੋਇਆ ਉਹ ਖ਼ਤ ਹੈ, ਜਿਹੜਾ ਉਸ ਨੇ ਬਾਦਸ਼ਾਹ ਜਹਾਂਗੀਰ ਦੇ ਦਰਬਾਰ ਵਿਚੋਂ ਗੋਆ ਦੇ ਕਿਸੇ ਅਧਿਕਾਰੀ ਨੂੰ ਲਿਖਿਆ ਸੀ। ਇਸ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਅੱਖੀਂ ਦੇਖੇ ਅਤੇ ਕੰਨੀਂ ਸੁਣੇ ਹਾਲਾਤ ਹਨ। ਇਨ੍ਹਾਂ ਦੋਵਾਂ ਸਮਕਾਲੀ ਦਸਤਾਵੇਜ਼ਾਂ ਤੋਂ ਇਲਾਵਾ ਇੱਕ ਹੋਰ ਲਿਖਤ ਜੁਲਿਫਕਾਰ ਅਰਧਿਸਤਾਨੀ ਮੋਬੀਦ (ਮਹਿਸਿਨ ਫਾਨੀ) ਦੀ ਹੈ, ਜਿਸ ਵਿਚ ਭਾਵੇਂ ਵੇਰਵਾ ਬਹੁਤ ਸੰਖੇਪ ਹੈ ਪਰ ਹੈ ਇਹ ਵੀ ਬਹੁਤ ਸਹਾਇਕ। ਇਹ ਲੇਖਕ ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਸੀ। ਇਸ ਗਵਾਹੀ ਤੋਂ ਉਪਰਲੀਆਂ ਦੋਵੇਂ ਗਵਾਹੀਆਂ ਦੀ ਪ੍ਰੋੜਤਾ ਕੀਤੇ ਜਾਣ ਦੀ ਸਹਾਇਤਾ ਲਈ ਜਾ ਸਕਦੀ ਹੈ। ਪ੍ਰੋੜਤਾ ਕਰਨ ਲਈ ਹੀ ਗੁਰਮੁਖੀ ਦੀਆਂ ਕੁਝ ਮੁੱਢਲੀਆਂ ਲਿਖਤਾਂ ਹਨ, ਜਿਨ੍ਹਾਂ ਤੋਂ ਕੁਝ ਸਾਵਧਾਨੀ ਨਾਲ ਇਸ ਵਿਸ਼ੇ ਸੰਬੰਧੀ ਮਦਦ ਲਈ ਜਾ ਸਕਦੀ ਹੈ।

**ਜਹਾਂਗੀਰ ਦੀ ਲਿਖਤ ਇਸ ਪ੍ਰਕਾਰ ਹੈ** :- "ਗੋਇੰਦਵਾਲ ਵਿਖੇ, ਜਿਹੜਾ ਕਿ ਦਰਿਆ ਬਿਆਸ ਦੇ ਕਿਨਾਰੇ ਉੱਪਰ ਸਥਿਤ ਹੈ, ਪੀਰ ਅਤੇ ਸ਼ੇਖ਼ ਦੇ ਬੁਰਕੇ ਵਿਚ ਇੱਕ ਅਰਜਨ ਨਾਂ ਦਾ ਹਿੰਦੂ ਰਹਿੰਦਾ ਹੈ। ਉਸ ਨੇ ਆਪਣੇ ਤੌਰ ਤਰੀਕਿਆਂ ਰਾਹੀਂ ਆਪਣੇ ਬਾਰੇ ਧਾਰਮਿਕ ਅਤੇ ਸੰਸਾਰਕ ਨੇਤਾ ਦਾ ਐਸਾ ਰੌਲਾ ਪੁਆ ਰੱਖਿਆ ਹੈ ਕਿ ਕਈ ਸਿੱਧੇ-ਸਾਧੇ ਦਿਲ ਵਾਲੇ ਹਿੰਦੂ, ਇੱਥੋਂ ਤੱਕ ਕਿ ਮੂਰਖ ਅਤੇ ਬੁੱਧੂ ਕਿਸਮ ਦੇ ਮੁਸਲਮਾਨਾਂ ਨੂੰ ਵੀ ਆਪਣੀ ਵੱਲ ਖਿੱਚ ਰੱਖਿਆ ਹੈ। ਉਹ ਉਸ ਨੂੰ ਗੁਰੂ ਕਹਿੰਦੇ ਹਨ। ਸਾਰੀਆਂ ਦਿਸ਼ਾਵਾਂ ਤੋਂ ਮੂਰਖ ਅਤੇ ਮੂਰਖਾਂ ਦੀ ਪੂਜਾ ਕਰਨ ਵਾਲੇ ਲੋਕ ਉਸ ਵੱਲ ਖਿੱਚੇ ਆਉਂਦੇ ਹਨ ਅਤੇ ਉਸ ਵਿਚ ਪੂਰਾ ਵਿਸ਼ਵਾਸ ਪ੍ਰਗਟ ਕਰਦੇ ਹਨ। ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਗਰਮ ਚੱਲੀ ਆ ਰਹੀ ਹੈ। ਕੁਝ ਸਾਲਾਂ ਤੋਂ ਇਹ ਵਿਚਾਰ ਮੇਰੇ ਮਨ ਵਿਚ ਚਲਦਾ ਆ ਰਿਹਾ ਹੈ ਕਿ ਜਾਂ ਤਾਂ ਮੈਨੂੰ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਫਿਰ ਉਸ ਨੂੰ ਇਸਲਾਮ ਦੇ ਦਾਇਰੇ ਵਿਚ ਲੈ ਆਉਣਾ ਚਾਹੀਦਾ ਹੈ।"

"ਆਖ਼ਰਕਾਰ ਜਦੋਂ ਖੁਸਰੋ ਇਸ ਰਸਤੇ ਰਾਹੀਂ ਲੰਘਿਆ ਸੀ, ਤਾਂ ਇਸ ਨਾਚੀਜ਼ ਨੇ ਉਸ ਨੂੰ ਮਿਲਣ ਲਈ ਆਪਣਾ ਮਨ ਬਣਾਇਆ। ਜਿੱਥੇ ਇਹ ਰਹਿੰਦਾ ਸੀ, ਉੱਥੇ ਖੁਸਰੋ ਠਹਿਰਿਆ ਸੀ। ਇਹ ਉੱਥੇ ਪਹੁੰਚਿਆ, ਉਸ ਨੂੰ ਮਿਲਿਆ ਅਤੇ ਆਪਣੇ ਮਨ ਵਿਚ ਪਹਿਲੋਂ ਹੀ ਸੋਚੀਆਂ ਕੁਝ ਗੱਲਾਂ ਉਸ ਨੂੰ ਦੱਸੀਆਂ, ਉਸ ਦੇ ਮੱਥੇ 'ਤੇ ਉਂਗਲੀਆਂ ਦੇ ਨਿਸ਼ਾਨ ਵਾਲਾ ਕੇਸਰ ਲਗਾਇਆ। ਇਸ ਨੂੰ ਹਿੰਦੂ ਸ਼ਬਦਾਵਲੀ ਵਿਚ ਕਸ਼ਕਾ ਕਿਹਾ ਜਾਂਦਾ ਹੈ ਅਤੇ ਬਹੁਤ ਅੱਛਾ ਸ਼ਗਨ ਮੰਨਿਆ ਜਾਂਦਾ ਹੈ। ਜਦੋਂ ਇਹ ਸਭ ਕੁਝ ਮੇਰੇ ਕੰਨਾਂ ਤੱਕ ਪਹੁੰਚਿਆ ਅਤੇ ਮੈਂ ਪਹਿਲੋਂ ਹੀ ਇਸ ਦੇ ਫਰੇਬ ਨੂੰ ਪੂਰੀ ਤਰ੍ਹਾਂ ਜਾਣਦਾ ਸੀ, ਤਾਂ ਮੈਂ ਇਸ ਨੂੰ ਮੇਰੇ ਸਾਹਮਣੇ ਪੇਸ਼ ਕਰਨ ਦਾ ਹੁਕਮ ਦਿੱਤਾ ਅਤੇ ਉਸ ਦੇ ਘਰ, ਰਿਹਾਇਸ਼ੀ ਥਾਵਾਂ ਅਤੇ ਬੱਚਿਆਂ ਨੂੰ ਮੁਰਤਜ਼ਾ ਖ਼ਾਨ ਦੇ ਹਵਾਲੇ ਕਰਕੇ ਉਸ ਦੇ ਧਨ ਮਾਲ ਨੂੰ ਜ਼ਬਤ ਕਰ ਲਿਆ। ਮੈਂ ਹੁਕਮ ਕੀਤਾ ਸੀ ਕਿ ਉਸ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਜਾਣਾ ਚਾਹੀਦਾ ਹੈ"।

"ਕੁਝ ਹਿੰਦੂਆਂ ਨੇ ਬਾਦਸ਼ਾਹ ਅੱਗੇ ਉਸ ਨੂੰ ਛੱਡ ਦੇਣ ਦੀ ਬੇਨਤੀ ਕੀਤੀ ਕਿਉਂਕਿ ਉਹ ਉਨ੍ਹਾਂ ਦਾ ਧਾਰਮਿਕ ਸੰਤ ਸੀ। ਅਖ਼ੀਰ 'ਤੇ ਇਹ ਤਹਿ ਹੋ ਗਿਆ ਕਿ ਉਸ ਨੂੰ ਇੱਕ ਲੱਖ ਰੁਪਿਆ (ਪੁਰਤਗਾਲੀ) ਜੁਰਮਾਨੇ ਦੇ ਤੌਰ 'ਤੇ ਅਦਾ ਕਰਨਾ ਚਾਹੀਦਾ ਹੈ। ਇਹ ਕੰਮ ਇੱਕ ਅਮੀਰ ਹਿੰਦੂ ਵੱਲੋਂ ਜ਼ਮਾਨਤ ਦੇਣ ਪਿੱਛੋਂ ਕੀਤਾ ਗਿਆ। ਉਸ (ਅਮੀਰ ਹਿੰਦੂ) ਨੇ ਸੋਚਿਆ ਸੀ ਕਿ ਇਹ ਜੁਰਮਾਨਾ ਜਾਂ ਤਾਂ ਬਾਦਸ਼ਾਹ ਮੁਆਫ਼ ਹੀ ਕਰ ਦੇਵੇਗਾ, ਜਾਂ ਇਹ ਗੁਰੂ ਅਦਾ ਕਰ ਦੇਵੇਗਾ ਜਾਂ ਇਤਨੀ ਰਕਮ ਉਹ ਉਧਾਰੀ ਕਰ ਲਵੇਗਾ ਪਰ ਇਸ ਵਿਚ ਉਹ ਅਮੀਰ ਹਿੰਦੂ ਨਿਰਾਸ਼ ਹੀ ਹੋਇਆ। ਉਸ ਨੇ ਗੁਰੂ ਦੇ ਘਰ ਦਾ ਸਾਰਾ ਸਾਮਾਨ ਮੰਗਵਾ ਲਿਆ, ਜਿਸ ਵਿਚ ਘਰ ਦਾ ਸਾਜੋ-ਸਾਮਾਨ, ਗੁਰੂ ਦੀ ਪਤਨੀ ਅਤੇ ਬੱਚਿਆਂ ਦੇ ਕੱਪੜੇ ਸ਼ਾਮਲ ਸਨ। ਪਰ ਇਸ ਸਾਰੇ ਸਾਮਾਨ ਨਾਲ ਵੀ ਉਸ ਦੀ ਰਕਮ ਪੂਰੀ ਨਹੀਂ ਹੁੰਦੀ ਸੀ। ਹਿੰਦੂ ਲੋਕਾਂ ਵਿਚ ਉਸ ਦਾ ਜਾਂ ਉਸ ਦੇ ਪਿਤਾ ਦਾ ਬਹੁਤਾ ਸਤਿਕਾਰ ਨਹੀਂ ਸੀ। ਉਸ (ਅਮੀਰ ਹਿੰਦੂ) ਨੇ ਉਸ ਦੇ ਸਾਰੇ ਧਨ ਮਾਲ ਨੂੰ ਹੜੱਪਣ ਦੇ ਨਾਲ-ਨਾਲ ਉਸ ਨੇ ਗੁਰੂ ਨੂੰ ਹਰ ਰੋਜ਼ ਨਵੀਂ ਤੋਂ ਨਵੀਂ ਬੇਇੱਜ਼ਤੀ ਨਾਲ ਦੁਖੀ ਕਰਨਾ ਸ਼ੁਰੂ ਕਰ ਦਿੱਤਾ। ਉਸ ਨਿਰਬਲ ਸੰਤ ਦੇ ਚੇਹਰੇ ਉੱਪਰ ਵੀ ਕਈ ਵਾਰ ਲੱਤਾਂ ਮਾਰੀਆਂ ਗਈਆਂ ਅਤੇ ਉਸ ਨੂੰ ਉਸ ਸਮੇਂ ਤੱਕ ਖਾਣ ਤੋਂ ਵੀ ਰੋਕਿਆ ਗਿਆ, ਜਦੋਂ ਤੱਕ ਕਿ ਉਹ ਹੋਰ ਧਨ ਨਹੀਂ ਅਦਾ ਕਰਦਾ ਸੀ।

"ਉਸ (ਅਮੀਰ ਹਿੰਦੂ) ਨੂੰ ਇਹ ਵਿਸ਼ਵਾਸ ਹੀ ਨਹੀਂ ਹੋ ਰਿਹਾ ਸੀ ਕਿ ਉਸ (ਗੁਰੂ) ਕੋਲ ਕੋਈ ਧਨ ਨਹੀਂ ਸੀ, ਭਾਵੇਂ ਕਿ ਉਸ ਕੋਲ ਬਿਲਕੁਲ ਕੁਝ ਵੀ ਨਹੀਂ ਸੀ ਅਤੇ ਕੋਈ ਹੋਰ ਵੀ ਉਸ ਨੂੰ ਦੇਣ ਲਈ ਤਿਆਰ ਨਹੀਂ ਸੀ। ਇਸ ਤਰ੍ਹਾਂ ਉਸ (ਅਮੀਰ ਹਿੰਦੂ) ਰਾਹੀਂ ਦਿੱਤੇ ਗਏ ਜ਼ਖ਼ਮਾਂ, ਦੁੱਖਾਂ ਅਤੇ ਬੇਇਜ਼ਤੀ ਕਰਨ ਵਾਲੇ ਵਿਵਹਾਰ ਸਦਕਾ ਉਹ ਨਿਰਬਲ ਗੁਰੂ ਮਰ (ਸ਼ਹੀਦ ਹੋ) ਗਿਆ।"

"ਇਹ ਜ਼ਮਾਨਤ ਦੇਣ ਵਾਲਾ (ਅਮੀਰ ਹਿੰਦੂ) ਭੱਜ ਕੇ ਬਚਣਾ ਚਾਹੁੰਦਾ ਸੀ ਪਰ ਆਖ਼ਰਕਾਰ ਇਸ ਨੂੰ ਪਕੜ ਲਿਆ ਗਿਆ ਅਤੇ ਉਸ ਦੀ ਸਾਰੀ ਜਾਇਦਾਦ ਨੂੰ ਜ਼ਬਤ ਕਰ ਲਿਆ ਗਿਆ"।

ਇਸ ਪੱਤਰ ਵਿਚ ਕੁਝ ਗੱਲਾਂ ਖ਼ਾਸ ਧਿਆਨ ਮੰਗਦੀਆਂ ਹਨ। ਇੱਕ ਤਾਂ ਇਹ ਕਿ ਗੁਰੂ ਜੀ ਨੂੰ ਇੱਕ ਅਮੀਰ ਹਿੰਦੂ ਦੇ ਜ਼ੁਰਮਾਨੇ ਦੀ ਰਕਮ ਅਦਾ ਕਰਨ ਦੀ ਜ਼ਾਮਨੀ ਦੇ ਕੇ ਆਪਣੀ ਹਿਰਾਸਤ ਵਿਚ ਲੈ ਲਿਆ ਸੀ। ਭਾਵੇਂ ਇਸ ਅਮੀਰ ਹਿੰਦੂ ਦਾ ਨਾਂ ਨਹੀਂ ਦਿੱਤਾ ਗਿਆ। ਪਰ ਮੁੱਢਲੀਆਂ ਸਿੱਖ ਲਿਖਤਾਂ ਵਿਚ ਗੁਰੂ ਜੀ ਦੀ ਸ਼ਹਾਦਤ ਦਾ ਮੁੱਖ ਜ਼ਿੰਮੇਵਾਰ ਇੱਕ ਅਮੀਰ ਹਿੰਦੂ ਚੰਦੂ ਸ਼ਾਹ ਨੂੰ ਦੱਸਿਆ ਗਿਆ ਹੈ। ਇਹ ਲਾਹੌਰ ਦਾ ਦੀਵਾਨ ਸੀ, ਜਿਸ ਦੀ ਸਰਕਾਰੇ ਦਰਬਾਰੇ ਚੰਗੀ ਚੱਲਦੀ ਸੀ। ਇਹ ਅਮੀਰ ਹਿੰਦੂ ਇਸੇ ਚੰਦੂ ਸ਼ਾਹ ਨੂੰ ਮੰਨਿਆ ਜਾਣਾ ਚਾਹੀਦਾ ਹੈ।

ਮਹਿਮਾ ਪ੍ਰਕਾਸ਼ ਜੋ 1870ਵਿਆਂ ਦੀ ਲਿਖਤ ਹੈ, ਵੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਇਹ ਚੰਦੂ ਸੀ, ਜਿਸ ਦੇ ਹਵਾਲੇ ਗੁਰੂ ਜੀ ਨੂੰ ਕੀਤਾ ਗਿਆ ਸੀ। 1870ਵਿਆਂ ਦੀ ਹੀ ਇੱਕ ਹੋਰ ਕਨੱਈਆ ਲਾਲ ਦੀ ਲਿਖਤ ਤਾਰੀਖ-ਇ-ਪੰਜਾਬ ਵੀ ਇਸ ਗੱਲ ਦੀ ਇੰਨ-ਬਿੰਨ ਪ੍ਰੋੜਤਾ ਕਰਦੀ ਹੈ। ਇਸ ਅਨੁਸਾਰ ਬਾਦਸ਼ਾਹ ਬਿਗੜ ਗਿਆ ਤੇ ਲਾਹੌਰ ਵਿਚ ਗੁਰੂ ਜੀ ਨੂੰ ਤਲਬ ਕੀਤਾ ਗਿਆ। ਉਨ੍ਹਾਂ ਨੂੰ ਚੰਦੂ ਦੀ ਸਪੁਰਦਗੀ ਵਿਚ ਰੱਖਿਆ ਗਿਆ। ਚੰਦੂ ਨੇ ਗੁਰੂ ਜੀ ਦਾ ਡੇਰਾ ਆਪਣੇ ਮਕਾਨ ਵਿਚ ਕਰਵਾਇਆ... ਬਾਦਸ਼ਾਹ ਉਨ੍ਹਾਂ ਦਿਨਾਂ ਵਿਚ ਕਸ਼ਮੀਰ ਚਲਾ ਗਿਆ ਸੀ ਤੇ ਗੁਰੂ ਜੀ ਉਸੇ ਤਰ੍ਹਾਂ ਚੰਦੂ ਦੇ ਹਵਾਲੇ ਰਹੇ : "ਇਸ ਲਈ ਚੰਦੂ ਨੇ ਗੁਰੂ ਜੀ ਨੂੰ ਲਗਾਤਾਰ ਤਸੀਹੇ ਦੇਣੇ ਸ਼ੁਰੂ ਕੀਤੇ ਤੇ ਅਜਿਹੇ ਅੱਤਿਆਚਾਰ ਕੀਤੇ, ਜਿਨ੍ਹਾਂ ਨੂੰ ਕਲਮ ਬਿਆਨ ਨਹੀਂ ਕਰ ਸਕਦੀ ਤੇ ਜ਼ੁਬਾਨ ਦੱਸ ਨਹੀਂ ਸਕਦੀ"। ਗਯਾਨੀ ਗਯਾਨ ਸਿੰਘ ਵੀ ਇਸੇ ਤਰ੍ਹਾਂ ਲਿਖਦਾ ਹੈ : "ਚੰਦੂ ਦੁਸ਼ਟ ਮੌਕਾ ਪਾਕਰ ਸੇਵਾ ਕਰਨ ਦੇ ਬਹਾਨੇ ਜ਼ਮਾਨਤ ਪਰ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ।" ਇਸ ਤਰ੍ਹਾਂ ਇਸ ਗੱਲ ਦੀ ਬੜੀ ਸਪੱਸ਼ਟਤਾ ਨਾਲ ਪੁਸ਼ਟੀ ਹੋ ਜਾਂਦੀ ਹੈ ਕਿ ਬਾਦਸ਼ਾਹ ਨੇ ਗੁਰੂ ਜੀ ਨੂੰ ਇੱਕ ਹਿੰਦੂ ਅਹਿਲਕਾਰ ਚੰਦੂ ਦੇ ਹਵਾਲੇ ਕਰ ਦਿੱਤਾ ਸੀ ਅਤੇ ਇਸ ਨੇ ਹੀ ਗੁਰੂ ਜੀ ਨੂੰ ਤਸੀਹੇ ਦਿੱਤੇ ਸਨ।

ਦੂਜੀ ਗੱਲ ਹੈ, ਸ਼ਾਹਜ਼ਾਦਾ ਖੁਸਰੋ ਨੂੰ ਗੁਰੂ ਜੀ ਵੱਲੋਂ ਆਸ਼ੀਰਵਾਦ ਦੇਣ ਦੀ। ਇਸ ਦੀ ਪੁਸ਼ਟੀ ਬਾਦਸ਼ਾਹ ਦੀ ਆਪਣੀ ਲਿਖਤ ਤੋਂ ਵੀ ਹੋ ਜਾਂਦੀ ਹੈ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਮਕਾਲੀ ਲੇਖਕ ਮੁਹਸਿਨ ਫਾਨੀ ਦੀ ਲਿਖਤ ਤੋਂ ਵੀ। ਮੁੱਢਲੀਆਂ ਸਿੱਖ ਲਿਖਤਾਂ ਵੀ ਇਸ ਗੱਲ ਦੀ ਪ੍ਰੋੜਤਾ ਕਰਦੀਆਂ ਹਨ।

ਤੀਜੀ ਗੱਲ ਹੈ ਕਿ ਗੁਰੂ ਜੀ ਨੂੰ ਭਾਰੀ ਜੁਰਮਾਨਾ ਕਰਨ ਦੀ। ਇਸ ਗੱਲ ਦੀ ਪੁਸ਼ਟੀ ਮੋਹਸਿਨਫਾਨੀ ਦੀ ਲਿਖਤ ਤੋਂ ਹੋ ਜਾਂਦੀ ਹੈ "ਜ਼ੁਰਮਾਨੇ ਦੀ ਇੱਕ ਭਾਰੀ ਰਕਮ ਗੁਰੂ ਉੱਤੇ ਥਾਪੀ ਗਈ ਅਤੇ ਗੁਰੂ ਇਸ ਨੂੰ ਅਦਾ ਕਰਨ ਤੋਂ ਅਸਮਰੱਥ ਸੀ"।

ਚੌਥੀ ਗੱਲ ਹੈ ਕਿ ਇਹ ਅਮੀਰ ਹਿੰਦੂ (ਚੰਦੂ) ਗੁਰੂ ਜੀ ਦੀ ਸ਼ਹਾਦਤ ਪਿੱਛੋਂ ਭੱਜ ਕੇ ਬਚਣਾ ਚਾਹੁੰਦਾ ਸੀ। ਭੱਜਣ ਦੇ ਕਈ ਕਾਰਨ ਹੋ ਸਕਦੇ ਸਨ। ਇੱਕ ਤਾਂ ਇਹ ਹੋ ਸਕਦਾ ਸੀ ਕਿ ਜਿਹੜਾ ਜ਼ੁਰਮਾਨਾ ਤਾਰਨ ਦੀ ਜਾਮਨੀ ਅਮੀਰ ਹਿੰਦੂ ਨੇ ਬਾਦਸ਼ਾਹ ਨੂੰ ਦਿੱਤੀ ਸੀ, ਉਹ ਗੁਰੂ ਜੀ ਦੇ ਸ਼ਹੀਦ ਹੋ ਜਾਣ ਕਰਕੇ ਉਸ ਨੂੰ ਆਪ ਤਾਰਨੀ ਪੈਣੀ ਸੀ। ਇਹ ਵੀ ਹੋ ਸਕਦਾ ਸੀ ਕਿ ਉਹ ਗੁਰੂ ਜੀ ਨੂੰ ਸ਼ਹੀਦ ਕਰਨ ਕਰਕੇ ਬਾਦਸ਼ਾਹ ਤੋਂ ਡਰ ਗਿਆ ਹੋਵੇ ਜਾਂ ਉਹ ਸਿੱਖਾਂ ਕੋਲੋਂ ਡਰ ਗਿਆ ਹੋਵੇ।

ਇਸ ਤਰ੍ਹਾਂ ਅਸੀਂ ਪੱਤਰ ਨੂੰ ਮੁੱਢਲੀ ਜਾਣਕਾਰੀ ਦੇਣ ਵਾਲਾ ਇੱਕ ਅਤੀ ਅਹਿਮ ਦਸਤਾਵੇਜ਼ ਜਾਂ ਗਵਾਹੀ ਕਹਿ ਸਕਦੇ ਹਾਂ। ਜਹਾਂਗੀਰ ਦੇ ਬਿਆਨ ਨਾਲੋਂ ਇਸ ਪੱਤਰ ਵਿਚ ਦਿੱਤੀ ਗਈ ਜਾਣਕਾਰੀ ਦਾ ਇਹ ਫਰਕ ਹੈ ਕਿ ਇਸ ਵਿਚ ਦੱਸਿਆ ਗਿਆ ਹੈ ਕਿ ਗੁਰੂ ਜੀ ਨੂੰ ਬਾਦਸ਼ਾਹ ਨੇ ਕਿਸੇ ਅਮੀਰ ਹਿੰਦੂ ਦੇ ਹਵਾਲੇ ਕਰ ਦਿੱਤਾ ਸੀ ਅਤੇ ਦੂਜਾ ਇਹ ਕਿ ਗੁਰੂ ਸਾਹਿਬ ਅਨੇਕਾਂ ਤਸੀਹੇ ਸਹਿੰਦੇ ਹੋਏ ਸ਼ਹੀਦ ਹੋ ਗਏ ਸਨ।

ਹਵਾਲਾ ਪੁਸਤਕ : ਸੁਖਦਿਆਲ ਸਿੰਘ (ਡਾ.), ਪੰਜਾਬ ਦਾ ਇਤਿਹਾਸ (ਗੁਰੂ ਕਾਲ :1469-1708), (ਜਿਲਦ ਪੰਜਵੀਂ), ਪੰਜਾਬੀ ਯੂਨੀਵਰਸਿਟੀ ਪਟਿਆਲਾ 2012, ਪੰਨੇ 109-115

# ਜਿਮਖਾਨਾ ਕਲੱਬ, ਲਾਹੌਰ

ਸੰਤੋਖ ਸਿੰਘ ਮੰਡੇਰ
ਸਰੀ, ਕੈਨੇਡਾ
ਵੱਟਸਐਪ : 604-505-7000
ਪੰਜਾਬ ਮੇਲUSA



ਸੰਸਾਰ ਵਿਚ ਪੰਜਾਬੀਆਂ ਦਾ ਚਰਚਿਤ, ਸੱਭਿਆਚਾਰਕ ਤੇ ਇਤਹਾਸਿਕ ਸ਼ਹਿਰ ਲਾਹੌਰ, ਸਿੱਖ ਦੌਰ ਦੇ ਖਾਲਸਾ ਰਾਜ 'ਸ਼ੇਰੇ ਪੰਜਾਬ-ਮਹਾਰਾਜਾ ਰਣਜੀਤ ਸਿੰਘ' ਦਾ ਸਿੰਘਾਸਨ ਤੇ ਹੁਣ ਪੱਛਮੀ ਪੰਜਾਬ ਜਾਂ ਲਹਿੰਦੇ ਪੰਜਾਬ (ਪਾਕਿਸਤਾਨ) ਦਾ 'ਦਾਰ-ਅਲ-ਖਲਾਫਾ', ਕੈਪੀਟਲ-ਰਾਜਧਾਨੀ ਹੈ। ਪੰਜਾਬੀ ਦੀ ਇਕ ਆਮ ਅਖਾਣ ਹੈ 'ਜਿਨ੍ਹੇ ਲਾਹੌਰ ਨੀ ਦੇਖਿਆ, ਉਹ ਜੰਮਿਆ ਈ ਨਹੀ'। ਲਾਹੌਰ ਵਾਕਿਆ ਹੀ ਗੁਆਂਢੀ ਦੀ ਰੰਨ ਵਰਗਾ ਤੇ ਈਰਾਨੀ ਹੂਰ ਵਰਗਾ ਬੜਾ ਹੀ ਖ਼ੂਬਸੂਰਤ ਤੇ ਅਨੋਖਾ ਸ਼ਹਿਰ ਹੈ। ਲਾਹੌਰ ਨੂੰ ਲੁੱਟਣ ਵਿਚ ਤੁਰਕਾਂ, ਪਠਾਣਾਂ, ਮੁਗਲਾਂ ਤੇ ਅੰਗਰੇਜ਼ਾਂ ਨੇ ਕੋਈ ਘੱਟ ਨਹੀਂ ਕੀਤੀ ਪਰ ਬਨਾਉਣ ਤੇ ਸੰਵਾਰਨ ਵਿਚ ਸਿੱਖ ਦਰਬਾਰ ਤੇ ਬਹੁਤਾ ਅੰਗਰੇਜ਼ ਸਰਕਾਰ ਦਾ ਯੋਗਦਾਨ ਰਿਹਾ ਹੈ। ਭਾਰਤ ਵਿਚ ਈਸਟ ਇੰਡੀਆ ਕੰਪਨੀ ਨੇ ਪੈਰ ਪਸਾਰੇ ਤੇ ਫਿਰ ਇੰਗਲੈਂਡ ਦੀ ਅੰਗਰੇਜ਼ ਮਹਾਰਾਣੀ ਨੇ ਸੰਨ 1849 ਵਿਚ ਲਾਰਡ ਡਲਹੌਜੀ ਰਾਹੀਂ ਸਿੱਖਾਂ ਤੋਂ ਲਾਹੌਰ ਦਾ ਰਾਜਭਾਗ ਜ਼ਬਰਦਸਤੀ ਖੋਹ ਲਿਆ ਤੇ ਪੰਜਾਬ ਦਾ ਲਾਹੌਰ ਸਿੱਖ ਦਰਬਾਰ, ਅੰਗਰੇਜ਼ ਸਰਕਾਰ ਜਾਂ ਬ੍ਰਿਟਿਸ਼ ਅੰਮਪਾਇਰ ਵਿਚ ਸ਼ਾਮਲ ਕਰ ਲਿਆ ਗਿਆ। ਬਾਲਕ ਸਿੱਖ ਮਹਾਰਾਜਾ ਦਲੀਪ ਸਿੰਘ ਨੂੰ ਜਲਾਵਤਨ ਕਰਕੇ, ਅੰਗਰੇਜ਼ਾਂ ਨੇ ਪੰਜਾਬ ਉਪਰ ਲਗਭਗ 100 ਸਾਲ ਰਾਜ ਕੀਤਾ। ਅੰਗਰੇਜ਼ਾਂ ਨੇ ਸੰਸਾਰ ਭਰ ਦੇ 56 ਮੁਲਕਾਂ ਵਿਚ ਰਾਜ ਕੀਤਾ ਪਰ ਉਨ੍ਹਾਂ ਨੇ ਕਿਸੇ ਵੀ ਹੋਰ ਮੁਲਕ ਵਿਚ ਸਿਧੀ ਦਖਲਅੰਦਾਜ਼ੀ ਨਹੀਂ ਕੀਤੀ। ਸਿਰਫ ਪੰਜਾਬ ਦੇ ਲਾਹੌਰ ਸਿੱਖ ਰਾਜ ਦੇ 'ਮਹਾਰਾਜਾ' ਨੂੰ ਖਤਮ ਕਰਕੇ ਅੰਗਰੇਜ਼ ਸਰਕਾਰ ਦਾ 'ਗਵਰਨਰ ਰਾਜ' ਸਥਾਪਿਤ ਕੀਤਾ। ਅੰਗਰੇਜ਼ ਗਵਰਨਰ ਦੇ ਰਾਜ ਵਿਚ ਸਾਰੇ ਪੰਜਾਬ ਅਤੇ ਲਾਹੌਰ ਵਿਚ ਅੰਤਾਂ ਦੀ ਤਰੱਕੀ ਹੋਈ।

ਅੰਗਰੇਜ਼ ਹਕੂਮਤ ਜਾਂ 'ਬ੍ਰਿਟਿਸ਼ ਅੰਮਪਾਇਰ' ਦੀ ਰਾਜਧਾਨੀ, ਭਾਰਤ ਦਾ ਦਿਲ 'ਦਿਲੀ', ਬੰਗਾਲ ਦਾ ਕਲਾਤਮਿਕ ਸ਼ਹਿਰ 'ਕਲਕੱਤਾ', ਦੱਖਣੀ ਭਾਰਤ ਦੀ ਬੂੰਦੀ ਵਰਗੀ ਬੰਦਰਗਾਹ 'ਬੰਬਈ' ਅਤੇ ਪੰਜਾਬ ਦੇ ਲਾਲਾਂ ਵਰਗੇ ਸ਼ਹਿਰ 'ਲਾਹੌਰ' ਵਿਚ ਅੰਗਰੇਜ਼ਾਂ ਨੇ ਬੇਸ਼ੁਮਾਰ ਨਵੀਆਂ ਇਮਾਰਤਾਂ, ਰੇਲਵੇ ਲਾਈਨਾਂ, ਰੇਲਵੇ ਸ਼ਟੇਸ਼ਨ, ਡਾਕਘਰ, ਹਸਪਤਾਲ, ਕਾਲਜ, ਸਕੂਲ, ਯੂਨੀਵਰਸਿਟੀਆਂ, ਘੰਟਾ ਘਰ, ਨਹਿਰਾਂ, ਪੁੱਲ ਆਦਿ ਬਣਵਾਏ। ਪੰਜਾਬ ਵਿਚ ਲਾਹੌਰ ਦੀ ਖ਼ੂਬਸੂਰਤੀ ਲਈ ਇਨ੍ਹਾਂ ਨਵੀਆਂ ਬਣੀਆਂ ਇਮਾਰਤਾਂ ਨੇ ਲਾਹੌਰ ਨੂੰ ਚਾਰ ਚੰਨ੍ਹ ਲਾ ਦਿੱਤੇ ਅਤੇ ਲਾਹੌਰ ਏਸ਼ੀਆ ਦਾ ਹੀ ਨਹੀਂ, ਸੰਸਾਰ ਭਰ ਵਿਚ ਪੰਜਾਬੀ ਸੱਭਿਆਚਾਰ ਦਾ ਲਾਜਵਾਬ ਕੇਂਦਰ ਬਣ ਗਿਆ, ਜਿਸ ਵਿਚ ਪੰਜਾਬੀ ਮੁਸਲਮਾਨ, ਸਿੱਖ, ਹਿੰਦੂ, ਜੈਨ ਤੇ ਹੋਰ ਧਰਮਾਂ ਦੇ ਲੋਕ ਰਲ-ਮਿਲ ਕੇ ਰਹਿੰਦੇ ਸਨ। ਲਾਹੌਰ ਖਾਲਸਾ ਦਰਬਾਰ ਅਤੇ ਸਾਰੇ ਪੰਜਾਬ ਵਿਚ ਮੁਸਲਿਮ ਧਰਮ ਨੂੰ ਮੰਨਣ ਵਾਲਿਆਂ ਦੀ ਆਬਾਦੀ ਸਭ ਤੋਂ ਵੱਧ ਸੀ। ਉਰਦੂ, ਪੰਜਾਬੀ, ਫਾਰਸੀ, ਅੰਗਰੇਜ਼ੀ ਆਦਿ ਭਾਸ਼ਾਵਾਂ ਬੋਲੀਆਂ, ਲਿਖੀਆਂ ਤੇ ਪੜ੍ਹਾਈਆਂ ਜਾਂਦੀਆਂ ਸਨ। ਸਿੱਖ ਰਾਜ ਦੌਰਾਨ ਪੰਜਾਬ ਦੇ 90% ਲੋਕ ਪੜ੍ਹੇ-ਲਿਖੇ ਸਨ। ਪੰਜਾਬ ਵਿਚ ਮੰਦਿਰ, ਮਸਜ਼ਿਦ ਤੇ ਗੁਰਦੁਆਰੇ ਨਾਲ 'ਧਰਮਸ਼ਾਲਾ' ਲਾਜ਼ਮੀ ਹੁੰਦੀ ਸੀ, ਜਿਸ ਵਿਚ ਸੰਸਕ੍ਰਿਤ, ਉਰਦੂ, ਫਾਰਸੀ ਤੇ ਗੁਰਮੁਖੀ ਦੀ ਪੜ੍ਹਾਈ ਹਰ ਬੱਚੇ ਲਈ ਲਾਜ਼ਮੀ ਹੁੰਦੀ ਸੀ। ਕਾਇਦਾ-ਏ-ਨੂਰ ਘਰ ਘਰ ਪੜ੍ਹਿਆ ਜਾਂਦਾ ਸੀ।

'ਲਾਹੌਰ ਜਿੰਮਖਾਨਾ ਕਲੱਬ' ਵੀ ਲਾਹੌਰ ਦੀ ਮਾਲ ਰੋਡ ਉਪਰ ਬਣਿਆ, ਲਾਹੌਰ ਸ਼ਹਿਰ ਦਾ ਇਕ ਖ਼ੂਬਸੂਰਤ ਇਮਾਰਤਾਂ ਵਾਲਾ ਤੇ ਹਰੇ-ਭਰੇ ਮੈਦਾਨਾਂ ਦਾ ਵਿਸ਼ਾਲ ਸਥਾਨ ਹੈ। ਜਿੰਮਖਾਨਾ ਕਲੱਬ ਲਾਹੌਰ ਵੀ ਅੰਗਰੇਜ਼ ਦੌਰ ਸਮੇਂ ਸੰਨ 1878 'ਚ 'ਲਾਹੌਰ ਮੀਆਂ ਮੀਰ ਇੰਸਟੀਚਿਊਟ' (ਅਦਾਰਾ) ਦੇ ਨਾਂ ਥੱਲੇ ਹਿੰਦੋਸਤਾਨ ਦੇ ਸ਼ਰੀਫਾਂ ਲਈ ਖਿਡਾਰੀ ਕਲੱਬ ਵਜੋਂ ਹੋਂਦ ਵਿਚ ਆਇਆ ਸੀ। ਉਸ





ਸਮੇਂ ਇਹ ਕਲੱਬ ਮਾਲ ਰੋਡ ਉਪਰ ਹੀ ਗਵਰਨਰ ਹਾਊਸ ਦੇ ਬਿਲਕੁਲ ਸਾਹਮਣੇ ਲਾਰੈਂਸ ਗਾਰਡਨ ਵਿਚ ਲਾਰੈਂਸ ਤੇ ਮਿੰਟਗੁਮਰੀ ਹਾਲ ਵਿਚ ਹੀ ਸੀ। ਸੰਨ 1906 ਵਿਚ ਬ੍ਰਿਟਿਸ਼ ਰਾਜ ਦੌਰਾਨ ਇਸ ਕਲੱਬ ਦਾ ਨਾਂ ਬਦਲ ਕੇ 'ਲਾਹੌਰ ਜਿੰਮਖਾਨਾ ਕਲੱਬ' ਕਰ ਦਿੱਤਾ ਗਿਆ। ਇਸ ਕਲੱਬ ਵਿਚ ਭਾਰਤੀ ਬ੍ਰਿਟਿਸ਼ ਸਾਮਰਾਜ ਸਮੇਂ ਦਾ ਸਭ ਤੋਂ ਪੁਰਾਣਾ ਤੇ ਦੂਜਾ ਵੱਡਾ ਕ੍ਰਿਕਟ ਗਰਾਊਂਡ ਵੀ ਮੌਜੂਦ ਹੈ। ਜਨਵਰੀ ਸੰਨ 1972 ਵਿਚ ਇਹ ਕਲੱਬ ਮਾਲ ਰੋਡ ਦੇ ਸੱਜੇ ਹੱਥ ਅਤੇ ਕੈਨਾਲ ਕਲੱਬ ਰੋਡ-ਲਾਹੌਰ ਦੇ ਖੱਬੇ ਹੱਥ ਦੇ ਖੁੱਲ੍ਹੇ ਮੈਦਾਨਾਂ ਵਿਚ ਸਥਾਪਤ ਹੋ ਗਿਆ, ਜੋ 117 ਏਕੜ ਤੇ ਲਗਭਗ 0-4736 ਕਿਲੋਮੀਟਰ ਵਿਚ ਫੈਲਿਆ ਹੋਇਆ ਹੈ। ਲਾਹੌਰ ਜਿੰਮਖਾਨਾ ਕੱਲਬ ਵਿਚ ਲੋਕ ਖੇਡਾਂ ਦੀਆਂ ਕਾਫੀ ਸੰਸਾਰ ਪੱਧਰ ਦੀਆਂ ਸਹੂਲਤਾਂ ਮੌਜੂਦ ਹਨ, ਜਿਵੇਂ ਕਿ ਗੋਲਫ਼, ਤੈਰਾਕੀ (ਸਵੀਮਿੰਗ), ਕ੍ਰਿਕਟ, ਸੂਕੈਸ਼, ਟੈਨਿਸ, ਯੋਗਾ, ਹੈਲਥ ਕਲੱਬ, ਬਿਲੀਅਰਡਜ਼ ਅਤੇ ਜਿਮਨੇਜ਼ੀਅਮ ਸ਼ਾਮਲ ਹਨ। ਲਾਹੌਰ ਜਿੰਮਖਾਨਾ ਕਲੱਬ ਵਿਚ ਕਲੱਬ ਮੈਬਰ 'ਕੌਨਸੰਰਟਸ', 'ਲੈਕਚਰਜ਼' ਅਤੇ 'ਸੈਮੀਨਾਰ' ਵੀ ਵੱਡੇ ਪੱਧਰ ਉਪਰ ਕਰਵਾ ਸਕਦੇ ਹਨ। ਇਕ ਪਰਿਵਾਰਕ ਖੇਡ 'ਤੰਬੋਲਾ' ਹਰ ਹਫ਼ਤੇ ਖੇਡਿਆ ਜਾਂਦਾ ਹੈ। ਹਰ ਵੀਕਐਂਡ-ਐਤਵਾਰ ਨੂੰ ਕਲੱਬ ਮੈਬਰਾਂ ਤੇ ਪਰਿਵਾਰਾਂ ਲਈ ਨਵੀਂ ਫਿਲਮ ਦਾ ਇੰਤਜ਼ਾਮ ਹੁੰਦਾ ਹੈ। ਕਲੱਬ ਦੇ ਖੁੱਲ੍ਹੇ ਹਰੇ ਲਾਅਨ ਵਿਚ 'ਬੂਫੇ' ਵਾਲਾ ਲਾਹੌਰੀ ਨਾਸ਼ਤਾ, ਹਲਵਾ-ਪੂਰੀ, ਛੋਲੇ ਭਟੂਰੇ, ਪੰਜਾਬੀ ਲੱਸੀ ਦਾ ਵੱਖਰਾ ਸਵਾਦ ਹੁੰਦਾ ਹੈ। ਲਾਹੌਰ ਜਿੰਮਖਾਨਾ ਕਲੱਬ ਵਿਚ 'ਓਪਨ-ਏਅਰ-ਬਾਰਬੀਕਿਊ' ਦਾ ਬੜਾ ਕਮਾਲ ਦਾ ਇੰਤਜ਼ਾਮ ਵੀ ਹੈ, ਜਿਥੇ ਪਰਿਵਾਰਕ ਮੈਂਬਰ ਭਾਂਤ-ਭਾਂਤ ਦੇ 'ਗੋਸ਼ਤ' (ਭੁੰਨਿਆ ਮਸਾਲੇਦਾਰ ਮੀਟ) ਦਾ ਸਵਾਦ ਲੈਂਦੇ ਹਨ। ਲਾਹੌਰ ਜਿੰਮਖਾਨਾ ਕਲੱਬ ਵਿਚ ਇਕ ਬਹੁੱਤ ਲਾਜਵਾਬ 'ਥਾਈ ਚਿੰਨ ਤੇ ਟੂਲਿੱਪ ਰੂਮ' ਚਾਈਨਿਜ਼ ਰੈਸਟੋਰੈਂਟ ਵੀ ਹੈ, ਜਿਸ ਵਿਚ ਸਵਾਦੀ ਸੂਪ, ਮਸਾਲੇਦਾਰ ਨੂਡਲਜ਼, ਤਰ੍ਹਾਂ-ਤਰ੍ਹਾਂ ਦੀ ਮੱਛੀ, ਉਬਲੀਆਂ ਕਰਾਰੀਆਂ ਸਬਜ਼ੀਆਂ ਤੇ ਤਾਜ਼ਾ ਫਰਾਈ ਮੁਰਗਾ ਆਰਾਮ ਨਾਲ ਖਾਧਾ ਜਾ ਸਕਦਾ ਹੈ। ਲਾਹੌਰ ਜਿੰਮਖਾਨਾ ਕਲੱਬ ਵਿਚ ਕਲੱਬ ਮੈਬਰਾਂ ਤੇ ਮਹਿਮਾਨਾਂ ਲਈ 'ਡਰੈਸ ਕੋਡ' ਯਾਨੀ ਪੌਸ਼ਾਕ ਵਲ ਸਖਤੀ ਨਾਲ ਧਿਆਨ ਦਿੱਤਾ ਜਾਂਦਾ ਹੈ। ਕੁੜਤਾ ਪਜਾਮਾ, ਟਰੈਕ ਸੂਟ, ਧੋਤੀ ਚਾਦਰ, ਸਪੋਰਟਸ ਸ਼ੂਜ ਜਾਂ ਨਿੱਕਰ ਪਹਿਨ ਕੇ ਜਿੰਮਖਾਨਾ ਕਲੱਬ ਨਹੀਂ ਜਾ ਸਕਦੇ। ਸਲੀਕੇ ਵਾਲੀ ਸਲਵਾਰ ਕਮੀਜ਼, ਪੈਂਟ ਕਮੀਜ਼, ਪੈਂਟ ਕੋਟ ਤੇ ਟਾਈ ਨਾਲ ਸਾਰੇ ਪਾਸੇ ਸਲਾਮਾਂ ਹੁੰਦੀਆਂ ਹਨ।

1947 'ਚ ਭਾਰਤ ਦੀ ਵੰਡ ਸਮੇਂ ਪਾਕਿਸਤਾਨ ਬਨਣ ਨਾਲ ਜਿੰਮਖਾਨਾ ਕਲੱਬ ਲਾਹੌਰ ਦਾ ਪ੍ਰਬੰਧ ਸਥਾਨਕ ਕਲੱਬ ਮੈਂਬਰ ਸ਼ਹਿਰੀਆਂ ਦੇ ਹੱਥਾਂ ਵਿਚ ਆ ਗਿਆ, ਜੋ ਹੁਣ 12 ਮੈਂਬਰਾਂ ਦੀ ਚੁਣੀ ਹੋਈ 'ਵਿਧਾਇਕ ਕਮੇਟੀ' ਦੇ ਕਲੱਬ ਮੈਂਬਰ 'ਚੇਅਰਮੈਨ' ਰਾਹੀਂ ਇਸ ਨੂੰ ਚਲਾਉਂਦੇ ਹਨ। ਇਸ ਕਲੱਬ ਚੇਅਰਮੈਨ ਦੀ ਮਿਆਦ ਪਹਿਲਾਂ ਤਿੰਨ ਸਾਲ ਹੁੰਦੀ ਸੀ, ਜੋ ਹੁਣ ਘਟਾ ਕੇ ਇਕ ਸਾਲ ਕਰ ਦਿੱਤੀ ਗਈ ਹੈ। ਲਾਹੌਰ ਵਾਲਾ ਜਿੰਮਖਾਨਾ ਕਲੱਬ, ਕਰਾਚੀ ਜਿੰਮਖਾਨਾ,




ਇਸਲਾਮਾਬਾਦ ਕਲੱਬ ਤੇ ਚਨਾਬ ਕਲੱਬ ਫੈਸਲਾਬਾਦ-ਲਾਇਲਪੁਰ ਨਾਲ ਵੀ ਸਹਿਯੋਗੀ ਹੈ। ਭਾਰਤੀ ਪੰਜਾਬ ਵਿਚ ਵੀ ਜਲੰਧਰ ਜਿੰਮਖਾਨਾ ਕਲੱਬ, ਲੁਧਿਆਣਾ ਜਿੰਮਖਾਨਾ ਕਲੱਬ ਅਤੇ ਚੰਡੀਗੜ੍ਹ ਗਲਫ਼ ਕਲੱਬ ਵੀ ਇਸੇ ਤਰਜ ਵਾਲੇ ਹਨ। ਲਾਹੌਰ ਜਿੰਮਖਾਨਾ ਕਲੱਬ ਦੇ 'ਗਲਫ਼ ਕਲੱਬ' ਦਾ ਨਾਂ ਬੜਾ ਮਸ਼ਹੂਰ ਤੇ ਵਕਾਰੀ ਹੈ, ਜਿਸ ਦੇ ਮੈਂਬਰ ਪਾਕਿਸਤਾਨ ਦੇ ਕੌਮੀ ਸਿਆਸੀ ਵਜ਼ੀਰ, ਪਾਕਿਸਤਾਨ ਦੇ ਐੱਮ.ਐੱਨ.ਏ.-ਮੈਂਬਰ ਪਾਰਲੀਮੈਂਟ, ਐੱਮ.ਪੀ.ਏ.-ਮੈਂਬਰ ਪੰਜਾਬ ਅਸੈਂਬਲੀ, ਰਾਜਧਾਨੀ ਇਸਲਾਮਾਬਾਦ ਦੀ ਸੁਪਰੀਮ ਕੋਰਟ ਤੇ ਲਾਹੌਰ ਹਾਈ ਕੋਰਟ ਦੇ ਜੌਹਰੀ ਜੱਜ, ਉੱਚ ਕੋਟੀ ਦੇ ਕਾਲੇ ਕੋਟਾਂ ਵਾਲੇ ਫ਼ਨੀਅਰ ਵਕੀਲ, ਆਲਾ ਦਰਜੇ ਦੇ ਮੈਡਲਾਂ ਤੇ ਰੁੱਤਬਿਆਂ ਵਾਲੇ ਫੌਜੀ ਅਫ਼ਸਰ, ਚੰਗੇ-ਚੰਗੇ ਰੋਹਬਦਾਰ ਤੇ ਧੱਕੜ ਪੁਲਿਸ ਆਫੀਸਰ, ਨਾਮੀ ਖੇਡ ਪ੍ਰਬੰਧਕ ਤੇ ਖਿਡਾਰੀ, ਖਾਂਦੇ-ਪੀਂਦੇ ਨਵਾਬਜ਼ਾਦੇ, ਜ਼ਮੀਨਾਂ ਵਾਲੇ ਜਾਗੀਰਦਾਰ, ਮਾਲ ਡੰਗਰ ਵਾਲੇ ਡੇਰੇਦਾਰ, ਸ਼ਹਿਰੀ ਕਾਰੋਬਾਰੀ ਵਿਉਪਾਰੀ ਤੇ ਪੈਸੇ ਧੇਲੇ ਵਾਲੇ ਧਨਾਢ ਲੋਕ ਹੀ ਬਣਦੇ ਹਨ। ਪੰਜਾਬ ਦੀ ਵੰਡ ਤੋਂ ਪਹਿਲਾਂ ਬ੍ਰਿਟਿਸ਼ ਰਾਜ ਸਮੇਂ ਰਾਏਕੋਟ (ਪੰਜਾਬ) ਦੇ ਨਵਾਬ ਤੇ ਹੁਣ ਪਾਕਿਸਤਾਨ ਵਿਚ ਕਮਾਲੀਆ (ਪੰਜਾਬ) ਦੇ ਵੱਡੇ ਜ਼ਿਮੀਂਦਾਰ, ਮਾਡਲ ਟਾਊਨ ਲਾਹੌਰ ਦੇ ਸ਼ਹਿਰੀ, ਪਾਕਿਸਤਾਨ ਦੇ ਸਾਬਕਾ ਮੈਂਬਰ ਪਾਰਲੀਮੈਂਟ, ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ ਦੇ ਨਜ਼ਦੀਕੀ, ਦਸਵੇਂ ਗੁਰੂ ਸਾਹਿਬ ਦੇ ਵਰੋਸਾਏ ਗੰਗਾਸਾਗਰ ਦੇ ਸੰਭਾਲਦਾਰ, ਸਰੀ-ਕੈਨੇਡਾ ਵਾਸੀ ਜਨਾਬ ਰਾਏ ਅਜੀਜ ਉਲਾ ਸਾਹਿਬ ਲਾਹੌਰ ਜਿਮਖਾਨਾ ਕਲੱਬ ਦੇ 47 ਸਾਲ ਪੁਰਾਣੇ ਸੰਨ 1978 ਤੋਂ ਪਹਿਲੇ ਮੈਂਬਰ ਹਨ।

ਲਾਹੌਰ ਜਿੰਮਖਾਨਾ ਕਲੱਬ ਵਿਚ ਸਿਰਫ ਕਲੱਬ ਮੈਂਬਰ ਅਤੇ ਉਨ੍ਹਾਂ ਦੇ ਮਹਿਮਾਨ ਹੀ ਠਹਿਰ ਸਕਦੇ ਹਨ, ਕੋਈ ਆਲਤੂ-ਫਾਲਤੂ ਨਹੀਂ ਵੜ ਸਕਦਾ। ਸੰਨ 1992 'ਚ ਕੋਈ 33 ਸਾਲ ਪਹਿਲਾਂ ਮੈਂ ਅਤੇ ਮਰਹੂਮ ਸਰਦਾਰ ਤਰਸੇਮ ਸਿੰਘ ਪੁਰੇਵਾਲ, ਮੁੱਖ ਸੰਪਾਦਿਕ ਪੰਜਾਬੀ ਅਖਬਾਰ 'ਦੇਸ ਪ੍ਰਦੇਸ' ਸਾਊਥਹਾਲ-ਲੰਡਨ, ਇਸੇ ਜਿੰਮਖਾਨਾ ਕਲੱਬ ਲਾਹੌਰ ਵਿਚ ਜਨਾਬ ਰਾਏ ਅਜੀਜ ਉਲਾ ਦੇ ਮਹਿਮਾਨ ਬਣਕੇ 13 ਦਿਨ ਪਹਿਲੀ ਵਾਰ ਠਹਿਰੇ ਸੀ। ਹੁਣ ਸੰਨ 2025-ਅਪ੍ਰੈਲ ਵਿਚ, ਲਾਹੌਰ ਪੰਜਾਬ ਸਰਕਾਰ ਦੀ ਵਜ਼ੀਰ-ਏ-ਆਲਾ (ਮੁੱਖ ਮੰਤਰੀ) ਮੋਹਤਰਮਾ ਬੀਬਾ ਮਰੀਅਮ ਨਵਾਜ ਸ਼ਰੀਫ ਨੇ ਪੰਜਾਬੀਆਂ ਦੇ ਸਾਂਝੇ ਤਿਉਹਾਰ ਵਿਸਾਖੀ ਮੌਕੇ, ਪਾਕਿਸਤਾਨ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ 'ਸਰਸਬਜ ਬਾਬਾ ਗੁਰੂ ਨਾਨਕ ਇੰਟਰਨੈਸ਼ਨਲ ਕਬੱਡੀ ਕੱਪ-2025' ਵਾਪਡਾ ਸਟੇਡੀਅਮ ਲਾਹੌਰ ਵਿਖੇ ਕਰਵਾਇਆ। ਇਸ ਅੰਤਰਰਾਸ਼ਟਰੀ ਖੇਡ ਸਮਾਗਮ ਵਿਚ ਪਾਕਿਸਤਾਨ ਦੀ ਨੈਸ਼ਨਲ ਕਬੱਡੀ ਟੀਮ, ਇਸਲਾਮਿਕ ਦੇਸ਼ ਇਰਾਨ ਦੀ ਨੈਸ਼ਨਲ ਕਬੱਡੀ ਟੀਮ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪੂਰਨ ਗੁਰ ਸਿੱਖ ਕਬੱਡੀ ਖਿਡਾਰੀਆਂ ਦੀਆਂ ਟੀਮਾਂ ਨੇ ਭਾਗ ਲਿਆ। ਮੈਂ ਸਰੀ-ਕੈਨੇਡਾ ਤੋਂ ਇਸ ਵਿਸੇਸ਼ ਖੇਡ ਸਮਾਗਮ ਵਿਚ 'ਅੰਤਰਰਾਸ਼ਟਰੀ ਕਬੱਡੀ ਉਬਜਰਵਰ' ਦੇ ਤੌਰ 'ਤੇ ਉਚੇਚਾ ਸ਼ਾਮਲ ਹੋਇਆ। ਸ਼ਾਹੀ ਸ਼ਹਿਰ ਲਾਹੌਰ 'ਚ ਇਸ ਸਮੇ ਫਿਰ ਇਕ ਵਾਰ ਜਨਾਬ ਰਾਏ ਅਜੀਜ ਉਲਾ ਸਾਹਿਬ ਦੇ ਮਹਿਮਾਨ ਵਜੋ ਜਿੰਮਖਾਨਾ ਕਲੱਬ ਲਾਹੌਰ ਵਿਚ ਠਹਿਰਨ ਦਾ ਸੁਭਾਗ ਪ੍ਰਾਪਤ ਹੋਇਆ।

ਲਾਹੌਰ ਦੀ ਮਾਲ ਰੋਡ, ਜੋ ਲਗਭਗ 6 ਕਿਲੋਮੀਟਰ ਲੰਮੀ ਹੈ ਤੇ ਇਸ ਦਾ ਨਵਾਂ ਨਾਮ 'ਸ਼ਾਰਾਹ-ਏ-ਕਾਇਦੇ-ਆਜਮ' ਹੈ। ਇਹ ਸੜਕ ਬ੍ਰਿਟਿਸ਼ ਰਾਜ ਦੌਰਾਨ ਨਵੇਂ ਗਵਰਨਰ ਹਾਊਸ ਲਈ ਬਣਾਈ ਗਈ ਸੀ। ਇਹ ਸ਼ਾਹੀ ਸੜਕ ਹਰੇ-ਭਰੇ ਪੁਰਾਤਨ ਦਰੱਖਤਾਂ ਤੇ ਫੁੱਲ ਬੂਟਿਆਂ ਨਾਲ ਸ਼ਿੰਗਾਰੀ ਦੁਨੀਆਂ ਦੀ ਨਿਵੇਕਲੀ ਸੜਕ ਹੈ, ਜਿਸ ਦੇ ਦੋਵਾਂ ਪਾਸੇ ਸਾਰੇ ਪੰਜਾਬ ਤੇ ਲਾਹੌਰ ਦਾ ਵੱਡਾ ਕਾਰੋਬਾਰ ਵੱਸਦਾ ਹੈ। ਦਾਤਾ ਦਰਬਾਰ ਤੋਂ ਗੌਰਮਿੰਟ ਕਾਲਜ ਲਾਹੌਰ, ਔਵਲ ਪਾਰਕ, ਭੰਗੀਆਂ ਦੀ ਤੋਪ, ਯੂਨੀਵਰਸਿਟੀ ਆਫ ਪੰਜਾਬ, ਲਾਹੌਰ ਮਿਊਜ਼ੀਅਮ, ਪੰਜਾਬ ਸਿਵਲ ਸਕੱਤਰੇਤ, ਟੌਲਿੰਟਨ ਮਾਰਕੀਟ, ਪੁਰਾਣੀ ਅਨਾਰਕਲੀ ਬਾਜ਼ਾਰ ਚੌਕ, ਅਨਾਰਕਲੀ ਫੂਡ ਸਟਰੀਟ, ਅਨਾਰਕਲੀ ਪੁਲਿਸ ਸਟੇਸ਼ਨ, ਨਾਭਾ ਰੋਡ, ਜੈਨ ਮੰਦਿਰ, ਜਰਨਲ ਪੋਸਟ ਆਫਿਸ-ਜੀ.ਪੀ.ਓ., ਮੈਕਲੀਊਡ ਰੋਡ, ਜੀ.ਪੀ.ਓ.-ਔਰਿੰਜ ਲਾਈਨ ਮੈਟਰੋ ਸਟੇਸ਼ਨ, ਸਟੇਟ ਬੈਂਕ ਆਫ ਪਾਕਿਸਤਾਨ, ਹਾਲ ਰੋਡ ਮਾਰਕੀਟ, ਚਮਨ ਆਈਸ ਕਰੀਮ, ਪੈਨਾਰੋਮਾ ਸ਼ਾਪਿੰਗ ਸੈਂਟਰ, ਬਾਵਾ ਡੀਗਾ ਸਿੰਘ ਬਿਲਡਿੰਗ, ਦਿਆਲ ਸਿੰਘ ਮੈਨਸੈਨ, ਗੰਗਾ ਰਾਮ ਟਰੱਸਟ ਬਿਲਡਿੰਗ, ਰੀਗਲ ਸਿਨੇਮਾ, ਟੈਂਪਲ ਰੋਡ, ਪੰਜਾਬ ਉਲੰਪਿਕ ਹਾਊਸ, ਡਾਕਟਰ ਅਮੋਲਕ ਦਾਸ ਰੋਡ, ਮੁਜੰਗ ਚੌਕ, ਲਾਰੈਂਸ ਰੋਡ, ਫੀਰੋਜਸੰਨ ਬੁੱਕਸ, ਅੱਲ ਫਤਿਹ ਥੀਏਟਰ, ਐੱਚ.ਕੇ.ਬੀ. ਸੰਨਜ-ਹਾਜੀ ਕਰੀਮ ਬਖ਼ਸ਼ ਸਟੋਰ, ਮਲਕਾ ਦਾ ਬੁੱਤ, ਪੰਜਾਬ ਅਸੈਂਬਲੀ ਹਾਲ, ਕਿਊਨਜ਼ ਰੋਡ, ਪੰਜਾਬ ਵਜੀਰੇਆਲਾ (ਮੁੱਖ ਮੰਤਰੀ) ਦਫਤਰ, ਲਾਲਾ ਮੇਲਾ ਰਾਮ ਸਟਰੀਟ, ਸਟੇਟ ਗੈਸਟ ਹਾਊਸ, ਚਾਰਿੰਗ ਕਰੌਸ, ਵਾਪਡਾ ਹਾਊਸ, ਅੱਲ ਹਮਰਾ ਆਰਟ ਕੌਂਸਲ, ਲਾਹੌਰ ਪ੍ਰੈੱਸ ਕਲੱਬ-ਸ਼ਿਮਲਾ ਪਹਾੜੀ, ਕਾਇਦੇ ਆਜਮ ਲਾਇਬ੍ਰੇਰੀ, ਰੇਸ ਕੋਰਸ ਰੋਡ, ਰੇਸ ਕੋਰਸ ਗਾਰਡਨਜ਼-ਪੰਜਾਬ ਹੌਰਟੀਕਲਚਰ ਅਥਾਰਟੀ (ਪੀ.ਐੱਚ.ਏ.), ਫਲੈਟੀਜ ਹੋਟਲ, ਲਾਹੌਰ ਚਿੜੀਆ ਘਰ, ਲਾਰੈਂਸ ਗਾਰਡਨ (ਬਾਗੇ-ਜਿਨਾਹ), ਗੋਰ-ਗਵਰਨਮੈਂਟ ਆਫੀਸਰ ਰੈਜ਼ੀਡੈਂਟ, ਅਵਾਰੀ ਹੋਟਲ, ਪਰਲ ਕਾਨਟੀਨੈਂਟਲ (ਪੀ.ਸੀ.) ਹੋਟਲ, ਡੇਵਿਸ ਰੋਡ ਉਪਰ 'ਦਾ ਜੰਗ' ਅਖਬਾਰ, ਗਵਰਨਰ ਹਾਊਸ, ਐਚੀਸੰਨ ਕਾਲਜ, ਕੈਨਾਲ ਕਲੱਬ ਰੋਡ, ਮਸਜ਼ਿਦ, ਲਾਹੌਰ ਜਿਮਖਾਨਾ ਤੋਂ ਫੋਰਟਿਸ ਸਟੇਡੀਅਮ ਹੁੰਦੀ ਹੋਈ ਲਾਹੌਰ ਦੀ ਆਲੀਸ਼ਾਨ ਬਸਤੀ 'ਡੀਫੈਂਸ ਕਾਲੋਨੀ' ਵਿਚ ਜਾ ਮਿਲਦੀ ਹੈ।

ਲਾਹੌਰ ਜਿੰਮਖਾਨਾ ਕਲੱਬ ਦਾ ਗੌਲਫ਼ ਕਲੱਬ 'ਬੱਰੇ-ਸਗੀਰ, ਏਸ਼ੀਆ ਮਹਾਂਦੀਪ ਵਿਚ ਬੜਾ ਮਸ਼ਹੂਰ ਹੈ। 18 ਗਲਫ਼ ਹੋਲ ਵਾਲਾ ਇਹ ਕਲੱਬ 85 ਏਕੜਜ਼ ਵਿਚ ਫੈਲਿਆ ਹੋਇਆ ਹੈ, ਜਿਥੇ ਗਲਫ਼ ਦੇ ਸਰਦੇ-ਪੁੱਜਦੇ ਗਲਫਰਾਂ ਤੇ ਉਨ੍ਹਾਂ ਦੇ ਕਰਿਦਿੰਆਂ ਦੀ ਹਰ ਵਕਤ ਭਰਮਾਰ ਰਹਿੰਦੀ ਹੈ। ਲਾਹੌਰ ਜਿੰਮਖਾਨਾ ਵਿਚ ਮਹਿਮਾਨਾਂ ਦੇ ਠਹਿਰਣ ਲਈ 90 ਦੇ ਕਰੀਬ ਆਲੀਸ਼ਾਨ ਕਮਰੇ ਹਨ, ਜੋ 5 ਸਟਾਰ ਹੋਟਲਾਂ ਦੇ ਮੁਕਾਬਲੇ ਵਾਲੇ ਹਨ। ਸਵੇਰ ਦਾ ਨਾਸ਼ਤਾ, ਦੁਪਹਿਰ ਦਾ ਖਾਣਾ ਤੇ ਰਾਤਰੀ ਭੋਜਨ ਬੜਾ ਮਜ਼ੇਦਾਰ





ਹੁੰਦਾ ਹੈ। ਲਾਹੌਰ ਜਿੰਮਖਾਨਾ ਕਲੱਬ ਵਿਚ 'ਪਟਿਆਲਾ ਪੈਗ' ਦਾ ਕੋਈ ਥਾਂ ਨਹੀਂ ਅਤੇ ਨਾ ਹੀ ਕੋਈ ਨਾਂ ਲੈਂਦਾ ਹੈ। 'ਬਾਵਰਚੀਖਾਨੇ' ਕਲੱਬ ਦੇ ਕਿਚਨ ਦੀ ਹਾਂਡੀ ਵਿਚ ਕੱਦੂ ਤੋਂ ਕੱਟੇ ਤੱਕ ਸਭ ਕੱਝ ਪੱਕਦਾ ਤੇ ਖਾਧਾ ਜਾਂਦਾ ਹੈ। ਲਾਹੌਰ ਗਲਫ਼ ਕਲੱਬ ਵਿਚ ਇਕ ਦਿਨ ਠਹਿਰਨ ਦਾ 'ਰੂਮ ਚਾਰਜ' ਵੱਡੇ ਹੋਟਲਾਂ ਪੀ.ਸੀ., ਅਵਾਰੀ, ਡੀ ਗੇਟ, ਫਲੈਟੀਜ਼, ਅੰਬੈਸਡਰ ਆਦਿ ਦੇ ਮੁਕਾਬਲੇ ਬਹੁਤ ਵਾਜਿਬ ਹੈ। ਲਾਹੌਰ ਜਿੰਮਖਾਨਾ ਕਲੱਬ ਦੀ ਮਹਿਮਾਨ-ਨਿਵਾਜ਼ੀ ਦਾ ਕੋਈ ਮੁਕਾਬਲਾ ਹੀ ਨਹੀਂ, ਇਹ ਰਹਿ ਕੇ ਹੀ ਪਤਾ ਚੱਲਦਾ ਹੈ। ਪੰਜਾਬ ਦੇ ਪਿੰਡ ਵਿਚ ਸਰਦਾਰਾਂ-ਜੈਲਦਾਰਾਂ ਦੇ ਵਿਆਹ ਤੇ ਰਾਵਲਪਿੰਡੀ-ਪਾਕਿਸਤਾਨ ਵਿਚ ਰਾਜਾ ਸ਼ੁਜਾਹ ਦੀ ਕੋਠੀ ਤੇ ਧੱਮਿਆਲ ਵਾਲੇ ਰਾਜਿਆਂ ਦੇ ਘਰਾਂ ਵਾਂਗ ਰੌਣਕਾਂ ਹਰ ਵਕਤ ਲੱਗੀਆਂ ਹੀ ਰਹਿੰਦੀਆਂ ਹਨ। 200 ਤੋਂ 250 ਚੜ੍ਹਦੀ ਤੋਂ ਚੜ੍ਹਦੀ ਟੋਇਟਾ, ਮਰਸਡੀਜ਼, ਬੀ.ਐੱਮ.ਡਬਲਯੂ., ਔਡੀ ਕਾਰਾਂ ਹਰ ਵਕਤ ਪਾਰਕਿੰਗ ਵਿਚ ਖੜ੍ਹੀਆਂ ਹੁੰਦੀਆਂ ਹਨ। ਹਲਕਾ-ਫੁਲਕਾ ਖਾਣ ਲਈ ਕੈਫੇ-9 ਹੈ। ਛੋਟੀ-ਮੋਟੀ ਖਰੀਦਦਾਰੀ ਲਈ 'ਸ਼ੌਪੀ' ਵੀ ਹੈ, ਜਿਥੇ ਕੋਕ, ਪੈਪਸੀ, ਬਰਗਰ, ਸਮੋਸਾ, ਬਿਸਕੁੱਟ, ਪੇਸਟ, ਬੁਰਛ ਤੇ ਹੋਰ ਨਿੱਕ-ਸੁੱਕ ਸਭ ਮਿਲ ਜਾਂਦਾ ਹੈ। ਜਿੰਮਖਾਨਾ ਕਲੱਬ ਲਾਹੌਰ ਦੇ 'ਕੈਫੇ-9' ਵਿਚ ਨਨਕਾਣਾ ਸਾਹਿਬ ਵਾਲੇ ਜਨਾਬ ਸ਼ਹਿਜਾਦ ਖਾਲਿਦ ਖਾਨ-ਰਾਣਾ ਮੂਨ ਸਾਹਿਬ ਤੇ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਪੰਜਾਬ ਪੁਲਿਸ ਦੇ ਅਫਸਰਾਂ, ਜਨਾਬ ਮੁਯਾਜ ਸਾਹਿਬ-ਐੱਸ.ਪੀ. ਸਪੈਸ਼ਲ ਬਰਾਂਚ ਲਾਹੌਰ ਤੇ ਜਨਾਬ ਸ਼ਹਿਜਾਦ ਅਕਬਰ-ਡੀ.ਆਈ.ਜੀ., ਕਿਊਟਾ-ਬਲੋਚਿਸਤਾਨ ਨਾਲ ਲਾਹੌਰ ਦੀ ਗਰਮੀਆਂ ਵਾਲੀ ਇਕ ਸ਼ਾਮ ਗਲੱਫ ਕਲੱਬ ਦੇ ਬਾਹਰ ਖੁੱਲ੍ਹੇ ਹਵਾਦਾਰ ਵਿਹੜੇ ਵਿਚ ਯਾਦਗਾਰੀ ਹੋ ਗਈ।

ਜਿੰਮਖਾਨਾ ਲਾਹੌਰ ਦੀ ਮੈਂਬਰਸ਼ਿਪ ਫੀਸ ਬੜੀ ਮਹਿੰਗੀ ਹੈ ਅਤੇ 15 ਤੋਂ 20 ਸਾਲ ਦਾ ਇੰਤਜ਼ਾਰ ਵੀ ਕਰਨਾ ਪੈ ਸਕਦਾ ਹੈ। ਜਿੰਮਖਾਨਾ ਕਲੱਬ ਲਾਹੌਰ ਵਿਚ ਇਕ ਰਾਤ ਠਹਿਰਣ ਲਈ 58 ਅਮਰੀਕੀ ਡਾਲਰ ਜਾਂ 18 ਹਜ਼ਾਰ ਪਾਕਿਸਤਾਨੀ ਰੁਪਏ ਵਸੂਲ ਲਏ ਜਾਂਦੇ ਹਨ ਪਰ ਹੈਰਾਨੀ ਦੀ ਗੱਲ ਹੈ ਕਿ ਪਿਛਲੇ 111 ਸਾਲਾਂ ਤੋਂ ਲਾਹੌਰ ਜਿੰਮਖਾਨਾ ਕਲੱਬ ਪੰਜਾਬ ਸਰਕਾਰ ਨੂੰ ਸਿਰਫ 417 ਰੁਪਏ ਪ੍ਰਤੀ ਮਹੀਨਾ ਹੀ ਕਰਾਏ ਵਜੋਂ ਦਿੰਦਾ ਹੈ। ਇਸ ਨਾਮੀ ਕਲੱਬ ਦੇ ਮਾਲਕ ਤਿੰਨ ਇਨਸਾਨ ਹਨ, ਜਿਨ੍ਹਾਂ ਵਿਚ ਜੋਤਨ, ਕਰਮ ਅਤੇ ਸੁਨੈਨਾ ਸੇਠੀ ਦਾ ਨਾਂ ਬੋਲਦਾ ਹੈ। ਲਾਹੌਰ ਜਿੰਮਖਾਨਾ ਕਲੱਬ ਦੇ 5400 ਦੇ ਕਰੀਬ ਪੱਕੇ ਮੈਂਬਰ ਹਨ। ਇਨ੍ਹਾਂ ਵਿਚ ਸਾਬਕਾ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ, ਮੌਜੂਦਾ ਪ੍ਰਧਾਨ ਮੰਤਰੀ ਜਨਾਬ ਸ਼ਹਿਬਾਜ ਸਰੀਫ ਤੇ ਹੋਰ ਬਹੁਤ ਅਸਰ ਰਸੂਖ ਵਾਲੇ ਪਾਕਿਸਤਾਨੀ ਸਹਿਰੀ 'ਜਿੰਮਖਾਨਾ ਕਲੱਬ ਲਾਹੌਰ' ਦੇ ਸਥਾਈ ਮੈਂਬਰ ਹਨ। ਹਰ ਸਾਲ ਵੱਖੋ-ਵੱਖ ਧੜਿਆਂ ਵਿਚ ਡੱਟ ਕੇ ਮੁਕਾਬਲਾ ਹੁੰਦਾ ਹੈ। ਡਾਕਟਰ ਅਲੀ ਰਜਾਕ ਅਤੇ ਮਿਸਬਾ-ਉਰ-ਰਹਿਮਾਨ ਦਾ ਧੜਾ ਲਾਹੌਰ ਜਿੰਮਖਾਨਾ ਕਲੱਬ ਉਪਰ ਮੌਜੂਦਾ ਕਾਬਜ਼ ਹੈ। ਇਸੇ ਗਰੁੱਪ ਦੇ ਜਨਾਬ ਸਲਮਾਨ ਸਦੀਕੀ 12 ਮੈਂਬਰੀ ਕਮੇਟੀ ਦੇ ਚੇਅਰਮੈਨ ਚੁਣੇ ਗਏ ਹਨ, ਜੋ ਸਿਰਫ ਇਕ ਸਾਲ ਹੀ ਇਸ ਵਕਾਰੀ ਕੁਰਸੀ ਉਪਰ ਬੈਠਣ ਦੇ ਹੱਕਦਾਰ ਹਨ। ਅਗਲੇ ਸਾਲ ਫਿਰ ਦੋ ਗਰੁੱਪਾਂ ਵਿਚ ਚੇਅਰਮੈਨ ਤੇ 12 ਮੈਂਬਰੀ ਕਮੇਟੀ ਲਈ ਚੋਣ ਦਾ ਬਿਗੁਲ ਵੱਜੇਗਾ।

"ਜੀਵਨ ਵਿਚ ਸਭ ਤੋਂ ਕੀਮਤੀ ਤੋਹਫਾ ਇਕ ਸੱਚਾ ਦੋਸਤ ਹੈ,
ਜੋ ਕੀਮਤ ਨਾਲ ਨਹੀਂ ਸਗੋਂ ਕਿਸਮਤ ਨਾਲ ਹੀ ਮਿਲਦਾ ਹੈ"।

# ਪੰਜਾਬ ਦੀ ਨੌਜਵਾਨਾਂ ਨੂੰ ਕਿਉਂ ਆਪਣਾ ਪਿੰਡ ਹੀ ਚੰਗਾ ਲੱਗਣੋਂ ਹੱਟ ਗਿਆ?

## ਸਮਾਜ ਦੀਆਂ ਕਦਰਾਂ-ਕੀਮਤਾਂ, ਵਿਰਸੇ ਅਤੇ ਇਤਿਹਾਸ ਦੇ ਗਿਆਨ ਤੋਂ ਹੁਣ ਕੋਹਾਂ ਦੂਰ ਹੈ ਪੰਜਾਬ ਦੀ ਜਵਾਨੀ।

ਜਗਰੂਪ ਸਿੰਘ ਜਰਖੜ
ਖੇਡ ਲੇਖਕ
+91-98143-00722
ਪੰਜਾਬ ਮੇਲ USA







ਇੱਕ ਵਕਤ ਸੀ ਕਿ ਪੰਜਾਬ ਦੇ ਪਿੰਡਾਂ ਨੂੰ ਦੁਨੀਆਂ ਦਾ ਸਵਰਗ ਮੰਨਿਆ ਜਾਂਦਾ ਸੀ, ਲੋਕਾਂ ਦੇ ਸੰਸਕਾਰ, ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ, ਪੰਜਾਬੀਆਂ ਦੀ ਬਹਾਦਰੀ, ਖੇਡਾਂ ਦੀ ਦੁਨੀਆਂ ਵਿਚ ਇੱਕ ਵਿਲੱਖਣ ਪਹਿਚਾਣ, ਸਿੱਖਿਆ ਦੇ ਖੇਤਰ ਵਿਚ ਪੰਜਾਬ ਮੋਹਰੀ ਸੂਬਾ, ਦੇਸ਼ ਦੀਆਂ ਜੰਗਾਂ ਵਿਚ ਸਿੱਖਾਂ ਦੀ ਦਲੇਰੀ ਦੇ ਕਿੱਸੇ, ਦੇਸ਼ ਨੂੰ ਆਜ਼ਾਦੀ ਦਿਵਾਉਣ ਵਿਚ ਪੰਜਾਬੀਆਂ ਦੀ 93 ਪ੍ਰਤੀਸ਼ਤ ਭੂਮਿਕਾ, ਦੇਸ਼ ਦਾ ਅੰਨਦਾਤਾ ਹਰੀ ਕ੍ਰਾਂਤੀ ਪੈਦਾ ਕਰਨ ਵਾਲਾ ਪੰਜਾਬ ਦਾ ਕਿਸਾਨ, ਇੱਜ਼ਤਾਂ ਦਾ ਰਖਵਾਲਾ ਪੰਜਾਬ, ਜੋ ਦੁਨੀਆਂ ਲਈ ਇੱਕ ਮਿਸ਼ਾਲ ਹੁੰਦਾ ਸੀ ਪਰ ਅੱਜ ਉਹ ਪਹਿਲਾਂ ਵਾਲਾ ਪੰਜਾਬ, ਉਹ ਪੰਜਾਬ ਨਹੀਂ ਰਿਹਾ। ਪਤਾ ਨਹੀਂ ਕਿਉਂ ਅੱਜ ਦੇ ਪੰਜਾਬੀ ਨੌਜਵਾਨ ਨੂੰ ਪੰਜਾਬ ਤਾਂ ਦੂਰ ਦੀ ਗੱਲ, ਉਸ ਨੂੰ ਆਪਣਾ ਪਿੰਡ ਹੀ ਵਧੀਆ ਲੱਗਣੋਂ ਹੱਟ ਗਿਆ ਹੈ। ਹਰ ਮਾਂ-ਬਾਪ ਦੀ ਹਰ ਨੌਜਵਾਨ ਬੱਚੇ ਦੀ ਅੱਜ ਇੱਕੋ ਤਮੰਨਾ ਹੈ ਕਿ ਉਹ ਕਦੋਂ ਆਪਣੀ ਜ਼ਮੀਨ-ਜਾਇਦਾਦ ਅਤੇ ਘਰ-ਬਾਰ ਵੇਚ ਕੇ ਬਾਹਰਲੇ ਮੁਲਕ ਸੈਟਲ ਹੋਵੇ, ਪਿੰਡ ਪ੍ਰਤੀ, ਪੰਜਾਬ ਦੀ ਸੰਸਕ੍ਰਿਤੀ ਪ੍ਰਤੀ, ਇਤਿਹਾਸ ਪ੍ਰਤੀ, ਖੇਡਾਂ ਜਾਂ ਹੋਰ ਕੰਮਾਂ ਪ੍ਰਤੀ ਉਸ ਦਾ ਕੋਈ ਮੋਹ ਨਹੀਂ, ਕੋਈ ਗਿਆਨ ਨਹੀਂ। ਬੱਸ ਉਸਦਾ ਇੱਕੋ ਨਿਸ਼ਾਨਾ, ਪਹਿਲਾਂ ਆਈਲੈਟਸ ਕਰਨਾ ਤੇ ਫਿਰ ਕੈਨੇਡਾ, ਅਮਰੀਕਾ, ਆਸਟਰੇਲੀਆ, ਇੰਗਲੈਂਡ, ਨਿਊਜ਼ੀਲੈਂਡ ਜਾਂ ਕਿਸੇ ਹੋਰ ਮੁਲਕ ਜਾ ਕੇ ਵੱਸਣਾ ਹੈ।

ਇੱਕ ਸਮਾਂ ਸੀ, ਸਿੱਖਿਆ ਦੇ ਖੇਤਰ ਵਿਚ ਪੰਜਾਬ ਨੰਬਰ ਇੱਕ, ਆਈ.ਏ.ਐੱਸ., ਆਈ.ਪੀ.ਐੱਸ. ਬਣਦੇ ਸੀ ਪੰਜਾਬੀ। ਪਰ ਅੱਜ ਖਾਸ ਕਰਕੇ ਸਿੱਖਾਂ ਦੇ ਬੱਚਿਆਂ ਨੂੰ ਪੰਜਾਬੀ ਨਹੀਂ ਲਿਖਣੀ ਆਉਂਦੀ। ਪੰਜਾਬੀ ਸਿਹਤ ਪੱਖੋਂ ਪੰਜਾਬੀ ਦੁਨੀਆਂ ਭਰ 'ਚ ਮੋਹਰੀ, ਪਰ ਅੱਜ ਨਸ਼ਿਆਂ ਦੀ ਰਾਜਧਾਨੀ ਬਣ ਗਿਆ। ਓਲੰਪਿਕ ਖੇਡਾਂ ਵਿਚ ਤਗ਼ਮੇ ਜਿੱਤਣ ਵਾਲਿਆਂ ਵਿਚ ਪੰਜਾਬੀਆਂ ਦੀ ਤੂਤੀ ਬੋਲਦੀ ਸੀ। ਭਾਰਤ ਅਤੇ ਕੀਨੀਆ, ਤਨਜਾਨੀਆ, ਮਲੇਸ਼ੀਆ ਵਰਗੇ ਮੁਲਕਾਂ ਦੀਆਂ ਹਾਕੀ ਟੀਮਾਂ ਵਿਚ ਵਧੇਰੇ ਗਿਣਤੀ ਸਿੱਖ ਖਿਡਾਰੀਆਂ ਦੀ ਭਰਮਾਰ, ਪੰਜਾਬੀਆਂ ਦੀ ਬਹਾਦਰੀ ਦੀਆਂ ਗੱਲਾਂ ਦੁਨੀਆਂ ਵਿਚ ਹੁੰਦੀਆਂ ਸਨ। ਪਰ ਸਮੇਂ-ਸਮੇਂ ਦੀਆਂ ਸਰਕਾਰਾਂ ਅਤੇ ਰਾਜਨੀਤਿਕ ਆਗੂਆਂ ਨੇ ਆਜ਼ਾਦੀ ਤੋਂ ਬਾਅਦ ਕਦੇ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ, ਕਦੇ ਨਕਸਲਾਈਟ ਮੂਵਮੈਂਟ ਦੌਰਾਨ ਪੰਜਾਬ ਦੇ ਨੌਜਵਾਨਾਂ ਦਾ ਘਾਣ, ਫੇਰ 1984 ਤੋਂ 1993 ਤੱਕ ਸਿੱਖ ਨੌਜਵਾਨੀ ਦਾ ਕਤਲੋ-ਗਾਰਦ ਹੋਇਆ, ਭਾਵੇਂ ਮੌਤਾਂ ਦੀ ਤਬਾਹੀ ਮੱਚੀ ਪਰ ਫਿਰ ਵੀ ਪੰਜਾਬ ਦਾ ਨੌਜਵਾਨ ਬੇਇਨਸਾਫੀ ਦੇ ਵਿਰੁੱਧ ਡੱਟ ਕੇ ਲੜਿਆ। ਸਰਕਾਰਾਂ ਤੋਂ ਇਹ ਬਹਾਦਰੀ ਬਰਦਾਸ਼ਤ ਨਾ ਹੋਈ। ਆਖ਼ਰ ਸਰਕਾਰਾਂ ਅਤੇ ਏਜੰਸੀਆਂ ਨੇ 1990ਵੇਂ ਦਹਾਕੇ ਦੌਰਾਨ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿਚ ਵੱਡੇ ਪੱਧਰ 'ਤੇ ਤਬਦੀਲੀ ਲਿਆਂਦੀ, ਬਹਾਦਰੀ ਵਾਲੇ ਇਤਿਹਾਸ ਨੂੰ ਖ਼ਤਮ ਕਰਕੇ ਅਤੇ ਮਾਂ ਬੋਲੀ ਪੰਜਾਬੀ ਤੋਂ ਦੂਰ ਕਰਕੇ ਉਨ੍ਹਾਂ ਨੂੰ ਰੋਮਾਂਚਕ ਅਤੇ ਫੈਸ਼ਨ ਵਾਲੀ ਜ਼ਿੰਦਗੀ ਵੱਲੋਂ ਮੋੜਿਆ। ਕਦਰਾਂ-ਕੀਮਤਾਂ ਵਾਲੇ ਸੱਭਿਆਚਾਰ ਨੂੰ ਨਸ਼ਿਆਂ ਅਤੇ ਹਥਿਆਰਾਂ ਵੱਲ ਮੋੜਿਆ। ਘਰ ਦੀ ਸ਼ਰਾਬ ਹੋਵੇ ਆਪਣਾ ਪੰਜਾਬ ਹੋਵੇ, ਹਥਿਆਰਾਂ ਵਾਲੇ ਗੀਤ, ਗੁੰਡਾਗਰਦੀ ਵਾਲੇ ਗੀਤਾਂ ਨੂੰ ਉਤਸ਼ਾਹ ਕੀਤਾ। ਪੰਜਾਬ ਦਾ ਉਹ ਹਥਿਆਰ ਜੋ ਗੁੰਡਾਗਰਦੀ ਦਾ ਟਾਕਰਾ ਕਰਦਾ ਸੀ, ਉਸ ਨੂੰ ਗੁੰਡਾਗਰਦੀ ਵਾਲੇ ਮਾਹੌਲ ਵਿਚ ਤਬਦੀਲ ਕੀਤਾ। ਇਨ੍ਹਾਂ ਗਾਉਣ ਵਾਲਿਆਂ ਨੇ ਇੱਕ ਸਾਜ਼ਿਸ਼ ਤਹਿਤ ਹੀ ਪੰਜਾਬ ਦੀ ਧੀ ਨੂੰ ਵੀ ਆਪਣੇ ਗਾਣਿਆਂ ਵਿਚ ਇੱਕ ਸੁੰਦਰ ਵਸਤੂ ਵਜੋਂ ਪੇਸ਼ ਕੀਤਾ। ਗੈਂਗਸਟਰ ਜੋ ਸ਼ਬਦ ਕਦੇ ਕਿਸੇ ਪੰਜਾਬੀ ਨੇ ਸੁਣਿਆ ਹੀ ਨਹੀਂ ਸੀ, ਉਹ ਅੱਜ ਪੰਜਾਬ ਦੇ ਹੀਰੋ, ਗਾਉਣ ਵਾਲਿਆਂ, ਕਬੱਡੀ ਵਾਲਿਆਂ ਅਤੇ ਕੱਦਵਾਰ ਰਾਜਨੀਤਿਕ ਲੋਕਾਂ ਦੇ ਰਖਵਾਲੇ ਹਨ। ਪੰਜਾਬ ਦੇ ਸਰੋਤ ਧਰਤੀ, ਪਾਣੀ, ਹਵਾ ਨੂੰ ਯੋਜਨਾ ਤਹਿਤ ਗੰਧਲਾ ਕੀਤਾ। ਪੰਜਾਬ ਦੇ ਮੁੱਦੇ, ਪਾਣੀਆਂ ਦੇ ਮਸਲੇ, 1984 ਸਿੱਖਾਂ ਦੀ ਨਸਲਕੁਸ਼ੀ, ਪੰਜਾਬ ਦੇ ਹੱਕਾਂ ਅਤੇ ਅਧਿਕਾਰਾਂ ਤੋਂ ਵਾਂਝੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਦੀ ਦਲਦਲ ਵਿਚ ਸੁੱਟਣਾ, ਕਿਸਾਨਾਂ ਨੂੰ ਕਰਜ਼ਿਆਂ ਦੀ ਮਾਰ ਹੇਠ ਆਤਮ ਹੱਤਿਆ ਕਰਨ ਲਈ ਮਜਬੂਰ ਕੀਤਾ। ਗਰੀਬ ਨੂੰ ਅਨਪੜ੍ਹਤਾ ਅਤੇ ਧਰਮ ਦੇ ਅੰਧ ਵਿਸ਼ਵਾਸ ਥੱਲੇ, ਕੌਮ ਦੀ ਮਾਨਸਿਕਤਾ ਨੂੰ ਇੱਕ ਯੋਜਨਾ ਤਹਿਤ ਦੱਬਿਆ ਹੈ। ਕਿਸੇ ਵੀ ਸਰਕਾਰ ਨੇ ਕਿਸੇ ਵੀ ਦੇਸ਼ ਜਾਂ ਰਾਜ ਵਿਚ ਜਦੋਂ ਤਬਾਹੀ ਦੀ ਤਬਦੀਲੀ ਲਿਆਉਣੀ ਹੁੰਦੀ ਹੈ, ਤਾਂ ਉਹ ਅਜਿਹੇ ਸੰਕਟ ਖੜ੍ਹੇ ਕਰਦੀਆਂ ਹੀ ਹਨ, ਜੋ ਪੰਜਾਬ ਨਾਲ ਹੋਇਆ ਅਤੇ ਹੋ ਰਿਹਾ ਹੈ। ਇਸ ਕਰਕੇ ਆਪਣਾ ਧੁੰਦਲਾ ਭਵਿੱਖ ਦੇਖਦਾ ਹੋਇਆ ਪੰਜਾਬ ਦਾ ਹਰ ਬੰਦਾ ਖਾਸ ਕਰਕੇ ਨੌਜਵਾਨ ਇੱਥੇ ਰਹਿਣਾ ਹੀ ਨਹੀਂ ਚਾਹੁੰਦਾ, ਉਸ ਨੂੰ ਵਿਦੇਸ਼ਾਂ ਦੇ ਵਿਚ ਆਪਣੀ ਜ਼ਿੰਦਗੀ ਸੁਨਹਿਰੀ ਜਾਪਦੀ ਹੈ। ਆਪਣਾ ਵਧੀਆ ਭਵਿੱਖ ਦਿੱਸਦਾ ਹੈ, ਜਦ ਕੋਈ ਪੰਜਾਬ ਦਾ ਨੌਜਵਾਨ ਪੰਜਾਬ 'ਚ ਰਹਿਣਾ ਹੀ ਨਹੀਂ ਚਾਹੁੰਦਾ, ਉਹ ਕਿਸ ਤਰ੍ਹਾਂ ਆਪਣੇ ਪਿੰਡ ਨੂੰ, ਆਪਣੇ ਇਲਾਕੇ ਨੂੰ, ਆਪਣੇ ਮੁਹੱਲੇ ਨੂੰ ਜਾਂ ਫਿਰ ਆਪਣੇ ਪੰਜਾਬ ਨੂੰ ਪਿਆਰ ਕਰੇਗਾ। ਇਹ ਵਿਦੇਸ਼ਾਂ ਵਾਲਾ ਪ੍ਰਵਾਸ ਵੀ ਇੱਕ ਯੋਜਨਾ ਤਹਿਤ ਹੀ ਹੋ ਰਿਹਾ ਹੈ। ਪੁਰਾਣੇ ਬਜ਼ੁਰਗ ਜੋ ਪਾਕਿਸਤਾਨ ਵਿਚੋਂ ਉੱਜੜ ਕੇ ਆਏ ਨੇ, ਉਹ ਆਪਣੇ ਲਾਇਲਪੁਰ, ਲਾਹੌਰ ਅਤੇ ਹੋਰ ਸ਼ਹਿਰਾਂ ਪਿੰਡਾਂ ਦੀਆਂ ਬਾਤਾਂ ਪਾਉਂਦੇ ਜਹਾਨੋਂ ਤੁਰ ਗਏ ਨੇ। ਹੁਣ ਦੀ ਪਨੀਰੀ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਜਾ ਕੇ ਆਪਣੇ ਪਿੰਡਾਂ ਦੀਆਂ ਯਾਦਾਂ ਦੀਆਂ ਬਾਤਾਂ ਸੁਣਾਉਂਦੀ ਵੀ ਇਕ ਦਿਨ ਤੁਰ ਜਾਵੇਗੀ। ਉਨ੍ਹਾਂ ਦੇ ਬੱਚਿਆਂ ਨੂੰ ਸਿਰਫ ਇੰਨਾ ਕੁ ਹੀ ਗਿਆਨ ਹੋਵੇਗਾ ਕਿ ਸਾਡੇ ਪਿਓ, ਦਾਦਿਆਂ ਦੀ ਜਨਮ ਭੂਮੀ ਪੰਜਾਬ ਸੀ। ਪਿੰਡ ਉਨ੍ਹਾਂ ਦੇ ਚੇਤਿਆਂ ਵਿਚੋਂ ਵਿਸਰ ਜਾਵੇਗਾ। ਇਹੀ ਸਾਡਾ ਵੱਡਾ ਦੁਖਾਂਤ ਹੋਵੇਗਾ। ਪੰਜਾਬ ਦੇ ਨੌਜਵਾਨਾਂ ਦੇ ਵਿਦੇਸ਼ੀ ਪਰਵਾਸ ਦੀ ਨਿਖੇਧੀ ਤਾਂ ਹਰ ਕੋਈ ਕਰ ਰਿਹਾ ਹੈ ਪਰ ਇਸਨੂੰ ਰੋਕਣ ਦਾ ਯਤਨ ਕੋਈ ਨਹੀਂ ਕਰ ਰਿਹਾ ਹੈ। ਜੇਕਰ ਕਿਸੇ ਨੇਤਾਵਾਨ ਜਾਂ ਸਰਕਾਰ ਨੇ ਪ੍ਰਵਾਸ ਰੋਕਣ ਦਾ ਉਪਰਾਲਾ ਕਰਨ ਦਾ ਯਤਨ ਕਰੇਗਾ, ਤਾਂ ਹੀ ਪੰਜਾਬ ਦੀ ਤਸਵੀਰ ਬਦਲੇਗੀ। ਫੇਰ ਨੌਜਵਾਨਾਂ ਨੂੰ ਇੱਥੇ ਰੋਜ਼ਗਾਰ ਵੀ ਮਿਲੇਗਾ ਅਤੇ ਪੜ੍ਹੇ-ਲਿਖੇ ਨੌਜਵਾਨ ਰਾਜਭਾਗ ਦੇ ਹਿੱਸੇਦਾਰ ਵੀ ਬਨਣਗੇ, ਜੋ ਸਾਡੇ ਨੇਤਾ ਸਾਹਿਬਾਨਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਹੋਵੇਗਾ। ਉਨ੍ਹਾਂ ਨੂੰ ਤਾਂ ਅਨਪੜ੍ਹ ਤੇ ਮਰੀਆਂ ਜ਼ਮੀਰਾਂ ਵਾਲੇ ਵੋਟਰ ਚਾਹੀਦੇ ਹਨ। ਗੈਰਤਮੰਦ ਅਤੇ ਭਲੇਮਾਣਸ ਪੰਜਾਬੀਓ, ਤੁਹਾਡਾ ਉਜਾੜਾ ਤਾਂ ਹੋਣਾ ਹੀ ਹੋਣਾ ਹੈ। ਜਿਸਦਾ ਆਪਣੇ ਪਿੰਡ ਵਿਚੋਂ ਉਜੜਣਾ ਹੀ ਯਕੀਨੀ ਹੋਵੇ, ਉਹ ਫੇਰ ਆਪਣੇ ਪਿੰਡ ਨੂੰ ਕਿਉਂ ਪਿਆਰ ਕਰੂਗਾ? ਬੱਸ ਇਸ ਸਵਾਲ ਦਾ ਜਵਾਬ ਤੁਸੀਂ ਆਪ ਲੱਭ ਲੈਣਾ, ਬਾਕੀ ਪੰਜਾਬ ਦੇ ਨੌਜਵਾਨਾ ਦਾ, ਰੱਬ ਹੀ ਰਾਖਾ!





# "ਆਸਟ੍ਰੇਲੀਆ 'ਤੇ ਪਹਿਲਾ ਪੈਰ ਰੱਖਣ ਵਾਲੇ ਦੱਖਣੀ ਭਾਰਤੀ ਸਨ, ਨਾ ਕਿ ਯੂਰਪੀਅਨ"

-ਸਿਡਨੀ ਤੋਂ ਮਨਮੋਹਨ ਸਿੰਘ ਖੇਲਾ
ਪੰਜਾਬ ਮੇਲUSA



ਵਿਗਿਆਨੀਆਂ, ਖੋਜੀਆਂ ਅਤੇ ਇਤਿਹਾਸਕਾਰਾਂ ਵਲੋਂ ਸਾਂਝੇ ਤੌਰ 'ਤੇ ਸਾਲਾਂਬੱਧੀ ਕੀਤੀਆਂ ਗਈਆਂ ਖੋਜਾਂ ਤੋਂ ਸਿੱਧ ਹੋਇਆ ਹੈ ਕਿ ਸੂਰਜ ਮੰਡਲ ਵਿਚ ਸੂਰਜ ਤੋਂ ਵੱਖ ਹੋਈ ਧਰਤੀ ਦਾ ਉਤਲਾ ਤੱਲ ਠੰਡਾ ਹੋਣ ਦੇ ਕਰੋੜਾਂ ਸਾਲਾਂ ਬਾਅਦ ਪਾਣੀ ਦੀ ਹੋਂਦ ਹੋਣ ਉਪਰੰਤ ਇਸ ਦੁਨੀਆਂ ਰੂਪੀ ਧਰਤੀ ਦੇ ਦੱਖਣੀ ਅਫਰੀਕਾ ਵਾਲੇ ਪਾਸੇ ਹੀ ਪਹਿਲਾਂ ਪਹਿਲ ਬਨਸਪਤੀ ਸਮੇਤ ਜੀਵ ਜੰਤੂ ਪੈਦਾ ਹੋਏ ਸਨ। ਇਨ੍ਹਾਂ ਜੀਵ ਜੰਤੂਆਂ ਤੋਂ ਹੀ ਵਾਤਾਵਰਨ ਅਤੇ ਉਸ ਇਲਾਕੇ ਦੇ ਆਲੇ-ਦੁਆਲੇ ਦੀਆਂ ਪ੍ਰਸਿਥਤੀਆਂ ਸਮੇਤ ਮੌਸਮ ਅਨੁਕੂਲ ਹੋਣ ਮੁਤਾਬਕ ਜਾਨਵਰਾਂ ਦਾ ਰੂਪ ਧਾਰਨ ਹੋਇਆ। ਇਨ੍ਹਾਂ ਜਾਨਵਰਾਂ ਦੀਆਂ ਕਈ ਨਸਲਾਂ ਵਿਚੋਂ ਹੀ ਸਮੇਂ ਦੇ ਪ੍ਰੀਵਰਤਨ ਹੋਣ ਕਰਕੇ ਵਾਤਾਵਰਨ ਅਤੇ ਆਲੇ-ਦੁਆਲੇ ਦੀ ਲੋੜ ਮੁਤਾਬਕ ਹੋਰ ਜਾਨਵਰਾਂ ਦੇ ਰੂਪ ਬਦਲਦੇ ਰਹੇ ਅਤੇ ਇਨ੍ਹਾਂ ਦੇ ਸਰੀਰਕ ਅੰਗਾਂ ਵਿਚ ਪ੍ਰੀਵਰਤਨ ਹੁੰਦਾ ਰਿਹਾ। ਜਿਨ੍ਹਾਂ ਜਾਨਵਰਾਂ ਨੂੰ ਜਿਨ੍ਹਾਂ ਅੰਗਾਂ ਦੀ ਲੋੜ ਨਹੀਂ ਸੀ, ਬਹੁਤ ਸਮੇਂ ਬਾਅਦ ਉਹ ਅਲੋਪ ਹੁੰਦੇ ਰਹੇ। ਇਨ੍ਹਾਂ ਦੇ ਹੀ ਸੁਧਰੇ ਰੂਪ ਵਿਚੋਂ ਹੀ "ਹੀਮੋ" ਅਥਵਾ ਮਾਨਸ ਜਾਤ ਨੇ ਅੰਦਾਜ਼ਨ ਅੱਜ ਤੋਂ ਕੋਈ ਦੋ ਲੱਖ ਸਾਲ ਪਹਿਲਾਂ ਦੱਖਣੀ ਅਫਰੀਕਾ 'ਚ ਜਨਮ ਲਿਆ। ਪਹਿਲੇ ਇੱਕ ਲੱਖ ਸਾਲ ਇਹ ਮਾਨਸ ਜਾਤ ਅਫਰੀਕਾ ਦੀ ਧਰਤੀ ਦੇ ਹਿੱਸੇ ਵਿਚ ਹੀ ਦੱਖਣ ਤੋਂ ਉੱਤਰ ਅਤੇ ਪੂਰਬ ਤੋਂ ਪੱਛਮ ਵੱਲ ਨੂੰ ਜਨਣ ਕ੍ਰਿਆ ਰਾਹੀਂ ਵਿਕਸਤ ਹੁੰਦੀ ਰਹੀ। ਵਿਗਿਆਨੀਆਂ ਖੋਜੀਆਂ ਅਤੇ ਇਤਿਹਾਸਕਾਰਾਂ ਦੇ ਅੰਦਾਜ਼ੇ ਮੁਤਾਬਕ ਇਹ ਕਿਆਸ ਕੀਤਾ ਗਿਆ ਹੈ ਕਿ "ਹੀਮੋ" ਹਿਊਮਨ ਜਨਣ ਕ੍ਰਿਆ 'ਚ ਹੋ ਰਹੇ ਵਾਧੇ ਅਤੇ ਆਪਣੇ ਖੁਰਾਕ ਦੇ ਸਾਧਨ ਅਤੇ ਵਾਤਾਵਰਨ ਨੂੰ ਵੀ ਆਪਣੇ ਅਨੁਕੂਲ ਲੱਭਦਾ ਹੋਇਆ ਬੜੀ ਕਾਮਯਾਬੀ ਨਾਲ ਇੱਕ ਲੱਖ ਅੱਸੀ ਹਜ਼ਾਰ ਸਾਲ ਪਹਿਲਾਂ ਅਫਰੀਕਾ ਦੀ ਧਰਤੀ ਤੋਂ ਬਾਹਰ ਨਿਕਲ ਕੇ ਦੁਨੀਆਂ ਦੇ ਹੋਰ ਦੇਸ਼ਾਂ ਦੀਆਂ ਧਰਤੀਆਂ ਉੱਤੇ ਪਹੁੰਚ ਗਿਆ ਸੀ। ਇਹ ਹੀਮੋ ਆਪਣੇ ਜਨਮ ਅਸਥਾਨ ਦੀ ਧਰਤੀ ਤੋਂ ਦੋ (ਵੇਵਜ਼) ਅਥਵਾ ਲਹਿਰਾਂ ਵਿਚ ਨਿਕਲ ਕੇ ਬਾਕੀ ਹੋਰ ਦੁਨੀਆਂ ਦੀਆਂ ਧਰਤੀਆਂ 'ਤੇ ਪਹੁੰਚਿਆ। ਪਹਿਲੀ ਵੇਵ ਇੱਕ ਲੱਖ ਸਾਲ ਆਪਣੀ ਧਰਤੀ ਦੇ ਸਾਰੇ ਭਾਗਾਂ 'ਚ ਫੈਲਦੀ ਰਹੀ। ਦੂਜੀ ਵੇਵ ਵਿਚ ਇਹ ਹੀਮੋ ਦੀ ਮਾਨਸ ਜਾਤ ਆਪਣੇ ਨਾਲ ਲੱਗਦੀਆਂ ਅਰਬ ਦੇਸ਼ਾਂ ਦੀਆਂ ਧਰਤੀਆਂ ਵਿਚ ਪਸਾਰਾ ਕਰਦੀ ਹੋਈ ਸੱਤਰ ਹਜ਼ਾਰ ਸਾਲ ਪਹਿਲਾਂ ਭਾਰਤ ਵਿਚ ਵੜ ਕੇ ਕਾਮਯਾਬੀ ਨਾਲ ਸਥਾਪਤ ਹੋ ਚੁੱਕੀ ਸੀ। ਇਨ੍ਹਾਂ ਦੀਆਂ ਸ਼ਖਾਵਾਂ ਭਾਰਤ ਵਿਚ ਸਥਾਪਨਾ ਕਰਨ ਬਾਅਦ ਇਨ੍ਹਾਂ ਵਿਚੋਂ ਕੁੱਝ ਕੁ ਹੀਮੋ ਅਰਬ ਦੇਸ਼ਾਂ ਅਤੇ ਮੱਧ ਅਤੇ ਪੂਰਬੀ ਉੱਤਰੀ ਏਸ਼ੀਆ ਰਸਤੇ ਯੂਰਪੀਅਨ ਦੇਸ਼ਾਂ ਦੀਆਂ ਧਰਤੀਆਂ ਵੱਲ ਵੱਧਦੀਆਂ ਹੋਈਆਂ ਚਾਲੀ ਹਜ਼ਾਰ ਸਾਲ ਪਹਿਲਾਂ ਸਾਇਬੇਰੀਆ ਪਹੁੰਚ ਕੇ ਸਾਰੇ ਯੂਰਪ ਵਿਚ ਫੈਲ ਗਈਆਂ ਸਨ। ਉਨ੍ਹਾਂ ਹੀ ਸ਼ਾਖਾਵਾਂ ਵਿਚੋਂ ਇਹ ਹੀਮੋ ਨਸਲ ਭਾਰਤ ਨਾਲ ਲੱਗਦੇ ਦੱਖਣੀ ਏਸ਼ੀਆ ਦੀਆਂ ਧਰਤੀਆਂ ਵਿਚੋਂ ਫੈਲਦੀਆਂ ਹੋਈਆਂ ਸਮੁੰਦਰ ਵਿਚ ਪਾਣੀ ਦਾ ਤੱਲ ਨੀਵਾਂ ਹੋਣ ਕਰਕੇ ਬਹੁਤ ਸਾਰੇ ਏਸ਼ੀਆ ਦੇ ਦੇਸ਼ਾਂ ਦੀਆਂ ਧਰਤੀਆਂ ਉਸ ਵੇਲੇ ਇੱਕ ਦੂਜੇ ਨਾਲ ਹੀ ਜੁੜੀਆਂ ਹੋਣ ਕਰਕੇ ਉਨ੍ਹਾਂ ਵਿਚ ਪਹੁੰਚ ਗਈਆਂ ਸਨ। ਇਹ ਹੀਮੋ ਦੀ ਮਾਨਸ ਜਾਤ ਕਈ ਥਾਵਾਂ ਤੋਂ ਥੱਲ ਰਸਤੇ ਤੇ ਕਈ ਥਾਵਾਂ ਤੋਂ ਜਲ ਰਸਤੇ ਫਿਲਪੀਨ, ਜਾਵਾ, ਸਮਾਟਰਾ, ਮਲੇਸ਼ੀਆ, ਇੰਡੋਨੇਸ਼ੀਆ, ਬਟਾਵੀਆ ਹੁੰਦੇ ਹੋਏ ਪਾਪੂਆ ਨਿਊ ਗਿਨੀ ਰਸਤੇ ਅੱਜ ਤੋਂ ਪੰਜਾਹ ਹਜ਼ਾਰ ਸਾਲ ਪਹਿਲਾਂ ਦੁਨੀਆਂ ਦੇ ਦੱਖਣ ਵਿਚ ਪੈਂਦੀ ਬਿਨਾ ਨਾਮ ਤੋਂ "ਸਾਹੁਲ" ਨਾਮ ਵਾਲੀ "ਦੱਖਣੀ ਅਣਜਾਣ ਧਰਤੀ" ਜਿਸ ਨੂੰ ਅੱਜ ਦੇ ਮਾਨਵ ਨੇ ਆਸਟ੍ਰੇਲੀਆ ਦਾ ਨਾਮ ਦਿੱਤਾ ਹੋਇਆ ਹੈ, ਵਿਖੇ ਪਹੁੰਚ ਗਈ ਸੀ। ਯੂਰਪ ਵਿਚੋਂ ਹੁੰਦੀ ਹੋਈ ਇਹ ਹੀਮੋ ਦੀ ਮਾਨਸ ਜਾਤ ਪੰਦਰਾਂ ਹਜ਼ਾਰ ਤੋਂ ਵੀਹ ਹਜ਼ਾਰ ਸਾਲ ਪਹਿਲਾਂ ਅਮਰੀਕਾ ਸਮੇਤ ਉਸ ਦੇ ਨਾਲ ਲੱਗਦੇ ਦੇਸ਼ਾਂ ਵਿਚ ਵੀ ਪਹੁੰਚ ਗਈ ਸੀ।

ਪੰਜਾਹ ਹਜ਼ਾਰ ਸਾਲ ਪਹਿਲਾਂ ਸਮੁੰਦਰੀ ਰਸਤੇ ਆਖਰੀ ਬਰਫੀਲੇ ਕਾਲ ਸਮੇਂ ਇਹ ਲਹਿਰ ਦੱਖਣੀ ਦਿਸ਼ਾਵਾਂ ਵੱਲ ਨੂੰ ਤੁਰੀ ਪਰ ਇਸ ਹਿਊਮਨ ਹੀਮੋ ਦੀ ਮਾਨਵ ਜਾਤ ਨੂੰ ਜਾਣਾ ਕਾਫੀ ਮੁਸ਼ਕਲ ਸੀ। ਜਿਹੜੀ ਕਿ ਦੱਖਣੀ ਏਸ਼ੀਆ ਦੇ ਹਿੱਸੇ ਤੋਂ ਵੱਖ ਹੋ ਕੇ ਆਸਟ੍ਰੇਲੀਆ ਮਹਾਂਦੀਪ ਦੀ ਧਰਤੀ ਵੱਲ ਵੱਧਦੀ ਸੀ। ਸਮੁੰਦਰੀ ਪਾਣੀ ਜੰਮਿਆ ਹੋਇਆ ਸੀ ਜਾਂ ਪਾਣੀ ਵਿਚ ਬੇਅੰਤ ਗਲੈਸ਼ੀਅਰ ਅਰਥਾਤ ਬਰਫ ਦੇ ਬਹੁਤ ਵੱਡੇ-ਵੱਡੇ ਤੋਂਦੇ ਤੈਰਦੇ ਸਨ। ਇਨ੍ਹਾਂ ਸਭ ਕਠਿਨਾਈਆਂ ਵਿਚੋਂ ਦੱਖਣੀ ਏਸ਼ੀਆਂ ਦੀਆਂ ਧਰਤੀਆਂ ਰਾਹੀਂ ਪਹੁੰਚਦੀਆਂ ਹੋਈਆਂ ਪਾਪੂਆ ਨਿਊ ਗਿਨੀ ਰਾਹੀਂ ਵਿਚਰਦਿਆਂ ਤਕਰੀਬਨ ਸੱਠ ਕੁ ਮੀਲ ਲਗਭਗ ਸੌ ਕਿਲੋਮੀਟਰ ਦੇ ਬਹੁਤ ਔਖੇ ਰਸਤੇ ਦੱਖਣੀ ਬੇਨਾਮ ਧਰਤੀ ਉੱਤੇ ਇਹ ਮਾਨਵ ਪੰਜਾਹ ਹਜ਼ਾਰ ਸਾਲ ਪਹਿਲੋਂ ਪਹੁੰਚ ਗਿਆ ਸੀ।





ਨੋਟ:-ਇਹ ਉਪਰੋਕਤ ਸਾਰੀਆਂ ਤਸਵੀਰਾਂ ਜਾਣਕਾਰੀ ਦੇਣ ਲਈ ਬੜੇ ਸਤਿਕਾਰ ਨਾਲ ਇੰਟਰਨੈੱਟ ਤੋਂ ਕਾਪੀ ਕੀਤੀਆਂ ਹਨ।



ਜਿਹੜਾ ਕਿ ਯੂਰਪੀਅਨ ਲੋਕਾਂ ਦੇ ਆਉਣ ਤੱਕ ਜੰਗਲਾਂ, ਪਹਾੜਾਂ ਦੀਆਂ ਕੁੰਦਰਾਂ ਵਿਚ ਜਾਂ ਘਾਹ-ਫੂਸ ਦੀਆਂ ਝੌਂਪੜੀਆਂ ਜਾਂ ਕੁਲੀਆਂ ਬਣਾ ਕੇ ਜਾਨਵਰਾਂ ਵਾਂਗ ਹੀ ਰਹਿੰਦਾ ਰਿਹਾ ਹੈ। ਆਪਣੀ ਭੁੱਖ ਮਿਟਾਉਣ ਲਈ ਪੰਛੀ ਜਾਂ ਜਾਨਵਰ ਮਾਰ ਕੇ ਖਾਂਦਾ ਸੀ ਜਾਂ ਫਿਰ ਦਰੱਖਤਾਂ ਦੇ ਪੱਤੇ, ਫਲ਼, ਫੁੱਲ ਵਗੈਰਾ ਖਾ ਕੇ ਆਪਣਾ ਪੇਟ ਭਰਦਾ ਰਿਹਾ ਹੈ। ਵਰਤਮਾਨ ਵਿਗਿਆਨੀਆਂ ਵਲੋਂ ਇਸ ਧਰਤੀ ਦੇ ਇਨ੍ਹਾਂ ਮੂਲਵਾਸੀ ਲੋਕਾਂ ਨੂੰ ਓਬਰਿਜਨਲ ਨਸਲ ਦਾ ਨਾਮ ਦਿੱਤਾ ਗਿਆ ਹੈ।

ਇਸ ਸਭ ਕੁੱਝ ਬਾਰੇ ਪਤਾ ਉਦੋਂ ਲੱਗਾ, ਜਦੋਂ ਵਰਤਮਾਨ ਵਿਗਿਆਨੀਆਂ ਦੀ ਇੱਕ ਟੀਮ ਵਲੋਂ ਜਿਸ 'ਚ ਕਈ ਹੋਰ ਵਿਗਿਆਨੀਆਂ ਸਮੇਤ ਪ੍ਰੋਫੈਸਰ ਡਾਕਟਰ ਮਾਰਕ ਸਟੋਨਕਿੰਗ ਅਤੇ ਡਾਕਟਰ ਆਰੀਨਾ ਪੁਗਚ ਹੋਰੀਂ ਵੀ ਸ਼ਾਮਲ ਸਨ, ਇਨ੍ਹਾਂ ਸਾਰਿਆਂ ਨੇ **The Max Planck Institute Evolutionary Anthropology in Lepzig, GERMANY** ਵਿਖੇ ਆਸਟ੍ਰੇਲੀਅਨ ਓਵਰਿਜਨਲ ਨਸਲ ਦੇ ਲੋਕਾਂ ਸਮੇਤ ਪਾਪੂਆ ਨਿਊ ਗਿਨੀਅਨ, ਫਿਲਪੀਨੀਅਨ, ਮਾਮਾਨਾਵੀਅਨ, ਇੰਡੋਨੇਸ਼ੀਅਨ, ਸਾਊਥ ਈਸਟ ਏਸ਼ੀਅਨ ਦੇਸ਼ਾਂ ਦੇ ਲੋਕਾਂ ਸਮੇਤ ਦੱਖਣੀ ਭਾਰਤੀਆਂ ਸਮੇਤ ਇਨ੍ਹਾਂ ਨਾਲ ਲੱਗਦੇ ਸਾਰੇ ਦੇਸ਼ਾਂ ਦੀ ਵੱਖੋ-ਵੱਖਰੀ ਪਾਪੂਲੇਸ਼ਨ ਵਿਚੋਂ 344 ਲੋਕਾਂ ਦੇ (ਡੀ.ਐੱਨ.ਏ.) ਟੈਸਟ ਲਈ ਲਏ ਗਏ ਨਮੂਨਿਆਂ ਦਾ ਪ੍ਰਯੋਗਸ਼ਾਲਾ ਵਿਚ (ਡੀ.ਐੱਨ.ਏ.) ਟੈਸਟ ਕੀਤਾ ਗਿਆ, ਜਿਸ ਦੀ ਪੂਰੀ ਰਿਪੋਰਟ ਵਿਚ ਸਿੱਧ ਹੋਇਆ ਹੈ ਕਿ ਓਬਰਿਜਨਲਾਂ ਦੀ ਪਿੱਛੋਂ 141ਵੀਂ ਨਸਲ 4230 ਸਾਲ ਪਹਿਲਾਂ ਆਏ ਭਾਰਤੀਆਂ ਦੀ ਨਸਲ ਇਨ੍ਹਾਂ ਵਿਚ ਜਜ਼ਬ ਹੋ ਗਈ ਹੋਈ ਹੈ। ਇਸ ਰਿਪੋਰਟ ਅਨੁਸਾਰ ਅੱਜ ਦੇ ਓਬਰਿਜਨਲ ਲੋਕਾਂ ਵਿਚ 11% ਜੀਨ ਜੀਵਾਣੂ ਵਿਸ਼ਾਣੂ ਅੰਸ਼ ਭਾਰਤੀ ਨਸਲ ਦਾ ਪਾਇਆ ਗਿਆ। ਇਸ ਤਰ੍ਹਾਂ ਰਿਪੋਰਟ ਮੁਤਾਬਕ ਭਾਰਤੀ ਨਸਲ ਦੇ ਕੁੱਤਿਆਂ ਵਰਗੇ ਡੀਗੋ ਕੁੱਤੇ ਵੀ ਭਾਰਤ ਸਮੇਤ ਏਸ਼ੀਆ ਵਲੋਂ ਹੀ ਆਏ ਸਾਬਤ ਹੋਏ ਹਨ। ਇਸ ਟੀਮ ਵਲੋਂ ਕੀਤੀ ਗਈ ਸਟੱਡੀ ਦੀ ਰਿਪੋਰਟ ਨੂੰ ਜਨਰਲ ਪ੍ਰੋਸੀਡਿੰਗ ਆਫ ਨੈਸ਼ਨਲ ਐਕਾਡਮੀ ਆਫ ਸਾਇੰਸ ਵਲੋਂ 14 ਜਨਵਰੀ 2013 ਨੂੰ ਮੀਡੀਏ 'ਚ ਪ੍ਰਕਾਸ਼ਿਤ ਕਰਨ ਲਈ ਭੇਜਿਆ ਗਿਆ। ਇਹ ਸਾਰੀ ਰਿਪੋਰਟ ਆਸਟ੍ਰੇਲੀਆ ਸਮੇਤ ਦੁਨੀਆਂ ਦੀਆਂ ਕਈ ਵੱਖ-ਵੱਖ ਅਖਬਾਰਾਂ ਜਿਵੇਂ 'ਇੰਟਰਨੈਸ਼ਨਲ ਬਿਜਨਸ ਟਾਈਮਜ਼', 'ਡੇਲੀ ਮੇਲ', 'ਏ.ਬੀ.ਸੀ. ਨਿਊਜ਼' 'ਐੱਸ.ਬੀ.ਐੱਸ.', 'ਦਾ ਟੈਲੀਗਰਾਫ', 'ਦਾ ਸਿਡਨੀ ਮੋਰਨਿੰਗ ਹੈਲਰਡ', 'ਟਾਈਮਜ਼ ਆਫ ਇੰਡੀਆ', 'ਦਾ ਕਨਵਰਸੇਸ਼ਨ', 'ਆਸਟ੍ਰੇਲੀਆ ਜੋਗਰਾਫਿਕ', 'ਦਾ ਸੀਕਰ', 'ਬੀ.ਬੀ.ਸੀ.' ਆਦਿ ਸਮੇਤ ਮੀਡੀਏ ਵਿਚ ਵੱਖੋ-ਵੱਖਰੇ ਸਮਿਆਂ 'ਚ ਜਿਵੇਂ ਕਿ 14, 15, 16, 17 ਜਨਵਰੀ 2013 ਨੂੰ ਛੱਪ ਗਈ ਸੀ। ਇਹ ਰਿਪੋਰਟ Max Planck Institute Evolutionary Anthropology in Lepzig, GERMANY ਵਲੋਂ common origin for Sahul (Joint Australia with Papuea New Guinea Land mass) ਦੇ ਆਧਾਰ 'ਤੇ ਵੱਖੋ-ਵੱਖਰੇ ਖੇਤਰਾਂ ਦੀ ਪਾਪੂਲੇਸ਼ਨ ਵਾਲੇ ਲੋਕਾਂ ਦੇ ਨਮੂਨਿਆਂ ਦਾ ਪ੍ਰਯੋਗਸ਼ਾਲਾ ਵਿਚ ਡੀ.ਐੱਨ.ਏ. ਟੈਸਟ ਕਰਕੇ ਪੇਸ਼ ਕੀਤੀ ਗਈ ਸੀ। ਜਿਹੜੀ ਕਿ ਮੀਡੀਏ ਨੇ 14, 15, 16, 17 ਜਨਵਰੀ 2013 ਨੂੰ ਆਪੋ-ਆਪਣੇ ਵਸੀਲਿਆਂ ਰਾਹੀਂ ਲੋਕਾਂ ਤੱਕ ਪਹੁੰਚਾ ਦਿੱਤੀ। ਇਸ ਰਿਪੋਰਟ ਅਨੁਸਾਰ ਭਾਰਤੀ ਵੰਸ਼ ਦੇ ਲੋਕਾਂ ਦੇ ਜੀਨ (ਜੀਵਾਣੂ), ਜੀਵਨ ਕ੍ਰਿਆ ਸੈੱਲ 4230 ਸਾਲ ਪਹਿਲਾਂ ਆਸਟ੍ਰੇਲੀਅਨ ਮੂਲਵਾਸੀ (ਓਬਰਿਜਨਲ) ਨਸਲ ਦੇ ਲੋਕਾਂ ਵਿਚ ਮਿਕਸ ਹੋ ਗਏ ਸਨ। ਇਸ ਤੋਂ ਸਿੱਧ ਹੋਇਆ ਹੈ ਕਿ ਦੱਖਣੀ ਭਾਰਤੀ ਨਸਲ ਦੇ ਲੋਕ ਆਸਟ੍ਰੇਲੀਅਨ ਓਬਰਿਜਨਲ ਨਸਲ ਦੇ ਲੋਕਾਂ ਦੀ ਪਿੱਛੇ ਤੋਂ 141ਵੀਂ ਨਸਲ ਵਿਚ ਮਿਕਸ ਹੋ ਚੁੱਕੇ ਸਨ। ਜਿਹੜੇ ਕਿ ਆਪਣੇ ਨਾਲ ਹੀ ਪੱਥਰ ਕਾਲ ਵੇਲੇ ਦੇ ਪੱਥਰਾਂ ਤੋਂ ਬਣੇ ਹੋਏ ਹਥਿਆਰਾਂ ਦੀ ਅਤੇ ਪੌਦਿਆਂ ਬਾਰੇ ਉਨ੍ਹਾਂ ਦੀ ਪ੍ਰੋਸੈਸਿੰਗ ਦੀ ਤਕਨੀਕ ਨੂੰ ਵੀ ਨਾਲ ਲਿਆਏ ਸਨ। ਵਿਗਿਆਨੀਆਂ ਅਨੁਸਾਰ ਭਾਰਤੀ ਨਸਲ ਦੇ ਕੁੱਤਿਆਂ ਵਰਗੇ ਡੀਗੋ ਕੁੱਤੇ ਵੀ ਉਸੇ ਵੇਲੇ ਆਏ ਸਾਬਤ ਹੋਏ ਹਨ ਕਿਉਂਕਿ ਇਹ ਭਾਰਤੀ ਕੁੱਤਿਆਂ ਨਾਲ ਰਲਦੇ ਮਿਲਦੇ ਹਨ। ਹੁਣ ਵਿਗਿਆਨੀਆਂ ਦੀ ਖੋਜ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਾਰੀ ਦੁਨੀਆਂ ਸਮੇਤ ਆਸਟ੍ਰੇਲੀਆ ਵਿਚ ਵੀ ਅਫਰੀਕਨ ਹੀਮੋ ਪਹੁੰਚਣ ਬਾਅਦ ਇਸ ਧਰਤੀ 'ਤੇ ਪਹਿਲਾ ਪੈਰ ਧਰਨ ਵਾਲੇ ਭਾਰਤੀ ਹਨ। ਜਦੋਂਕਿ ਉਸ ਵੇਲੇ ਆਸਟ੍ਰੇਲੀਆ, ਭਾਰਤ ਸਮੇਤ ਬਹੁਤ ਸਾਰੀ ਦੁਨੀਆਂ ਦੇ ਹਿੱਸਿਆਂ ਵਿਚ ਸੱਭਿਅਤਾ ਪ੍ਰਫੁੱਲਤ ਨਹੀਂ ਸੀ ਹੋਈ, ਉਦੋਂ ਉਸ ਵੇਲੇ ਇਹ ਦੱਖਣੀ ਭਾਰਤੀ ਵੀ ਇੱਥੋਂ ਦੇ ਮੂਲਵਾਸੀਆਂ ਨਾਲ ਮੇਲ ਮਿਲਾਪ ਵਧਾ ਕੇ ਇਨ੍ਹਾਂ ਵਿਚ ਹੀ ਜਜ਼ਬ ਹੋ ਗਏ। ਇਹ ਵਰਤਾਰਾ ਉਦੋਂ ਤੱਕ ਚੱਲਦਾ ਰਿਹਾ, ਜਦੋਂ ਤੱਕ ਸੋਲਵੀਂ ਸਦੀ ਤੋਂ ਲੈ ਕੇ ਸਤਾਰਵੀਂ ਸਦੀ ਤੱਕ ਦੇ ਯੂਰਪ ਦੇ ਸੱਭਿਅਤਾ ਪ੍ਰਾਪਤ ਲੋਕਾਂ ਨੇ ਦੁਨੀਆਂ ਦੀਆਂ ਨਵੀਆਂ ਧਰਤੀਆਂ ਲੱਭਦਿਆਂ ਹੋਇਆਂ ਨੇ ਇਸ ਅਣਜਾਣ ਦੇਸ਼ ਨੂੰ ਨਹੀਂ ਸੀ ਲੱਭਿਆ। ਪਹਿਲਾਂ ਪਹਿਲ ਇਸ ਖਿੱਤੇ ਦੀ ਧਰਤੀ ਨੂੰ ਬੇਨਾਮੀ ਅਤੇ ਅਣਜਾਣੀ ਦੱਖਣੀ ਧਰਤੀ ਵਜੋਂ ਜਾਣਿਆ ਜਾਂਦਾ ਸੀ (ਅਨਨਾਊਨ ਸਾਊਥ ਲੈਂਡ)। ਜਿਸ ਨੂੰ ਬਾਅਦ 'ਚ ਕਈ ਹੋਰ ਨਾਵਾਂ ਨਾਲ ਵੀ ਪੁਕਾਰਿਆ ਗਿਆ। ਜਿਵੇਂ ਕਿ ਪਾਪੂਆ ਨਿਊ ਗਿਨੀ ਨਾਲ ਜੁੜਿਆ ਹੋਣ ਵੇਲੇ 'ਸਾਹੁਲ' ਦਾ ਨਾਮ ਦਿੱਤਾ ਗਿਆ ਸੀ। ਬਾਅਦ 'ਚ 'ਨਿਊ ਲੈਂਡ', ਨਿਊ ਹਾਲੈਂਡ, ਤੇਰਾ ਆਸਟ੍ਰੇਲੀਜ਼ ਇਨੋਗਨੀਟਾ, ਅਨ ਨਾਊਨ ਸਾਊਥ ਲੈਂਡ, ਦੱਖਣੀ ਧਰਤੀ, ਭਾਰਤੀ ਪੰਜਾਬੀਆਂ ਵਲੋਂ ਤੇਲੀਆ ਅਤੇ ਹੁਣ ਵਰਤਮਾਨ ਦੁਨੀਆਂ ਵਾਲਿਆਂ ਨੇ ਇਸ ਧਰਤੀ ਨੂੰ ਆਸਟ੍ਰੇਲੀਆ ਦਾ ਨਾਮ ਦਿੱਤਾ ਹੋਇਆ ਹੈ।

ਅਜੋਕੇ ਵਰਤਮਾਨ ਵਿਗਿਆਨੀਆਂ ਵਲੋਂ ਬਹੁਤ ਸਖਤ ਮਿਹਨਤ ਨਾਲ ਕੀਤੀਆਂ ਗਈਆਂ ਖੋਜਾਂ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਪੂਰੇ ਬ੍ਰਹਿਮੰਡ ਵਿਚ ਦੱਖਣੀ ਅਫਰੀਕਾ ਦੀ ਧਰਤੀ ਦਾ ਉਹ ਹਿੱਸਾ ਹੈ, ਜਿੱਥੇ ਸੰਸਾਰ ਵਿਚ ਪਹਿਲੀ ਵਾਰ ਜੀਵ ਪੈਦਾ ਹੋਣ ਬਾਅਦ ਹੀਮੋ ਅਥਵਾ ਮਾਨਸ ਜਾਤ ਦਾ ਜਨਮ ਹੋਇਆ। ਉਹ ਆਪਣਾ ਵਿਕਾਸ ਕਰਕੇ ਵੱਡੀ ਜੱਦੋ-ਜਹਿਦ ਬਾਅਦ ਕੋਈ ਅੱਜ ਤੋਂ ਤਕਰੀਬਨ ਪੰਜਾਹ ਹਜ਼ਾਰ ਸਾਲ ਪਹਿਲਾਂ ਪਹਿਲੀ ਵਾਰ ਅੱਜ ਦੇ ਨਾਮ ਵਾਲੀ 'ਆਸਟ੍ਰੇਲੀਆ' ਦੀ ਧਰਤੀ 'ਤੇ ਪਹੁੰਚਿਆ ਸੀ। ਉਦੋਂ ਅਫਰੀਕਾ ਦੀ ਧਰਤੀ ਤੋਂ ਮਾਨਵ ਦੀ ਮਾਨਸ ਜਾਤ ਤੁਰ ਕੇ ਸਾਰੇ ਸੰਸਾਰ ਦੀਆਂ ਧਰਤੀਆਂ 'ਤੇ ਪਹੁੰਚ ਕੇ ਵਿਕਸਤ ਹੋ ਗਈ ਸੀ। ਇਸ ਬਾਰੇ ਸੰਸਾਰ ਪ੍ਰਸਿੱਧ ਵਿਗਿਆਨੀਆਂ ਵਲੋਂ ਕੀਤੀਆਂ ਗਈਆਂ ਖੋਜਾਂ ਦੇ ਆਧਾਰ 'ਤੇ ਮੀਡੀਏ ਵਿਚ ਭੇਜੀ ਗਈ ਰਿਪੋਰਟ ਛੱਪ ਚੁੱਕੀ ਹੈ, ਜਿਸ ਅਨੁਸਾਰ ਅੰਦਾਰਨ ਅੱਜ ਤੋਂ 4230 ਸਾਲ ਪਹਿਲਾਂ ਆਸਟ੍ਰੇਲੀਆ ਦੀ ਇਸ ਧਰਤੀ 'ਤੇ ਪਹਿਲਾ ਪੈਰ ਰੱਖਣ ਵਾਲੇ ਦੱਖਣੀ ਭਾਰਤ ਦੇ ਹਿੱਸਿਆਂ ਤੋਂ ਇੱਥੇ ਪਹੁੰਚੇ ਤਾਮਿਲ ਅਤੇ ਦਰਾਵੜੀਅਨ ਸਮੇਤ ਦੱਖਣੀ ਭਾਰਤ ਦੀਆਂ ਕਈ ਹੋਰ ਨਸਲਾਂ ਦੇ ਮਾਨਵ ਸਨ। ਜਿਹੜੇ ਕਿ ਇੱਥੇ ਪਹੁੰਚ ਕੇ ਅਫਰੀਕਾ ਤੋਂ ਅਰਬ ਦੇਸ਼ਾਂ ਰਸਤੇ ਭਾਰਤ ਸਮੇਤ ਏਸ਼ੀਆ ਰਾਹੀਂ ਪਹਿਲੇ ਆਏ ਹੋਏ ਮੂਲਵਾਸੀਆਂ ਜਿਨ੍ਹਾਂ ਨੂੰ ਓਬਰਿਜਨਲਾਂ ਦੀ ਨਸਲ ਵਜੋਂ ਜਾਣਿਆ ਜਾਂਦਾ ਹੈ, ਦੇ ਵਿਚੋਂ-ਵਿਚ ਨਰ ਅਤੇ ਮਾਦੇ ਦੀ ਪਰਸਪਰ ਵਿਰੋਧੀ ਖਿੱਚ ਕਾਰਨ ਜਨਣ ਕ੍ਰਿਆ ਦੇ ਪੂਰੇ ਸਿਸਟਮ ਵਿਚੋਂ ਗੁਜ਼ਰਨ ਬਾਅਦ ਜੀਵਾਣੂ ਅਥਵਾ ਵਿਸ਼ਾਣੂਆਂ ਦੀ ਕਰਾਸ ਬਰੀਡਿੰਗ ਹੋਣ ਕਰਕੇ ਇਨ੍ਹਾਂ ਪਹਿਲੇ ਆਏ ਭਾਰਤੀਆਂ ਦੇ ਜੀਨ ਆਸਟ੍ਰੇਲੀਅਨ ਓਬਰਿਜਨਲਾਂ ਵਿਚ ਜਜ਼ਬ ਹੋ ਗਏ।

ਇਨ੍ਹਾਂ ਓਬਰਿਜਨਲ ਲੋਕਾਂ ਦੇ ਰੰਗ ਰੂਪ ਸਮੇਤ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਦੀਆਂ ਸ਼ਕਲਾਂ ਵੀ ਦੱਖਣੀ ਭਾਰਤ ਵੱਲ਼ ਵਸਦੇ ਲੋਕਾਂ ਨਾਲ ਮਿਲਦੀਆਂ-ਜੁਲਦੀਆਂ ਹਨ। ਹੁਣ ਦੀਆਂ ਵਰਤਮਾਨ ਰਿਪੋਰਟਾਂ ਅਨੁਸਾਰ ਦੱਖਣੀ ਭਾਰਤ ਦੇ ਤਾਮਲਾਂ ਦੀ ਤਾਮਲ ਭਾਸ਼ਾ ਅਤੇ ਦਰਾਵੜੀਆਂ ਦੀ ਦਰਾਵੜੀਅਨ ਭਾਸ਼ਾ ਅਤੇ ਦੱਖਣੀ ਭਾਰਤ ਦੀਆਂ ਕਈ ਹੋਰ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਇਨ੍ਹਾਂ ਓਬਰਿਜਨਲਾਂ ਲੋਕਾਂ ਦੀ ਭਾਸ਼ਾ ਨਾਲ ਰਲਦੇ-ਮਿਲਦੇ ਹਨ। ਹਾਲੇ ਤਾਂ ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਓਬਰਿਜਨਲ ਲੋਕਾਂ ਦੀ ਇਹ ਨਸਲ ਚੁਰਾਈ ਹੋਈ ਨਸਲ ਹੈ। ਅਸਲੀ ਨਸਲ ਨਾਲੋਂ ਅਸਲੀ ਬੋਲੀ ਰੀਤੀ-ਰਿਵਾਜ਼ ਅਤੇ ਧਾਰਮਿਕ ਪੂਜਾ ਦੇ ਢੰਗ ਤਰੀਕੇ ਵਗੈਰਾ ਤਾਂ ਸਭ ਕੁੱਝ ਹੀ ਗੋਰਿਆਂ ਨੇ ਗੁਆ ਦਿੱਤੇ ਸਨ। ਜਦੋਂ ਬ੍ਰਿਟਿਸ਼ ਤੋਂ ਆਏ ਗੋਰਿਆਂ ਨੇ ਇਨ੍ਹਾਂ ਦੇ ਚੌਦਾਂ ਸਾਲ ਦੇ ਬੱਚਿਆਂ ਸਮੇਤ ਹੇਠਲੀ ਉਮਰ ਦੇ ਸਾਰੇ ਬੱਚਿਆਂ ਨੂੰ ਜ਼ਬਰਦਸਤੀ ਚੁੱਕ ਲਿਆ ਸੀ। ਚੌਦਾਂ ਸਾਲ ਤੋਂ ਉੱਤਲੀ ਉਮਰ ਦੇ ਸਾਰੇ ਨੌਜਵਾਨਾਂ ਸਮੇਤ ਬੁੱਢਿਆਂ ਨੂੰ ਮਾਰ ਮੁਕਾ ਦਿੱਤਾ ਸੀ। ਇਸ ਕਰਕੇ ਇਨ੍ਹਾਂ ਲੋਕਾਂ ਦਾ ਜਿਹੜਾ ਅਸਲੀ ਕਲਚਰ, ਵਿਰਸਾ ਤੇ ਬੋਲੀ ਸੀ, ਉਹ ਤਾਂ ਸਭ ਗੁਆਚ ਗਿਆ ਹੋਇਆ ਹੈ। ਹੁਣ ਤਾਂ ਉਨ੍ਹਾਂ ਵਿਚੋਂ ਬਚੇ ਹੋਏ ਕੁੱਝ ਅੰਸ਼ ਹੀ ਹਨ। ਜਿਹੜੇ ਉਸ ਵੇਲੇ ਦੇ ਚੌਦਾਂ ਸਾਲ ਦੇ ਬੱਚਿਆਂ ਨੂੰ ਕੁੱਝ-ਕੁੱਝ ਯਾਦ ਸਨ, ਉਹ ਹੀ ਅੱਜ ਬੱਚਿਆ ਖੁਚਿਆ ਇਨ੍ਹਾਂ ਦੀ ਵਿਰਾਸਤ ਵਿਚ ਕਾਇਮ ਹਨ। ਬਾਕੀ ਦਾ ਸਭ ਕੁੱਝ ਤਾਂ ਡਾਢਿਆਂ ਜ਼ੋਰ ਵਾਲਿਆਂ ਅਤੇ ਸਰਮਾਏਦਾਰੀ ਦੀ ਲਪੇਟ ਦੀ ਭੇਂਟ ਚੜ੍ਹ ਗਿਆ।

ਇਨ੍ਹਾਂ ਵਰਤਮਾਨ ਖੋਜਾਂ ਦੇ ਆਧਾਰ 'ਤੇ ਅਤੇ ਮੀਡੀਏ ਵਿਚ ਛੱਪ ਚੁੱਕੀਆਂ ਰਿਪੋਰਟਾਂ ਦੇ ਆਧਾਰ 'ਤੇ ਇਹ ਸਾਬਤ ਹੋਇਆ ਹੈ ਕਿ ਸੰਸਾਰ ਵਿਚ ਹੀਮੋ ਦੀ ਮਾਨਸ ਜਾਤ ਦੇ ਹੋ ਚੁੱਕੇ ਪਸਾਰੇ ਬਾਅਦ ਆਸਟ੍ਰੇਲੀਆ ਦੀ ਧਰਤੀ 'ਤੇ ਪੱਥਰ ਕਾਲ ਵੇਲੇ ਦੀ ਕਿਸੇ ਸੱਭਿਅਕ ਤਕਨੀਕ ਨੂੰ ਜਾਨਣ ਵਾਲੇ ਪਹਿਲੇ ਪਹੁੰਚੇ ਭਾਰਤੀ ਹਨ। ਸੋ ਅਸਟ੍ਰੇਲੀਆ ਦੀ ਧਰਤੀ 'ਤੇ 4230 ਸਾਲ ਪਹਿਲਾਂ ਪਹਿਲਾ ਪੈਰ ਰੱਖਣ ਵਾਲੇ ਭਾਰਤੀ ਹਨ, ਨਾ ਕਿ ਯੂਰਪ ਤੋਂ ਸੋਲਵੀਂ ਸਤਾਰਵੀਂ ਸਦੀ 'ਚ ਪਹੁੰਚੇ ਪਹਿਲੇ ਡੱਚ ਜਾਂ ਬ੍ਰਿਟਿਸ਼ ਤੋਂ 1770 ਪਹੁੰਚਿਆ ਕੈਪਟਨ ਜੇਮਜ਼ ਕੁੱਕ ਜਿਸ ਨੇ ਇਸ ਧਰਤੀ 'ਤੇ ਪਹਿਲਾ ਪੈਰ ਧਰਨ ਦਾ ਦਾਅਵਾ ਕੀਤਾ ਹੋਇਆ ਹੈ। ਇਸ ਨੇ ਵਾਪਸ ਜਾ ਕੇ ਬ੍ਰਿਟਿਸ਼ ਸਰਕਾਰ ਨੂੰ ਇਸ ਧਰਤੀ ਬਾਰੇ ਦੱਸਿਆ। ਬ੍ਰਿਟਿਸ਼ ਸਰਕਾਰ ਪਹਿਲਾਂ ਹੀ ਸਾਰੀ ਦੁਨੀਆਂ ਨੂੰ ਆਪਣੇ ਕਬਜ਼ੇ ਹੇਠ ਕਰਨ ਦੀ ਲਾਲਸਾ ਰੱਖਦਿਆਂ ਇਹੋ ਜਹੀਆਂ ਧਰਤੀਆਂ 'ਤੇ ਕਬਜ਼ਾ ਕਰਨ ਦੀ ਤਾਕ ਵਿਚ ਰਹਿੰਦੀ ਸੀ। ਬ੍ਰਿਟਿਸ਼ ਸਰਕਾਰ ਨੇ ਆਸਟ੍ਰੇਲੀਆ ਦੀ ਧਰਤੀ 'ਤੇ ਆਪਣਾ ਪੱਕੇ ਤੌਰ ਕਬਜ਼ਾ ਕਰਨ ਲਈ ਅਤੇ ਇੱਥੇ ਆਪਣੀ ਵਸੋਂ ਵਸਾਉਣ ਲਈ ਅਤੇ ਆਪਣੇ ਰਾਜ ਹੇਠਲੇ ਅਪਰਾਧੀ ਕਿਸਮ ਦੇ ਅਪਰਾਧੀ ਲੋਕਾਂ ਨੂੰ ਕਾਲੇ ਪਾਣੀ ਦੀ ਸਜ਼ਾ ਦੇਣ ਲਈ ਕੈਪਟਨ ਓਰਥਰ ਫਿਲਿਪਸ ਦੀ ਰਹਿਨੁਮਾਈ ਹੇਠ ਗਿਆਰਾਂ ਬੇੜੇ 1788 ਵਿਚ ਭੇਜੇ। ਇਨ੍ਹਾਂ ਬੇੜਿਆਂ ਵਿਚ ਕਲੋਨੀਆਂ ਬਣਾਉਣ ਵਾਲਾ ਕੁੱਝ ਸਮਾਨ ਅਤੇ 1500 ਦੇ ਕਰੀਬ ਇਨਸਾਨ ਸਨ। ਜਿਨ੍ਹਾਂ ਵਿਚ ਪੰਦਰਾਂ ਅਫਸਰ ਸਨ ਤੇ 778 ਅਪਰਾਧੀ ਕਿਸਮ ਦੇ ਲੋਕ ਸਨ, ਜਿਨ੍ਹਾਂ ਵਿਚ 14 ਅਪਰਾਧੀ ਕਿਸਮ ਦੇ ਬੱਚੇ ਵੀ ਸਨ ਅਤੇ 192 ਅਪਰਾਧੀ ਕਿਸਮ ਦੀਆਂ ਜਨਾਨੀਆਂ ਅਤੇ 586 ਅਪਰਾਧੀ ਕਿਸਮ ਦੇ ਆਦਮੀ ਸਨ ਅਤੇ ਹੋਰ ਕਾਮੇ ਸਨ। ਜਿਨ੍ਹਾਂ ਨੇ ਆਸਟ੍ਰੇਲੀਆ ਦੀ ਸਟੇਟ ਨਿਊ ਸਊਥ ਵੇਲਜ਼ ਦੀ ਧਰਤੀ ਵਿਖੇ ਪਹੁੰਚ ਕੇ 26 ਜਨਵਰੀ 1788 ਨੂੰ ਆਪਣੀ ਬ੍ਰਿਟਿਸ਼ ਸਰਕਾਰ ਦਾ ਝੰਡਾ ਗੱਡ ਕੇ ਸਾਰੀ ਦੁਨੀਆਂ ਨੂੰ ਸੁਨੇਹਾ ਦਿੱਤਾ ਕਿ ਇਹ ਬਿਨਾ ਨਾਮ ਵਾਲੀ ਦੱਖਣੀ ਪਾਸੇ ਵਾਲੀ ਵਿਹਲੀ ਪਈ ਧਰਤੀ ਅਸੀਂ ਲੱਭੀ ਹੈ। ਅੱਜ ਤੋਂ ਬਾਅਦ ਇਸ ਧਰਤੀ ਦੇ ਅਸਲੀ ਮਾਲਕ ਅਸੀਂ ਹਾਂ ਅਤੇ ਇਹ ਧਰਤੀ ਬ੍ਰਿਟਿਸ਼ ਸਰਕਾਰ ਦਾ ਹਿੱਸਾ ਹੈ। ਜਿਸ 'ਤੇ ਉਹੀ ਲੋਕ ਅੱਜ ਤੱਕ ਕਬਜ਼ਾ ਕਰੀ ਬੈਠੇ ਹਨ, ਇਸ ਧਰਤੀ ਦੇ ਅਸਲੀ ਮਾਲਕਾਂ ਨਾਲ ਤਾਂ ਇਨ੍ਹਾਂ ਲੋਕਾਂ ਨੇ ਜਾਨਵਰਾਂ ਵਰਗਾ ਸਲੂਕ ਕੀਤਾ ਸੀ। ਜਿਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਵੀ ਮਸਾਂ ਬਾਕੀ ਦੁਨੀਆਂ ਦੇ ਦਬਾਓ ਕਾਰਨ ਸਾਰੇ ਆਸਟ੍ਰੇਲੀਆ ਵਿਚ 1967 ਵਿਚ ਹੀ ਦਿੱਤਾ ਗਿਆ ਹੈ। ਹਜ਼ਾਰਾਂ ਸਾਲਾਂ ਤੋਂ ਇਸ ਧਰਤੀ 'ਤੇ ਰਹਿ ਰਹੇ ਇਨ੍ਹਾਂ ਲੋਕਾਂ ਨੂੰ ਆਪਣੇ ਮੌਲਿਕ ਅਧਿਕਾਰਾਂ ਸਮੇਤ ਹੋਰ ਹੱਕ ਵੀ ਦੁਨੀਆਂ ਦੇ ਵਿਕਸਿਤ ਦੇਸ਼ਾਂ ਦੇ ਦਬਾਓ ਪਾਉਣ 'ਤੇ ਮਸਾਂ ਹੀ 179 ਸਾਲਾਂ ਦੀ ਬੜੀ ਜੱਦੋ-ਜਹਿਦ ਕਰਨ ਬਾਅਦ ਮਿਲੇ ਹਨ।

ਦੂਜੇ ਪਾਸੇ ਵਿਗਿਆਨੀਆਂ ਦੀ ਕੀਤੀ ਗਈ ਖੋਜ ਇਹ ਦਰਸਾਉਂਦੀ ਹੈ ਕਿ ਇਹ ਦੇਸ਼ 4230 ਸਾਲ ਪਹਿਲਾਂ ਸਭ ਤੋਂ ਪਹਿਲਾਂ ਭਾਰਤੀਆਂ ਨੇ ਲੱਭਿਆ ਸੀ। ਜਿਹੜੇ ਕਿ ਓਬਰਿਜਨਲ ਲੋਕਾਂ ਵਿਚ ਹੀ ਜਜ਼ਬ ਹੋ ਗਏ, ਜਿਨਾਂ ਵਿਚ 11% ਜੀਨ ਭਾਰਤੀ ਨਸਲ ਦਾ ਹਿੱਸਾ ਹਨ। ਜਿਨ੍ਹਾਂ ਦੀਆਂ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਵੀ ਰਲਦੇ-ਮਿਲਦੇ ਹਨ। ਜੇ ਕਿਧਰੇ ਚੋਰੀ ਕੀਤੀ ਨਸਲ ਤੋਂ ਪਹਿਲੀਆਂ ਨਸਲਾਂ ਨੂੰ ਮਾਰਿਆ ਨਾ ਜਾਂਦਾ, ਤਾਂ ਅੱਜ ਹੋਰ ਵੀ ਬਹੁਤ ਸਾਰੀਆਂ ਸੱਚਾਈਆਂ ਸਾਹਮਣੇ ਆ ਸਕਦੀਆਂ ਸਨ, ਜਿਹੜੀਆਂ ਕਿ ਜ਼ੁਲਮ ਦੀ ਭੇਟ ਚੜ੍ਹ ਗਈਆਂ ਹਨ।

# ਹਰਿ ਕੇ ਨਾਮ ਕਬੀਰ ਉਜਾਗਰ

## ਜਨਮ ਦਿਵਸ 'ਤੇ ਵਿਸ਼ੇਸ਼

-ਜਸਵਿੰਦਰ ਸਿੰਘ ਰੁਪਾਲ
98147-15796
ਪੰਜਾਬ ਮੇਲ USA



ਪ੍ਰਭੂ ਪ੍ਰੇਮ ਵਿਚ ਰੱਤੇ, ਆਪਣੇ ਸਮਾਜਿਕ ਅਤੇ ਰਾਜਨੀਤਿਕ ਹਾਲਾਤਾਂ 'ਤੇ ਤਿੱਖੀ ਚੋਟ ਕਰਨ ਵਾਲੇ ਅਤੇ ਰੂੜ੍ਹੀਵਾਦੀ ਪ੍ਰੰਪਰਾਵਾਂ ਦਾ ਡੱਟ ਕੇ ਵਿਰੋਧ ਕਰਨ ਵਾਲੇ ਭਗਤ ਕਬੀਰ ਜੀ 14ਵੀਂ ਸਦੀ ਦੇ ਅਖੀਰ ਵਿਚ ਜਨਮੇ ਇਕ ਐਸੇ ਇਨਕਲਾਬੀ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਦਾ ਜੀਵਨ ਅਤੇ ਬਾਣੀ ਸਦੀਆਂ ਤੱਕ ਸਮਾਜ ਨੂੰ ਸੇਧ ਦਿੰਦੀ ਰਹੇਗੀ। ਕਿਸੇ ਮਹਾਂਪੁਰਸ਼ ਦੇ ਦਿਨ ਮਨਾਉਣ ਦਾ ਮਕਸਦ ਵੀ ਤਦ ਹੀ ਪੂਰਾ ਹੁੰਦਾ ਹੈ, ਜੇ ਉਸ ਦੀਆਂ ਸਿੱਖਿਆਵਾਂ 'ਤੇ ਅਮਲ ਕਰਕੇ ਆਪਣੇ ਜੀਵਨ ਨੂੰ ਸਫਲ ਬਣਾਇਆ ਜਾ ਸਕੇ।

ਭਗਤਾਂ, ਸੰਤਾਂ, ਗੁਰੂਆਂ ਆਦਿ ਦੇ ਜੀਵਨ ਬਿਰਤਾਂਤ ਸੰਬੰਧੀ ਭਰੋਸੇਯੋਗ ਸਰੋਤਾਂ ਦੇ ਘੱਟ ਹੋਣ ਕਾਰਨ ਉਨ੍ਹਾਂ ਦੇ ਜੀਵਨ ਬਾਰੇ ਕੁਝ ਭੁਲੇਖੇ ਅਕਸਰ ਹੀ ਮਿਲਦੇ ਹਨ। ਇਹ ਗੱਲ ਕਬੀਰ ਜੀ 'ਤੇ ਵੀ ਲਾਗੂ ਹੁੰਦੀ ਹੈ। ਉਨ੍ਹਾਂ ਦੇ ਜਨਮ ਸਥਾਨ, ਜਨਮ ਤਾਰੀਖ, ਜੀਵਨ ਆਦਿ ਬਾਰੇ ਸਾਰੇ ਵਿਦਵਾਨ ਅਤੇ ਲਿਖਾਰੀ ਇੱਕ ਮੱਤ ਨਹੀਂ ਹਨ। ਉਨ੍ਹਾਂ ਦਾ ਜਨਮ ਇੱਕ ਮੁਸਲਮਾਨ ਜੁਲਾਹੇ ਦੇ ਘਰ ਹੋਇਆ ਮੰਨਿਆ ਜਾਂਦਾ ਹੈ। ਕੁਝ ਵਿਦਵਾਨਾਂ ਅਨੁਸਾਰ ਇਹ ਕਿਸੇ ਬ੍ਰਾਹਮਣ ਪਰਿਵਾਰ 'ਚ ਜਨਮੇ ਸੀ, ਪਰ ਪਰਿਵਾਰ ਵਲੋਂ ਬਾਹਰ ਸੁੱਟ ਦਿੱਤੇ ਗਏ ਸੀ, ਜਿਥੋਂ ਇਕ ਜੁਲਾਹੇ ਨੀਰੂ ਨੇ ਚੁੱਕਿਆ ਅਤੇ ਆਪਣੀ ਪਤਨੀ ਨੀਮਾ ਸਮੇਤ ਪਾਲਿਆ। ਇਨ੍ਹਾਂ ਦਾ ਜਨਮ 1398 ਵਿਚ ਹੋਇਆ ਮੰਨਿਆ ਜਾਂਦਾ ਹੈ। ਜੁਲਾਹਾ ਜਾਤ ਉਸ ਸਮੇਂ ਦੇ ਸਮਾਜ ਲਈ ਇੱਕ ਨੀਵੀਂ ਜਾਤ ਸੀ ਅਤੇ ਅਛੂਤ ਮੰਨੀ ਜਾਂਦੀ ਸੀ, ਜਿਸ ਕਾਰਨ ਸਮਾਜ ਦੇ ਕਥਿਤ ਉੱਚ ਵਰਗ ਵੱਲੋਂ ਛੂਤ-ਛਾਤ ਦੇ ਵਿਤਕਰੇ ਦਾ ਸਾਹਮਣਾ ਕਬੀਰ ਜੀ ਨੂੰ ਕਰਨਾ ਪਿਆ। ਕਬੀਰ ਜੀ ਦੀ 30 ਸਾਲ ਦੀ ਉਮਰ ਵਿਚ ਲੋਈ ਨਾਲ ਸ਼ਾਦੀ ਹੋਈ ਪਰ ਇਸ ਸ਼ਾਦੀ ਬਾਰੇ ਵੀ ਅਸਚਰਜ ਸਾਖੀਆਂ ਜੁੜੀਆਂ ਹੋਈਆਂ ਹਨ ਕਿ ਕਿਵੇਂ ਲੋਈ ਵੀ ਇੱਕ ਸੰਤ ਨੇ ਨਦੀ ਵਿਚ ਰੁੜ੍ਹੀ ਜਾਂਦੀ ਨੂੰ ਬਚਾ ਕੇ ਪਾਲਿਆ ਸੀ ਅਤੇ ਕਬੀਰ ਨਾਲ ਮਿਲਾਪ ਸਮੇਂ ਵੀ ਕੁਝ ਕਰਾਮਾਤੀ ਘਟਨਾਵਾਂ ਦਾ ਵਰਨਣ ਮਿਲਦਾ ਹੈ। ਇਸੇ ਤਰ੍ਹਾਂ ਪੁੱਤਰ ਕਮਾਲ ਅਤੇ ਧੀ ਕਮਾਲੀ ਨਾਲ ਵੀ ਕਰਾਮਾਤੀ ਘਟਨਾਵਾਂ ਹਨ, ਜਿਨ੍ਹਾਂ ਬਾਰੇ ਅਸੀਂ ਜ਼ਿਕਰ ਕਰਨ ਦੀ ਲੋੜ ਨਹੀਂ ਸਮਝਦੇ। ਕਿਉਂਕਿ ਇਹ ਅਕਸਰ ਹੀ ਹੁੰਦਾ ਹੈ ਕਿ ਸੰਤ ਮਹਾਂਪੁਰਸ਼ਾਂ ਦੇ ਜੀਵਨ ਬਾਰੇ ਕੁਝ ਕਰਾਮਾਤੀ ਸਾਖੀਆਂ ਜੁੜ ਜਾਂਦੀਆਂ ਹਨ।

ਕਬੀਰ ਜੀ ਦਾ ਗੁਰੂ ਰਾਮਾਨੰਦ ਜੀ ਨੂੰ ਮੰਨਿਆ ਜਾਂਦਾ ਹੈ। ਕਬੀਰ ਜੀ ਸ਼ੂਦਰ ਜਾਤ ਨਾਲ ਸੰਬੰਧਿਤ ਸੀ ਅਤੇ ਉਸ ਸਮੇਂ ਦੀ ਸੋਚ ਅਨੁਸਾਰ ਇਸ ਜਾਤੀ ਦੇ ਲੋਕ ਧਰਮ ਸਿੱਖਣ ਲਈ ਕਿਸੇ ਕਥਿਤ ਉੱਚ ਜਾਤੀਏ ਨੂੰ ਗੁਰੂ ਨਹੀਂ ਸੀ ਧਾਰ ਸਕਦੇ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਭਗਤ ਕਬੀਰ ਜੀ ਦੇ ਰਾਮਾਨੰਦ ਜੀ ਦਾ ਆਪਣੇ ਗੁਰੂ ਨਾਲ ਮਿਲਾਪ ਅਤੇ ਅਧਿਆਤਮਕ ਸਿੱਖਿਆ ਲੈਣ ਦਾ ਬਿਰਤਾਂਤ ਲਿਖਿਆ ਹੈ:-

ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦੁ ਗੁਸਾਈਂ॥
ਅੰਮ੍ਰਿਤ ਵੇਲੇ ਉਠਿ ਕੈ ਜਾਂਦਾ ਗੰਗਾ ਨ੍ਹਾਵਣ ਤਾਈਂ॥
ਅਗੋ ਹੀ ਦੇ ਜਾਇ ਕੈ ਲੰਮਾ ਪਿਆ ਕਬੀਰ ਤਿਥਾਈਂ॥
ਪੈਰੀਂ ਟੁੰਬ ਉਠਾਲਿਆ 'ਬੋਲਹੁ ਰਾਮ' ਸਿਖ ਸਮਝਾਈ॥... ... ... ... ... (ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੧੫)

ਭਾਵ ਰਾਮਾਨੰਦ ਜੀ ਦੇ ਨਦੀ 'ਤੇ ਪੁੱਜਣ ਤੋਂ ਪਹਿਲਾਂ ਹੀ ਕਬੀਰ ਜੀ ਉਥੇ ਪੁੱਜ ਗਏ ਅਤੇ ਉਨ੍ਹਾਂ ਦੇ ਰਸਤੇ ਵਿਚ ਲੰਮੇ ਪੈ ਗਏ। ਰਾਮਾਨੰਦ ਜੀ ਆਏ, ਕਬੀਰ ਨੂੰ ਪੈਰ ਦਾ ਠੁੱਡਾ ਲੱਗਿਆ ਅਤੇ ਉਹ ਬੋਲੇ, "ਉੱਠ ਭਾਈ! ਰਾਮ ਰਾਮ ਕਹਿ।" ਇਸ ਤਰ੍ਹਾਂ ਸ਼ਾਗਿਰਦ ਨੂੰ ਗੁਰ ਮੰਤਰ ਮਿਲ ਗਿਆ।

ਸਾਡਾ ਸੋਚ ਦਾ ਕੇਂਦਰੀ ਧੁਰਾ ਕਬੀਰ ਜੀ ਦੀ ਬਾਣੀ ਅਤੇ ਉਸ ਵਿਚੋਂ ਵੀ ਬਗਾਵਤੀ ਅਤੇ ਵਿਦਰੋਹੀ ਅੰਸ਼ ਬਾਰੇ ਵਿਚਾਰ ਕਰਨੀ ਹੈ। ਇਸ ਲਈ ਉਨ੍ਹਾਂ ਦੇ ਜੀਵਨ ਬਾਰੇ, ਜਨਮ ਬਾਰੇ, ਪਰਿਵਾਰ ਬਾਰੇ, ਉਨ੍ਹਾਂ ਦੀ ਜਾਤ ਅਤੇ ਧਰਮ ਬਾਰੇ ਵੱਖ-ਵੱਖ ਲੇਖਕਾਂ ਅਤੇ ਵਿਦਵਾਨਾਂ ਦੇ ਵੱਖ-ਵੱਖ ਵਿਚਾਰਾਂ ਨੂੰ ਛੱਡਦੇ ਹੋਏ ਉਨ੍ਹਾਂ ਦੀ ਲਿਖਤ ਵੱਲ ਆਉਂਦੇ ਹਾਂ।

**ਕਬੀਰ ਨਾਮ ਹੇਠ ਰਚਿਤ ਬਾਣੀ:-** ਡਾਕਟਰ ਹਜਾਰਾ ਪ੍ਰਸਾਦ ਦ੍ਵਿਵੇਦੀ ਆਪਣੀ ਪੁਸਤਕ ਕਬੀਰ ਵਿਚ ਲਿਖਦੇ ਹਨ, "ਕਬੀਰ ਦਾਸ ਦੇ ਨਾਮ ਪੁਰ ਜੋ ਬਾਣੀਆਂ ਮਿਲਦੀਆਂ ਹਨ, ਉਨ੍ਹਾਂ ਦਾ ਕੋਈ ਹਿਸਾਬ ਨਹੀਂ ਹੈ, ਕਬੀਰ ਪੰਥੀ ਲੋਕਾਂ ਦਾ ਵਿਸ਼ਵਾਸ ਹੈ ਕਿ ਸਦਗੁਰੂ (ਕਬੀਰ) ਦੀ ਬਾਣੀ ਅਨੰਤ ਹੈ। ਇਹ ਸਾਰੇ ਮੰਨਦੇ ਹਨ ਕਿ ਕਬੀਰ ਜੀ ਨੇ ਕਦੇ ਕਾਗਜ਼ ਕਲਮ ਨੂੰ ਛੋਹਿਆ ਤੱਕ ਵੀ ਨਹੀਂ ਸੀ। ਸਪੱਸ਼ਟ ਹੈ ਕਿ ਉਨ੍ਹਾਂ ਦੇ ਮੌਖਿਕ ਉਪਦੇਸ਼ ਨੂੰ ਉਨ੍ਹਾਂ ਦੇ ਚੇਲਿਆਂ ਨੇ ਪਿੱਛੋਂ ਲਿਖਿਆ ਹੋਏਗਾ। ਕਬੀਰ ਦਾਸ ਦੇ ਨਾਮ ਹੇਠ 6 ਦਰਜਨ ਦੇ ਕਰੀਬ ਪੁਸਤਕਾਂ ਮਿਲਦੀਆਂ ਹਨ। ਇਨ੍ਹਾਂ ਵਿਚ ਰਮੈਨੀ, ਸ਼ਬਦ, ਗਿਆਨ ਚੌਂਤੀਸਾ, ਵਿਪ੍ਰਬਤੀਸੀ, ਕਹਰਾ ਵਸੰਤ, ਚਾਚਰ, ਬੇਲੀ, ਬਿਰਹੁਲੀ ਹਿੰਡੋਲਾ ਅਤੇ ਸਾਖੀ ਇਹ ਗਿਆਰਾਂ ਅੰਗ ਹਨ। ਇਨ੍ਹਾਂ ਵਿਚੋਂ ਇੱਕ ਇੱਕ ਵਿਭਾਗ ਨੂੰ ਅੱਡ-ਅੱਡ ਕਰਕੇ ਕਈ ਵਾਰ ਸੁਤੰਤਰ ਪੋਥੀ ਬਣਾ ਦਿੱਤੀ ਜਾਂਦੀ ਹੈ। ਪ੍ਰੋ. ਰਾਮ ਕੁਮਾਰ ਵਰਮਾ ਅਤੇ ਹੋਰ ਵਿਦਵਾਨ ਖੋਜੀਆਂ ਨੇ ਕਬੀਰ ਸਾਹਿਬ ਦੇ ਜਿਊਂਦੇ ਹੁੰਦੇ ਵੀ ਉਨ੍ਹਾਂ ਦੀ ਬਾਣੀ ਵਿਚ ਰਲਾਅ ਦੀ ਗੱਲ ਵੀ ਆਖੀ ਹੈ। ਬਹੁਤੇ ਵਿਸਥਾਰ ਵਿਚ ਨਾ ਜਾਂਦੇ ਕਬੀਰ ਜੀ ਦੀਆਂ ਰਚੀਆਂ ਪ੍ਰਮੁੱਖ ਲਿਖਤਾਂ ਹੇਠ ਲਿਖੀਆਂ ਹਨ:-

ਬੀਜਕ
ਕਬੀਰ ਗ੍ਰੰਥਾਵਲੀ
ਸਾਖੀ ਕਬੀਰ
ਕਬੀਰ ਸਾਗਰ
ਅਨੁਰਾਗ ਸਾਗਰ
ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ

ਇਨ੍ਹਾਂ ਸਾਰੇ ਗ੍ਰੰਥਾਂ ਦੇ ਰਚਨਹਾਰ ਬਾਬਤ ਵੱਖ-ਵੱਖ ਵਿਚਾਰਧਾਰਾਵਾਂ ਪ੍ਰਚੱਲਿਤ ਹਨ। ਉਹ ਬਾਣੀ ਜੋ ਕਬੀਰ ਜੀ ਦੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹੈ, ਬਾਰੇ ਸਾਰੇ ਵਿਦਵਾਨ ਅਤੇ ਲਿਖਾਰੀ ਇੱਕ ਮੱਤ ਹਨ ਕਿ ਇਹ ਪ੍ਰਮਾਣਿਤ ਬਾਣੀ ਹੈ ਅਤੇ ਕਬੀਰ ਸਾਹਿਬ ਜੀ ਦੀ ਆਪਣੀ ਲਿਖੀ ਹੋਈ ਬਾਣੀ ਹੈ। (ਗੁਰੂ ਨਾਨਕ ਜੀ ਨੇ ਇਸ ਸ਼ੁੱਧਤਾ ਦੀ ਚੋਣ ਕਿਵੇਂ ਕੀਤੀ ਹੋਏਗੀ, ਇਹ ਇੱਕ ਹੈਰਾਨੀ ਅਤੇ ਖੁਸ਼ੀ ਭਰਿਆ ਸੱਚ ਹੈ।) ਇਸ ਲਈ ਅਸੀਂ ਇਸ ਕਬੀਰ ਬਾਣੀ ਨੂੰ, ਜਿਹੜੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਆਧਾਰ ਬਣਾਵਾਂਗੇ ਅਤੇ ਇਸੇ ਤੋਂ ਹੀ ਕਬੀਰ ਜੀ ਦੀ ਇਨਕਲਾਬੀ ਸੋਚ ਨੂੰ ਲੱਭਣ ਦਾ ਯਤਨ ਕਰਾਂਗੇ।

**ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਬੀਰ ਬਾਣੀ:-** ਗੁਰੂ ਗ੍ਰੰਥ ਸਾਹਿਬ ਜੀ ਵਿਚ ਕਬੀਰ ਜੀ ਦੇ ਕੁੱਲ 225 ਸ਼ਬਦ ਦਰਜ ਹਨ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਰਾਗਾਂ ਵਿਚੋਂ 15 ਰਾਗਾਂ ਵਿਚ ਲਿਖੇ ਗਏ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਸ਼ਬਦ ਗਉੜੀ ਰਾਗ ਵਿਚ 74 ਸ਼ਬਦ ਅਤੇ ਸਭ ਤੋਂ ਘੱਟ ਤਿਲੰਗ ਰਾਗ ਵਿਚ ਕੇਵਲ ਇੱਕ ਸ਼ਬਦ ਹਨ। ਬਾਵਨ ਅੱਖਰੀ, ਥਿਤੀ, ਵਾਰ ਸਤ ਵੀ ਗਉੜੀ ਰਾਗ ਵਿਚ ਹੀ ਹਨ ਅਤੇ 243 ਸਲੋਕ ਰਾਗ-ਰਹਿਤ ਹਨ। ਕਬੀਰ ਬਾਣੀ ਵਿਚ ਅਵਧੀ, ਭੋਜਪੁਰੀ, ਬ੍ਰਿਜ, ਮਾਰਵਾੜੀ, ਪੰਜਾਬੀ, ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ ਮਿਲਦੀ ਹੈ।

**ਕਬੀਰ ਸਾਹਿਬ ਜੀ ਦੀ ਵਿਚਾਰਧਾਰਾ :-**

1. **ਜਾਤ-ਪਾਤ ਦਾ ਖੰਡਨ :-** ਕਬੀਰ ਜੀ ਨੂੰ ਜਾਤ ਪਾਤੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਾਰੇ ਮਨੁੱਖ ਇੱਕੋ ਹੀ ਨੂਰ ਤੋਂ ਪੈਦਾ ਹੋਏ ਹਨ। ਕੋਈ ਉੱਚਾ ਨੀਵਾਂ ਕਿਵੇਂ ਹੋ ਸਕਦਾ ਹੈ। ਉਨ੍ਹਾਂ ਡੰਕੇ ਦੀ ਚੋਟ 'ਤੇ ਕਿਹਾ:-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥.... .... .... .... (ਪੰਨਾ ੧੩੪੯, ਪ੍ਰਭਾਤੀ)

ਬ੍ਰਾਹਮਣਵਾਦ 'ਤੇ ਇਸ ਨਾਲੋਂ ਵੱਡੀ ਕਿਹੜੀ ਚੋਟ ਹੋ ਸਕਦੀ ਹੈ??

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥.... .... .... .... (ਪੰਨਾ ੩੨੪, ਗਉੜੀ ਕਬੀਰ ਜੀ)

2. **ਧਾਰਮਿਕ ਰਸਮਾਂ ਅਤੇ ਕਰਮ ਕਾਂਡਾਂ ਦਾ ਵਿਰੋਧ :-** ਕਬੀਰ ਸਾਹਿਬ ਦੇ ਸਮੇਂ ਹਿੰਦੂ ਵੀ ਅਤੇ ਮੁਸਲਮਾਨ ਵੀ ਆਪੋ ਆਪਣੇ ਮਤ ਅਨੁਸਾਰ ਕਾਫੀ ਧਾਰਮਿਕ ਰਸਮਾਂ ਅਤੇ ਕਰਮ ਕਾਂਡ ਕਰਦੇ ਸਨ, ਕਬੀਰ ਸਾਹਿਬ ਨੇ ਇਨ੍ਹਾਂ ਬਾਹਰੀ ਦਿਖਾਵੇ ਵਾਲ਼ੀਆਂ ਸਾਰੀਆਂ ਰਸਮਾਂ ਦਾ ਪੂਰੀ ਨਿਡਰਤਾ ਨਾਲ ਵਿਰੋਧ ਕੀਤਾ। ਉਦਾਹਰਣ ਲਈ ਕੁਝ ਦਾ ਹੀ ਜ਼ਿਕਰ ਕਰਾਂਗੇ - ਪਹਿਲਾਂ ਸਨਾਤਨ ਮਤ ਅਤੇ ਜੋਗ ਵਾਲਿਆਂ 'ਤੇ ਸ਼ਬਦਾਂ ਦੇ ਹਮਲੇ:-

ਨਗਨ ਫਿਰਤ ਜੌ ਪਾਈਐ ਜੋਗੁ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥..... (ਨੰਗੇ ਭਗਤੀ ਕਰਨ ਦਾ ਵਿਰੋਧ) (ਪੰਨਾ ੩੨੪, ਗਉੜੀ ਕਬੀਰ ਜੀ)

ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ॥
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ॥..... (ਠਾਕੁਰ ਪੂਜਾ ਦਾ ਵਿਰੋਧ) (ਪੰਨਾ ੧੩੭੧, ਸਲੋਕ ਭਗਤ ਕਬੀਰ ਜੀਉ ਕੇ)

ਛੋਡਹਿ ਅੰਨੁ ਕਰਹਿ ਪਾਖੰਡ॥
ਨਾ ਸੋਹਾਗਨਿ ਨਾ ਓਹਿ ਰੰਡ॥ .... .... .... .... (ਵਰਤ ਰੱਖਣ ਦਾ ਵਿਰੋਧ) (ਪੰਨਾ ੮੭੩, ਗੋਂਡ)

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠਿ ਨ ਜਾਨਾਂ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥.... .... .... .... (ਤੀਰਥ ਇਸ਼ਨਾਨ ਦਾ ਵਿਰੋਧ) (ਪੰਨਾ ੪੮੪, ਆਸਾ)

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥.... (ਪਿਤਰ ਪੂਜਾ ਦਾ ਵਿਰੋਧ)
(ਪੰਨਾ ੩੩੨, ਰਾਗੁ ਗਉੜੀ ਬੈਰਾਗਣਿ ਕਬੀਰ ਜੀ)

3. **ਇਸਲਾਮੀ ਕਰਮ ਕਾਂਡਾਂ ਦਾ ਵਿਰੋਧ :-** ਭਾਵੇਂ ਭਗਤ ਕਬੀਰ ਜੀ ਦਾ ਪਾਲਣ ਪੋਸ਼ਣ ਇੱਕ ਮੁਸਲਿਮ ਪਰਿਵਾਰ ਵਿਚ ਹੋਇਆ ਸੀ, ਪਰ ਉਹ ਸਿਰਫ ਦਿਖਾਵੇ ਦੇ ਕਰਮ ਕਾਂਡਾਂ ਦੇ ਪੂਰਨ ਤੌਰ 'ਤੇ ਵਿਰੋਧੀ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਅਤੇ ਇਹੀ ਉਨ੍ਹਾਂ ਨੇ ਪ੍ਰਚਾਰਿਆ ਵੀ ਕਿ ਸਿਰਫ ਹਿਰਦੇ ਤੋਂ ਪ੍ਰਭੂ ਨਾਲ ਪ੍ਰੀਤ ਚਾਹੀਦੀ ਹੈ, ਉਸ ਤੋਂ ਬਿਨਾਂ ਬਾਕੀ ਸਭ ਕੂੜ ਹੈ, ਝੂਠ ਹੈ। ਇਸਲਾਮੀ ਸ਼ਰਾ ਦੇ ਪਾਬੰਦ ਹੋਣ ਨਾਲੋਂ ਹਿਰਦੇ ਤੋਂ ਪ੍ਰਭੂ ਪ੍ਰੇਮ ਕਰਨਾ ਵਧੇਰੇ ਲਾਹੇਵੰਦ ਹੈ।

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ॥
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥.... (ਬਾਂਗ ਦੇਣ ਦਾ ਵਿਰੋਧ) (ਪੰਨਾ ੧੩੭੪, ਸਲੋਕ ਭਗਤ ਕਬੀਰ ਜੀਉ ਕੇ)

ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ॥
ਸਾਂਈ ਮੁਝ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ॥.... .... (ਹਜ ਦਾ ਵਿਰੋਧ) (ਪੰਨਾ ੧੩੭੫, ਸਲੋਕ ਭਗਤ ਕਬੀਰ ਜੀਉ ਕੇ)

ਇਸਲਾਮ ਦੀ ਸ਼ਰਹ ਅਨੁਸਾਰ ਔਰਤ ਨੂੰ ਮਰਦ ਵਾਂਗ ਧਾਰਮਿਕ ਕਾਰਜ ਕਰਨ ਦੀ ਇਜਾਜ਼ਤ ਨਹੀ ਹੈ। ਕਬੀਰ ਸਾਹਿਬ ਨੇ ਕਰੜੇ ਹੱਥੀਂ ਇਸ ਦੀ ਆਲੋਚਨਾ ਕੀਤੀ ਹੈ।

ਸੁੰਨਤ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥
ਅਰਧ ਸਰੀਰੀ ਨਾਰਿ ਨਾ ਛੋਡੈ ਤਾਂ ਤੇ ਹਿੰਦੂ ਹੀ ਰਹੀਐ॥.... .... .... .... (ਸੁੰਨਤ ਦਾ ਵਿਰੋਧ) (ਪੰਨਾ ੪੭੭, ਆਸਾ)

4. **ਜੀਵਨ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਹੋਣ ਦੇ ਚਾਹਵਾਨ:-** ਕਬੀਰ ਜੀ ਕਿਰਤੀ ਅਤੇ ਮਿਹਨਤੀ ਦੇ ਨਾਲ ਖੜ੍ਹੇ ਹਨ ਅਤੇ ਆਖਦੇ ਹਨ ਕਿ ਜਿੰਨੀ ਦੇਰ ਮੇਰੀ ਕੁੱਲੀ, ਗੁੱਲੀ, ਜੁੱਲੀ ਦਾ ਠੀਕ ਪ੍ਰਬੰਧ ਨਹੀਂ ਹੈ, ਉਤਨੀ ਦੇਰ ਮੈਂ ਕਿਸੇ ਵੀ ਰੱਬ ਤੋਂ ਕਿ ਲੈਣਾ ਹੈ? ਉਹ ਅਜਿਹੀ ਭਗਤੀ ਤੋਂ ਤੌਬਾ ਕਰਦੇ ਹਨ:-

ਭੂਖੇ ਭਗਤਿ ਨ ਕੀਜੈ॥
ਯਹ ਮਾਲਾ ਅਪਨੀ ਲੀਜੈ॥.... .... .... .... (ਪਹਿਲਾਂ ਮੁੱਢਲੀਆਂ ਲੋੜਾਂ ਪੂਰੀਆਂ ਹੋਣ) (ਪੰਨਾ ੬੫੬, ਰਾਗੁ ਸੋਰਠਿ)

5. **ਬ੍ਰਾਹਮਣਾਂ ਦੁਆਰਾ ਨਿੰਦਾ:-** ਬ੍ਰਾਹਮਣਾਂ ਨੇ ਆਪ ਜੀ ਦੀ ਬਹੁਤ ਜ਼ਿਆਦਾ ਨਿੰਦਾ ਕੀਤੀ ਪਰ ਭਗਤ ਜੀ ਉਸ ਤੇ ਸਗੋਂ ਖੁਸ਼ ਹੀ ਹੋਏ। ਉਨ੍ਹਾਂ ਨੇ ਆਪਣੀ ਬਾਣੀ ਵਿਚ ਨਿੰਦਾ ਹੋਣ 'ਤੇ ਖੁਸ਼ੀ ਪ੍ਰਗਟ ਕੀਤੀ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਨਿੰਦਾ ਤਾਂ ਸਗੋਂ ਵਿਅਕਤੀ ਦਾ ਸੁਧਾਰ ਕਰਦੀ ਹੈ। ਜਿਸ ਦੀ ਨਿੰਦਾ ਕੀਤੀ ਜਾਵੇ, ਉਹ ਬਹੁਤ ਲਾਭ ਵਿਚ ਰਹਿੰਦਾ ਹੈ ਅਤੇ ਨਿੰਦਾ ਕਰਨ ਵਾਲਾ ਇਸ ਸੰਸਾਰ ਵਿਚ ਵੀ ਅਤੇ ਅੱਗੇ ਵੀ ਬਹੁਤ ਕਸ਼ਟ ਝੱਲਦਾ ਹੈ।

ਨਿੰਦਉ ਨਿੰਦਉ ਮੋਕਉ ਲੋਗੁ ਨਿੰਦਉ॥
ਨਿੰਦਾ ਜਨ ਕਉ ਖਰੀ ਪਿਆਰੀ॥
ਨਿੰਦਾ ਬਾਪੁ ਨਿੰਦਾ ਮਹਤਾਰੀ॥
ਰਿਦੈ ਸੁਧ ਜਉ ਨਿੰਦਾ ਹੋਇ॥
ਹਮਰੇ ਕਪਰੇ ਨਿੰਦਕ ਧੋਇ॥.... .... .... .... (ਪੰਨਾ ੩੩੯, ਗਉੜੀ)

6. **ਜ਼ੁਲਮ ਦੇ ਸ਼ਿਕਾਰ:-** ਕਬੀਰ ਜੀ 'ਤੇ ਵਕਤ ਦੇ ਹਾਕਮਾਂ ਨੇ ਜ਼ੁਲਮ ਵੀ ਕੀਤਾ ਹੈ। ਉਸ ਸਮੇਂ ਸਿਕੰਦਰ ਖਾਂ ਲੋਧੀ ਰਾਜ ਕਰਦਾ ਸੀ। ਉਨ੍ਹਾਂ ਦੀਆਂ ਬੇਬਾਕੀ ਅਤੇ ਨਿਰਭੈਤਾ ਨਾਲ ਕੀਤੀਆਂ ਸਖ਼ਤ ਟਿੱਪਣੀਆਂ ਦੀ ਸ਼ਿਕਾਇਤ ਰਾਜੇ ਕੋਲ ਕੀਤੀ ਗਈ। ਉਨ੍ਹਾਂ ਨੂੰ ਪਾਣੀ ਵਿਚ ਡੁਬੋਇਆ ਗਿਆ, ਫੇਰ ਹਾਥੀ ਅੱਗੇ ਵੀ ਸੁੱਟਿਆ ਗਿਆ। ਪਰ ਸਮੇਂ ਦੇ ਹਾਕਮ ਸੱਚ ਦੀ ਆਵਾਜ਼ ਨੂੰ ਨਹੀਂ ਰੋਕ ਸਕੇ। ਉਹ ਆਪਣੀ ਬਾਣੀ ਵਿਚ ਜ਼ਿਕਰ ਕਰਦੇ ਹਨ:-

ਗੰਗ ਗੁਸਾਇਨਿ ਗਹਿਰ ਗੰਭੀਰ॥
ਜੰਜੀਰ ਬਾਂਧਿ ਕਰ ਖਰੇ ਕਬੀਰ॥
.....
ਗੰਗਾ ਕੀ ਲਹਿਰ ਮੇਰੀ ਟੁਟੀ ਜੰਜੀਰ॥
ਮ੍ਰਿਗਸ਼ਾਲਾ ਪਰ ਬੈਠੇ ਕਬੀਰ॥.... .... .... .... (ਪੰਨਾ ੧੧੬੨, ਭੈਰਉ ਬਾਣੀ ਭਗਤਾ ਕੀ ਕਬੀਰ ਜੀਉ)

ਇਸੇ ਤਰ੍ਹਾਂ ਹਾਥੀ ਅੱਗੇ ਸੁੱਟੇ ਜਾਣ ਦਾ ਜ਼ਿਕਰ ਕਰਦੇ ਉਹ ਲਿਖਦੇ ਹਨ:-

ਕਿਆ ਅਪਰਾਧੁ ਸੰਤ ਹੈ ਕੀਨਾ॥
ਬਾਂਧਿ ਪੋਟ ਕੁੰਚਰ ਕਉ ਦੀਨਾ॥
ਕੁੰਚਰ ਪੋਟ ਲੈ ਲੈ ਨਮਸਕਾਰੈ॥
ਬੂਝੀ ਨਹੀਂ ਕਾਜੀ ਅੰਧਿਆਰੈ॥.... .... .... .... (ਪੰਨਾ ੮੭੦, ਰਾਗੁ ਗੋਂਡ ਬਾਣੀ ਕਬੀਰ ਜੀਉ ਕੀ ਘਰੁ ੨)

7. **ਹਿੰਦੂ ਮੁਸਲਮਾਨ ਦੋਹਾਂ ਤੋਂ ਉਪਰ:-** ਕਬੀਰ ਜੀ ਕਿਸੇ ਵੀ ਪ੍ਰਚਲਿਤ ਮਜ਼ਹਬ ਦੀ ਪ੍ਰਸ਼ੰਸਾ ਨਹੀਂ ਕਰਦੇ। ਉਨ੍ਹਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਦੇ ਧਰਮਾਂ ਦੀਆਂ ਕੁਰੀਤੀਆਂ, ਕਰਮ ਕਾਂਡਾਂ ਅਤੇ ਦਿਖਾਵਿਆਂ 'ਤੇ ਭਰਵੇਂ ਵਾਰ ਕੀਤੇ ਹਨ। ਉਹ ਹੋਰ ਬਾਣੀਕਾਰਾਂ ਵਾਂਗ ਹੀ ਅਕਾਲ ਪੁਰਖ ਨੂੰ ਸਾਰੇ ਮਜ਼ਹਬਾਂ ਤੋਂ ਉੱਪਰ ਮੰਨਦੇ ਹਨ। ਉਹ ਸਾਫ ਕਹਿੰਦੇ ਹਨ ਕਿ ਹਿੰਦੂਆਂ ਅਤੇ ਮੁਸਲਮਾਨਾਂ ਦਾ ਪ੍ਰਭੂ ਇੱਕ ਹੀ ਹੈ।

ਹਿੰਦੂ ਤੁਰਕ ਕਾ ਸਾਹਿਬੁ ਏਕ॥
ਕਹ ਕਰੈ ਮੁਲਾ ਕਹ ਕਰੈ ਸੇਖ॥.... .... .... .... (ਪੰਨਾ ੧੧੫੮,ਭੈਰਉ ਬਾਣੀ ਕਬੀਰ ਜੀ ਘਰੁ ੧)

ਅਤੇ ਉਨ੍ਹਾਂ ਨੇ ਇਨ੍ਹਾਂ ਵਿਚੋਲਿਆਂ ਨੂੰ ਪੂਰਨ ਤੌਰ 'ਤੇ ਹੀ ਛੱਡ ਦਿੱਤਾ ਹੈ....

ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥
ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥.... .... .... ....(ਪੰਨਾ ੧੧੫੮, ਭੈਰਉ ਬਾਣੀ ਕਬੀਰ ਜੀ ਘਰੁ ੧)

8. **ਅੰਤਿਮ ਸਮੇਂ ਮਗਹਰ ਵਿਚ:-** ਬ੍ਰਾਹਮਣਾਂ ਵਲੋਂ ਉਸ ਸਮੇ ਲੋਕਾਂ ਵਿਚ ਇਹ ਧਾਰਨਾ ਪ੍ਰਚਲਿਤ ਕੀਤੀ ਹੋਈ ਸੀ ਕਿ ਜੋ ਕਾਸ਼ੀ ਵਿਖੇ ਮਰੇਗਾ, ਉਹ ਮੁਕਤੀ ਪ੍ਰਾਪਤ ਕਰੇਗਾ ਅਤੇ ਜੋ ਮਗਹਰ ਵਿਖੇ ਮਰੇਗਾ, ਉਹ ਮਰਨ ਉਪਰੰਤ ਭਟਕੇਗਾ। ਭਗਤ ਕਬੀਰ ਜੀ ਜਾਣਬੁੱਝ ਕੇ ਆਪਣੇ ਅੰਤਿਮ ਸਮੇਂ ਮਗਹਰ ਵਿਚ ਗਏ ਅਤੇ ਉੱਥੇ ਜਾ ਕੇ ਪ੍ਰਾਣ ਤਿਆਗੇ। ਉਨ੍ਹਾਂ ਨੇ ਇਸ ਗੱਲ ਦਾ ਜ਼ਿਕਰ ਵੀ ਆਪਣੀ ਬਾਣੀ ਵਿਚ ਕੀਤਾ ਹੈ:-

ਸਗਲ ਜਨਮੁ ਸਿਵਪੁਰੀ ਗਵਾਇਆ॥
ਮਰਤੀ ਬਾਰ ਮਗਹਰਿ ਉਠਿ ਆਇਆ॥.... .... .... .... (ਪੰਨਾ ੩੨੬, ਗਉੜੀ ਕਬੀਰ ਜੀ ਪੰਚਪਦੇ)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਉਨ੍ਹਾਂ ਦੇ ਜੀਵਨ ਵਿਚ ਵੀ ਅਤੇ ਉਨ੍ਹਾਂ ਦੀ ਬਾਣੀ ਵਿਚ ਵੀ ਸਥਾਪਿਤ ਨਿਜ਼ਾਮ ਵਿਰੁੱਧ ਭਾਰੀ ਰੋਹ ਦੀ ਆਵਾਜ਼ ਹੈ, ਭਾਵੇਂ ਉਹ ਧਾਰਮਿਕ ਅਖਵਾਉਂਦੇ ਪੰਡਿਤ, ਬ੍ਰਾਹਮਣ, ਕਾਜੀ, ਮੌਲਵੀ ਆਦਿ ਜੋ ਵੀ ਸਤਿਕਾਰਯੋਗ ਹਸਤੀਆਂ ਹੋਣ। ਪ੍ਰਭੂ ਦੇ ਪ੍ਰੇਮ ਵਿਚ ਰੰਗੇ ਹੋਣ ਕਰਕੇ ਅਤੇ ਉਸ ਦੀ ਬ੍ਰਹਿਮੰਡੀ ਸੋਚ ਨੂੰ ਪੂਰਨ ਸਮਝਣ ਕਾਰਨ ਹੀ ਕਿਸੇ ਦੇ ਅੰਦਰ ਸਥਾਪਿਤ ਤਾਕਤਾਂ ਨੂੰ ਲਲਕਾਰਨ ਦਾ ਹੌਂਸਲਾ ਆਉਂਦਾ ਹੈ।

ਉਨ੍ਹਾਂ ਦੇ ਦਿਹਾਂਤ ਬਾਰੇ ਵੀ ਸਾਰੇ ਵਿਦਵਾਨ ਇੱਕਸੁਰ ਨਹੀਂ ਹਨ। ਪਰ ਕਬੀਰ ਪੰਥੀਆਂ ਅਨੁਸਾਰ ਉਨ੍ਹਾਂ ਦੀ ਉਮਰ 120 ਸਾਲ ਸੀ ਅਤੇ ਇਸ ਤਰ੍ਹਾਂ ਉਹ 1518 ਈਸਵੀ ਨੂੰ ਮਗਹਰ ਵਿਖੇ ਆਪਣਾ ਸਰੀਰ ਤਿਆਗ ਗਏ। ਉਨ੍ਹਾਂ ਦੀ ਬਾਣੀ ਅੱਜ ਵੀ ਮਨੁੱਖਤਾ ਨੂੰ ਵਿਤਕਰੇ ਭੁਲਾ ਕੇ ਇੱਕ ਪ੍ਰਭੂ ਨਾਲ ਪ੍ਰੀਤ ਕਰਦੇ ਹੋਏ ਆਪਸੀ ਪਿਆਰ ਸਤਿਕਾਰ ਵਧਾਉਣ ਦੀ ਪ੍ਰੇਰਨਾ ਦਿੰਦੀ ਹੈ।



## ਅਮਰ ਕਥਾਵਾਂ (ਬਾਲ ਕਹਾਣੀਆਂ)

# ਗਿਆਨ ਦੀ ਹੱਦ

-ਸੁਖਦੇਵ ਸਿੰਘ ਸ਼ਾਂਤ
ਸ਼ਰਲਟ (ਇੰਡੀਆਨਾ) ਯੂ.ਐੱਸ.ਏ.
ਫੋਨ ਨੰਬਰ : 001-317-406-0002
ਵਟਸਅਪ ਨੰਬਰ : +91-98149-01254
ਪੰਜਾਬ ਮੇਲ USA



ਮਹਾਤਮਾ ਬੁੱਧ ਜੀ ਦੇ ਖਾਸ ਚੇਲੇ ਅਨੰਦ ਨੇ ਇਕ ਵਾਰ ਉਨ੍ਹਾਂ ਤੋਂ ਪੁੱਛਿਆ, "ਬੁੱਧ ਜੀ! ਗਿਆਨ ਦੀ ਹੱਦ ਕਿੱਥੇ ਹੈ? ਕੀ ਜੋ ਗਿਆਨ ਆਪ ਨੇ ਪ੍ਰਾਪਤ ਕੀਤਾ ਹੈ, ਇਸ ਤੋਂ ਵੱਧ ਹੋਰ ਵੀ ਗਿਆਨ ਹੈ ਕਿ ਨਹੀਂ?"

ਬੁੱਧ ਜੀ ਨੇ ਬੜੀ ਮਿਠਾਸ ਤੇ ਨਿਮਰਤਾ ਨਾਲ ਅਨੰਦ ਨੂੰ ਆਖਿਆ, "ਜਾਓ, ਸਾਹਮਣੇ ਖੜ੍ਹੇ ਦਰਖਤ ਹੇਠੋਂ ਪੱਤੇ ਚੁੱਕ ਕੇ ਲਿਆਓ।" ਅਨੰਦ ਨੇ ਇਵੇਂ ਹੀ ਕੀਤਾ। ਬੁੱਧ ਜੀ ਨੇ ਮੁਸਕਰਾਉਂਦੇ ਹੋਏ ਅਨੰਦ ਤੋਂ ਪੁੱਛਿਆ, "ਕੀ ਤੁਸੀਂ ਸਾਰੇ ਪੱਤੇ ਚੁੱਕ ਲਿਆਂਦੇ ਹਨ?"

"ਨਹੀਂ ਜੀ ਪੱਤੇ ਤਾਂ ਅਣਗਿਣਤ ਖਿੱਲਰੇ ਪਏ ਹਨ। ਮੈਂ ਤਾਂ ਦੋ-ਚਾਰ ਪੱਤੇ ਹੀ ਚੁੱਕ ਕੇ ਲਿਆਂਦੇ ਹਨ।" ਅਨੰਦ ਨੇ ਉੱਤਰ ਦਿੱਤਾ।

ਬੁੱਧ ਜੀ ਨੇ ਅਨੰਦ ਨੂੰ ਸਮਝਾਇਆ, "ਦਰੱਖਤ ਦੇ ਪੱਤਿਆਂ ਵਾਂਗ ਗਿਆਨ ਦੇ ਪੱਤੇ ਵੀ ਅਣਗਿਣਤ ਹਨ। ਮੈਂ ਵੀ ਦੋ-ਚਾਰ ਪੱਤੇ ਹੀ ਪ੍ਰਾਪਤ ਕੀਤੇ ਹਨ। ਗਿਆਨ ਬੇਅੰਤ ਅਤੇ ਅਥਾਹ ਹੈ। ਮੈਂ ਅਜੇ ਵੀ ਗਿਆਨ ਦੀ ਭਾਲ ਵਿਚ ਹਾਂ।"

ਤੁਹਾਨੂੰ ਪਤਾ ਹੋਵੇਗਾ, ਨਿਊਟਨ ਕਿੰਨਾ ਵੱਡਾ ਸਾਇੰਸਦਾਨ ਸੀ ਪਰ ਉਹ ਵੀ ਕਿਹਾ ਕਰਦਾ ਸੀ, "ਵਿਗਿਆਨ ਅਤੇ ਗਿਆਨ ਦਾ ਸਮੁੰਦਰ ਮੇਰੇ ਸਾਹਮਣੇ ਠਾਠਾਂ ਮਾਰ ਰਿਹਾ ਹੈ। ਮੈਂ ਇਕ ਬੱਚੇ ਵਾਂਗ ਉਸ ਦੇ ਕੰਢੇ 'ਤੇ ਬੈਠਾ ਘੋਗੇ ਚੁਣ ਰਿਹਾ ਹਾਂ।" ਪੜ੍ਹਾਈ ਦੀ ਅਤੇ ਗਿਆਨ ਦੀ ਕੋਈ ਹੱਦ ਨਹੀਂ ਹੁੰਦੀ। ਕਦੇ ਵੀ ਸਾਨੂੰ ਆਪਣੇ ਗਿਆਨ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਸਾਰੀ ਉਮਰ ਨਿੱਤ-ਨਵੀਆਂ ਗੱਲਾਂ ਸਿੱਖਦੇ ਰਹਿਣਾ ਚਾਹੀਦਾ ਹੈ। ਸਾਰੀ ਉਮਰ ਹੀ ਸਾਨੂੰ ਪੜ੍ਹਦੇ ਰਹਿਣਾ ਚਾਹੀਦਾ ਹੈ, ਤਾਂ ਕਿ ਗਿਆਨ ਵਧਦਾ ਰਹੇ।

### ਤੋੜਨਾ ਨਹੀਂ, ਜੋੜਨਾ ਸਿੱਖੋ

ਬਾਬਾ ਫ਼ਰੀਦ ਜੀ ਬਹੁਤ ਵੱਡੇ ਸੂਫ਼ੀ ਸੰਤ ਹੋਏ ਹਨ। ਆਪ ਜੀ ਦੀ ਪਵਿੱਤਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਇਕ ਵਾਰ ਆਪ ਜੀ ਦੇ ਇਕ ਚੇਲੇ ਨੇ ਇਕ ਬਹੁਤ ਸੋਹਣੀ ਕੈਂਚੀ ਤਿਆਰ ਕੀਤੀ। ਕੈਂਚੀ ਦੇ ਮੁੱਠੇ 'ਤੇ ਉਸ ਨੇ ਸੁੰਦਰ ਮੀਨਾਕਾਰੀ ਵੀ ਕੀਤੀ। ਤੋਹਫ਼ੇ ਵਜੋਂ ਉਹ ਕੈਂਚੀ ਚੇਲੇ ਨੇ ਆਪਣੇ ਮੁਰਸ਼ਦ ਬਾਬਾ ਫ਼ਰੀਦ ਜੀ ਅੱਗੇ ਲਿਆ ਰੱਖੀ।

"ਮਹਾਰਾਜ! ਇਹ ਤੁੱਛ ਭੇਟਾ ਪਰਵਾਨ ਕਰੋ।" ਚੇਲੇ ਨੇ ਬੇਨਤੀ ਕੀਤੀ।

ਬਾਬਾ ਫ਼ਰੀਦ ਜੀ ਨੇ ਕੈਂਚੀ ਨੂੰ ਬੜੇ ਧਿਆਨ ਨਾਲ ਦੇਖਿਆ। ਬਹੁਤ ਹੀ ਲਾਜਵਾਬ ਕੈਂਚੀ ਸੀ। ਬੜੀ ਉੱਤਮ ਧਾਤ ਦੀ ਬਣੀ ਹੋਈ ਅਤੇ ਮੁੱਠਾ ਤਾਂ ਦਿਲ ਨੂੰ ਖਿੱਚਦਾ ਸੀ।

ਚੇਲਾ ਖੁਸ਼ ਹੋ ਰਿਹਾ ਸੀ ਕਿ ਮੁਰਸ਼ਦ ਨੂੰ ਉਸ ਦੀ ਬਣਾਈ ਚੀਜ਼ ਪਸੰਦ ਆ ਗਈ ਹੈ।

ਬਾਬਾ ਜੀ ਬੋਲੇ, "ਭਾਈ, ਤੁਸੀਂ ਇਕ ਸੂਈ ਤਿਆਰ ਕਰ ਸਕਦੇ ਹੋ?"

"ਕਿਉਂ ਨਹੀਂ ਜੀ, ਹੁਣੇ ਹੀ ਤਿਆਰ ਕਰ ਕੇ ਲਿਆ ਸਕਦਾ ਹਾਂ।" ਚੇਲੇ ਨੇ ਉੱਤਰ ਦਿੱਤਾ।

ਬਾਬਾ ਫ਼ਰੀਦ ਜੀ ਬੋਲੇ, "ਭਾਈ ਇਹ ਕੈਂਚੀ ਲੈ ਜਾਓ। ਇਸ ਦਾ ਕੰਮ ਕੱਟਣਾ ਹੈ। ਸਾਨੂੰ ਸੂਈ ਲਿਆ ਦਿਓ। ਸੂਈ ਦਾ ਕੰਮ ਜੋੜਨਾ ਹੈ। ਸਾਡਾ ਫ਼ਕੀਰਾਂ ਦਾ ਕੰਮ ਤੋੜਨਾ ਜਾਂ ਕੱਟਣਾ ਨਹੀਂ ਹੈ। ਅਸੀਂ ਤਾਂ ਜੋੜਨ ਦਾ ਕੰਮ ਕਰਨਾ ਹੈ।"

ਚੇਲੇ ਨੂੰ ਮੁਰਸ਼ਦ ਦੀ ਗੱਲ ਸਮਝ ਆ ਗਈ। ਉਹ ਚਰਨਾਂ 'ਤੇ ਢਹਿ ਪਿਆ।

ਸਾਨੂੰ ਵੀ ਸੂਈ ਵਾਂਗ ਇਕ ਦੂਜੇ ਨੂੰ ਜੋੜਨਾ ਚਾਹੀਦਾ ਹੈ। ਘਰ ਵਿਚ, ਗੁਆਂਢ ਵਿਚ ਅਤੇ ਸਮਾਜ ਵਿਚ ਫੁੱਟ ਪਾਉਣ ਦਾ ਕੰਮ ਨਹੀਂ ਕਰਨਾ ਚਾਹੀਦਾ। ਪ੍ਰੇਮ-ਪਿਆਰ ਨਾਲ ਰਹਿਣਾ ਚਾਹੀਦਾ ਹੈ। ਸਮਾਜ ਵਿਚ ਵੰਡੀਆਂ ਪਾਉਣਾ ਅਤੇ ਲੋਕਾਂ ਨੂੰ ਆਪਸ ਵਿਚ ਲੜਾਉਣਾ ਚੰਗਾ ਕੰਮ ਨਹੀਂ। ਬਾਬਾ ਫ਼ਰੀਦ ਜੀ ਤੋਂ ਸਾਨੂੰ ਪ੍ਰੇਮ-ਪਿਆਰ, ਨਿਮਰਤਾ ਅਤੇ ਮਿਠਾਸ ਦੀ ਸਿੱਖਿਆ ਲੈਣੀ ਚਾਹੀਦੀ ਹੈ।

### ਲਾਲਚ ਦਾ ਤਿਆਗ

ਭਗਤ ਰਵਿਦਾਸ ਜੀ ਇਕ ਸੱਚੇ-ਸੁੱਚੇ ਕਿਰਤੀ ਅਤੇ ਰੱਬ ਦੇ ਭਗਤ ਸਨ। ਆਪ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਿਲ ਹੋਣ ਦਾ ਸਨਮਾਨ ਪ੍ਰਾਪਤ ਹੈ।

ਇਕ ਵਾਰ ਇਕ ਸਾਧੂ ਆਪ ਜੀ ਪਾਸ ਰਾਤ ਰਹਿਣ ਲਈ ਠਹਿਰਿਆ। ਆਪ ਜੀ ਨੇ ਅਤੇ ਆਪ ਜੀ ਦੀ ਪਤਨੀ ਨੇ ਜੋ ਕੁਝ ਵੀ ਘਰ ਵਿਚ ਖਾਣ ਨੂੰ ਮੌਜੂਦ ਸੀ, ਬੜੇ ਪਿਆਰ ਨਾਲ ਉਸ ਸਾਧੂ ਅੱਗੇ ਪਰੋਸਿਆ। ਉਸ ਦੀ ਸੇਵਾ ਕਰਨ ਵਿਚ ਆਪ ਨੇ ਕੋਈ ਕਸਰ ਨਾ ਛੱਡੀ।

ਸਾਧੂ ਭਗਤ ਜੀ ਦੀ ਸੇਵਾ-ਭਾਵਨਾ 'ਤੇ ਬੜਾ ਖੁਸ਼ ਹੋਇਆ। ਉਸ ਨੇ ਜਾਣ ਲੱਗਿਆਂ ਪਾਰਸ ਦਾ ਇਕ ਟੁਕੜਾ ਭਗਤ ਜੀ ਨੂੰ ਦੇਣ ਦੀ ਕੋਸ਼ਿਸ਼ ਕਰਦਿਆਂ ਕਿਹਾ, "ਆਹ ਲਓ, ਇਹ ਪਾਰਸ ਹੈ। ਇਸ ਨੂੰ ਰੱਖ ਲਵੋ। ਲੋਹੇ ਦੀ ਜਿਸ ਚੀਜ਼ ਨੂੰ ਇਹ ਛੂਹੇਗਾ, ਉਹ ਸੋਨੇ ਦੀ ਹੋ ਜਾਵੇਗੀ।"

ਭਗਤ ਰਵਿਦਾਸ ਜੀ ਨੇ ਉੱਤਰ ਦਿੱਤਾ, "ਇਹ ਮੇਰੇ ਕਿਸ ਕੰਮ ਹੈ? ਮੈਂ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਆਪਣਾ ਅਤੇ ਆਪਣੇ ਟੱਬਰ ਦਾ ਪੇਟ ਪਾਲ ਲੈਂਦਾ ਹਾਂ।"

ਸਾਧੂ ਪਾਰਸ ਦੇਣ ਲਈ ਜ਼ਿੱਦ 'ਤੇ ਅੜਿਆ ਰਿਹਾ। ਭਗਤ ਜੀ ਨੇ ਆਖ਼ਰ ਲਾਪ੍ਰਵਾਹੀ ਨਾਲ ਕਹਿ ਦਿੱਤਾ, "ਝੁੱਗੀ ਦੇ ਉਸ ਖੂੰਜੇ ਵਿਚ ਰੱਖ ਦਿਓ।"

ਸਾਧੂ ਨੇ ਪਾਰਸ ਰੱਖ ਦਿੱਤਾ ਅਤੇ ਚਲਾ ਗਿਆ। ਰਾਹ ਵਿਚ ਸਾਧੂ ਸੋਚਦਾ ਗਿਆ ਕਿ ਭਗਤ ਜੀ ਐਵੇਂ ਝਿਜਕ ਵਿਖਾਉਂਦੇ ਰਹੇ ਨੇ। ਬਾਅਦ ਵਿਚ ਆਪੇ ਪਾਰਸ ਦਾ ਫਾਇਦਾ ਉਠਾ ਲੈਣਗੇ ਤੇ ਅਮੀਰ ਬਣ ਜਾਣਗੇ।

ਪੂਰੇ ਸਾਲ ਬਾਅਦ ਸਾਧੂ ਦੁਬਾਰਾ ਉਥੇ ਆਇਆ। ਉਹੀ ਪੁਰਾਣੀ ਝੁੱਗੀ ਦੇਖ ਕੇ ਹੈਰਾਨ ਰਹਿ ਗਿਆ। ਭਗਤ ਜੀ ਆਪਣੇ ਕੰਮ ਵਿਚ ਮਗਨ ਸਨ। ਪਾਰਸ ਬਾਰੇ ਪੁੱਛਣ 'ਤੇ ਉਨ੍ਹਾਂ ਨੇ ਆਖਿਆ, "ਮਹਾਤਮਾ ਜੀ, ਜਿੱਥੇ ਰੱਖ ਕੇ ਗਏ ਸਓ, ਉਥੋਂ ਲੈ ਲਵੋ।" ਸੱਚਮੁੱਚ ਹੀ ਪਾਰਸ ਝੁੱਗੀ ਦੇ ਉਸੇ ਖੂੰਜੇ ਵਿਚ ਉਸੇ ਤਰ੍ਹਾਂ ਪਿਆ ਸੀ। ਸਾਧੂ ਧੰਨ-ਧੰਨ ਕਰ ਉਠਿਆ।

ਸੱਚੀ-ਸੁੱਚੀ ਕਿਰਤ ਦੀ ਕਮਾਈ ਹੀ ਅਸਲ ਕਮਾਈ ਹੁੰਦੀ ਹੈ। ਬਿਨਾ ਮਿਹਨਤ ਤੋਂ ਮਿਲੇ ਧਨ ਦਾ ਕੋਈ ਸੁੱਖ ਨਹੀਂ ਹੁੰਦਾ। ਰੱਬ ਦੇ ਸੱਚੇ ਭਗਤ ਲਾਲਚ ਨੂੰ ਆਪਣੇ ਨੇੜੇ ਨਹੀਂ ਢੁੱਕਣ ਦਿੰਦੇ।

### ਮਨ ਦੀ ਹਾਜ਼ਰੀ

ਇਕ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਕੁਝ ਸਿੰਘਾਂ ਨੇ ਬੇਨਤੀ ਕੀਤੀ, "ਮਹਾਰਾਜ ਜੇਕਰ ਆਪ ਜੀ ਦੀ ਆਗਿਆ ਹੋਵੇ ਤਾਂ ਅਸੀਂ ਨਾਲ ਦੇ ਪਿੰਡ ਵਿਚ ਇਕ ਨਾਟ-ਮੰਡਲੀ ਦਾ ਪ੍ਰੋਗਰਾਮ ਦੇਖ ਆਈਏ।"

ਗੁਰੂ ਜੀ ਨੇ ਆਗਿਆ ਦੇ ਦਿੱਤੀ। ਸਿੰਘ ਬਹੁਤ ਖੁਸ਼ ਹੋਏ। ਨਿੱਤ ਦੇ ਸੰਘਰਸ਼ ਭਰੇ ਜੀਵਨ ਵਿਚ ਕੁਝ ਮਨੋਰੰਜਨ ਕਰਨ ਦਾ ਉਨ੍ਹਾਂ ਦੇ ਦਿਲ ਵਿਚ ਮੰਤਵ ਸੀ। ਕੁਝ ਸਿੰਘ ਤਾਂ ਚਲੇ ਗਏ ਪਰ ਬਾਕੀ ਦੇ ਗੁਰੂ ਜੀ ਪਾਸ ਹੀ ਠਹਿਰ ਗਏ। ਚਾਰੇ ਪਾਸਿਆਂ ਤੋਂ ਵਿਰੋਧੀ ਫੌਜ ਦਾ ਖ਼ਤਰਾ ਮੌਜੂਦ ਸੀ। ਇਸ ਲਈ ਬਹੁਤ ਸਾਰੇ ਸਿੰਘਾਂ ਨੇ ਗੁਰੂ ਜੀ ਦੇ ਕੋਲ ਰਹਿਣਾ ਹੀ ਜ਼ਰੂਰੀ ਸਮਝਿਆ। ਤਮਾਸ਼ਾ ਦੇਖਣ ਗਏ ਸਿੰਘ ਦੇਰ ਰਾਤ ਤੱਕ ਉਸ ਪਿੰਡ ਵਿਚ ਰਹੇ ਅਤੇ ਅੱਧੀ ਰਾਤ ਨੂੰ ਵਾਪਸ ਆਏ।

ਸਵੇਰ ਹੋਈ। ਗੁਰੂ ਜੀ ਨੇ ਭਰੀ ਸੰਗਤ ਵਿਚ ਫ਼ੁਰਮਾਇਆ, "ਜਿਹੜੇ ਸਿੰਘ ਰਾਤ ਗੈਰ-ਹਾਜ਼ਰ ਸਨ ਉਹ ਹਾਜ਼ਰ। ਜਿਹੜੇ ਸਿੰਘ ਮੇਰੇ ਕੋਲ ਹਾਜ਼ਰ ਸਨ, ਉਹ ਗੈਰ-ਹਾਜ਼ਰ।" ਇਸ ਅਨੋਖੇ ਫ਼ੁਰਮਾਨ ਨੂੰ ਸੁਣ ਕੇ ਸਾਰੀ ਸੰਗਤ ਹੈਰਾਨ ਹੋ ਗਈ।

ਗੁਰੂ ਜੀ ਨੇ ਸੰਗਤ ਦੀ ਹੈਰਾਨੀ ਨੂੰ ਦੂਰ ਕਰਦਿਆਂ ਆਖਿਆ, "ਜਿਹੜੇ ਸਿੰਘ ਨਾਟ-ਮੰਡਲੀ ਦਾ ਤਮਾਸ਼ਾ ਦੇਖਣ ਗਏ ਸਨ, ਉਹ ਤਮਾਸ਼ਾ ਦੇਖਦੇ ਹੋਏ ਵੀ ਮੇਰੇ ਕੋਲ ਸਨ। ਉਹ ਉਥੇ ਬੈਠੇ ਸਾਰਾ ਸਮਾਂ ਪਛਤਾਉਂਦੇ ਰਹੇ ਕਿ ਉਨ੍ਹਾਂ ਨੂੰ ਅਜਿਹੇ ਖਤਰੇ ਦੇ ਸਮੇਂ ਇਸ ਤਰ੍ਹਾਂ ਨਹੀਂ ਸੀ ਆਉਣਾ ਚਾਹੀਦਾ। ਜਿਹੜੇ ਸਿੰਘ ਮੇਰੇ ਕੋਲ ਸਨ, ਉਹ ਇਸ ਗੱਲ ਲਈ ਪਛਤਾਉਂਦੇ ਰਹੇ ਕਿ ਚੰਗਾ ਹੁੰਦਾ ਉਹ ਤਮਾਸ਼ਾ ਦੇਖ ਹੀ ਆਉਂਦੇ ਕਿਉਂਕਿ ਰਾਤ ਕੋਈ ਖਤਰੇ ਵਾਲੀ ਗੱਲ ਤਾਂ ਹੋਈ ਨਹੀਂ।"

ਹਾਜ਼ਰੀ ਤਾਂ ਮਨ ਦੀ ਹੁੰਦੀ ਹੈ। ਤਮਾਸ਼ਾ ਦੇਖਣ ਗਏ ਸਿੰਘਾਂ ਦੇ ਤਨ ਭਾਵੇਂ ਦੂਜੇ ਪਿੰਡ ਵਿਚ ਸਨ ਪਰ ਉਨ੍ਹਾਂ ਦੇ ਮਨ ਗੁਰੂ ਜੀ ਦੇ ਪਾਸ ਸਨ। ਤਮਾਸ਼ਾ ਦੇਖਣ ਨਾ ਗਏ ਸਿੰਘਾਂ ਦੇ ਮਨ ਤਮਾਸ਼ੇ ਵਿਚ ਸਨ। ਸਾਨੂੰ ਪੜ੍ਹਨ, ਖੇਡਣ ਅਤੇ ਹੋਰ ਕੰਮ ਕਰਦੇ ਸਮੇਂ ਤਨ ਅਤੇ ਮਨ ਦੋਹਾਂ ਨੂੰ ਹਾਜ਼ਰ ਰੱਖਣਾ ਚਾਹੀਦਾ ਹੈ।

# ਕਾਨ ਫ਼ਿਲਮ ਫੈਸਟੀਵਲ ਅਮਿੱਟ ਯਾਦਾਂ ਛੱਡਦਾ ਸਮਾਪਤ

-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਫਰਾਂਸ ਦੇ ਸ਼ਹਿਰ ਕਾਨ 'ਚ 13 ਮਈ ਤੋਂ ਆਰੰਭ ਹੋਇਆ ਕਾਨ ਫ਼ਿਲਮ ਫੈਸਟੀਵਲ 24 ਮਈ ਨੂੰ ਸਮਾਪਤ ਹੋ ਗਿਆ। ਇਸ ਵਿਚ ਦੁਨੀਆਂ ਭਰ ਦੀਆਂ ਨਵੀਆਂ ਤੇ ਰਚਨਾਤਮਕ ਫ਼ਿਲਮਾਂ ਪ੍ਰਦਰਸ਼ਿਤ ਕੀਤੀਆਂ ਗਈਆਂ। ਇਸ ਵਾਰ ਭਾਰਤ ਦੀ ਵੀ ਇਸ ਵਿਚ ਭਰਵੀਂ ਹਾਜ਼ਰੀ ਰਹੀ।

ਇਹ 78ਵਾਂ ਕਾਨ ਫ਼ਿਲਮ ਉਤਸਵ ਸੀ। ਇਸਦੀ ਸ਼ੁਰੂਆਤ 1946 'ਚ ਹੋਈ ਸੀ। ਵਧੇਰੇ ਕਰਕੇ ਇਸਦਾ ਆਯੋਜਨ ਮਈ ਮਹੀਨੇ ਵਿਚ ਕੀਤਾ ਜਾਂਦਾ ਹੈ ਅਤੇ ਲਗਾਤਾਰ 10-12 ਦਿਨ ਚੱਲਦਾ ਹੈ। ਇਹ ਕੇਵਲ ਸਿਨੇਮਾ ਉਤਸਵ ਹੀ ਨਹੀਂ, ਬਲਕਿ ਕਲਾ, ਸੱਭਿਆਚਾਰ ਅਤੇ ਸਿਰਜਣਾਤਮਿਕਤਾ ਦਾ ਅਨੂਠਾ ਸੰਗਮ ਹੈ।

ਇਹ ਅਜਿਹਾ ਮੰਚ ਹੈ, ਜਿੱਥੇ ਵਿਸ਼ਵ ਦੀਆਂ ਬਿਹਤਰੀਨ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ। ਇਸਦਾ ਮਨੋਰਥ ਸਿਨੇਮਾ ਕਲਾ ਨੂੰ ਸਨਮਾਨ ਦੇਣਾ ਅਤੇ ਰਚਨਾਤਮਕਤਾ ਤੇ ਕਹਾਣੀ ਕਹਿਣ ਦੀ ਕਲਾ ਅਤੇ ਫ਼ਿਲਮ-ਤਕਨੀਕਾਂ ਨੂੰ ਉਤਸ਼ਾਹਿਤ ਕਰਨਾ ਹੈ।

ਫ਼ਿਲਮ ਜਗਤ ਨਾਲ ਸੰਬੰਧਤ ਦੁਨੀਆਂ ਭਰ ਦੀ ਕਰੀਮ ਉੱਥੇ ਜੁੜਦੀ ਹੈ। ਨਿਰਮਾਤਾ, ਨਿਰਦੇਸ਼ਕ ਮਿਲਦੇ ਹਨ। ਨਵੇਂ ਸੌਦੇ, ਨਵੇਂ ਸਹਿਯੋਗ, ਨਵੇਂ ਤਾਲਮੇਲ ਤੈਅ ਹੁੰਦੇ ਹਨ। ਚਮਕ ਦਮਕ ਵੀ ਇਸ ਫ਼ਿਲਮ ਫੈਸਟੀਵਲ ਦਾ ਹਿੱਸਾ ਹੁੰਦੀ ਹੈ ਪਰੰਤੂ ਕੇਂਦਰ ਵਿਚ ਫ਼ਿਲਮਾਂ ਅਤੇ ਫ਼ਿਲਮ ਕਲਾ ਹੀ ਰਹਿੰਦੀ ਹੈ।

ਇਸ ਫ਼ਿਲਮ ਮੇਲੇ 'ਚ ਕਈ ਵਾਰ ਭਾਰਤੀ ਫ਼ਿਲਮਾਂ ਨੂੰ ਸਰਾਹਿਆ ਗਿਆ ਹੈ। ਇਸ ਵਾਰ ਡਾਇਰੈਕਟਰ ਨੀਰਜ ਘੇਵਾਨ ਅਤੇ ਪ੍ਰੋਡਿਊਸਰ ਕਰਨ ਜੌਹਰ ਦੀ ਫ਼ਿਲਮ 'ਹੋਮਬਾਊਂਡ' ਦੀ ਬਹੁਤ ਸਰਾਹਨਾ ਹੋਈ ਹੈ। ਇਸ ਵਿਚ ਅਦਾਕਾਰ ਵਜੋਂ ਜਾਹਨਵੀ ਅਤੇ ਈਸ਼ਾਨ ਨੇ ਮੁਖ ਭੂਮਿਕਾਵਾਂ ਨਿਭਾਈਆਂ ਹਨ। ਫ਼ਿਲਮ ਵੇਖ ਕੇ ਹਟੇ ਦਰਸ਼ਕ ਕਈ ਮਿੰਟਾਂ ਤੱਕ ਖੜ੍ਹੇ ਹੋ ਕੇ ਤਾੜੀਆਂ ਵਜਾਉਂਦੇ ਰਹੇ ਅਤੇ ਕਲਾਕਾਰਾਂ ਨੂੰ ਗਲੇ ਮਿਲ ਕੇ ਵਧਾਈਆਂ ਦਿੰਦੇ ਰਹੇ। ਨਿਰਮਾਤਾ ਨਿਰਦੇਸ਼ਕ ਅਤੇ ਕਲਾਕਾਰਾਂ ਦੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂ ਤੈਰਦੇ ਸਾਫ਼ ਵੇਖੇ ਜਾ ਸਕਦੇ ਸਨ।





ਦੂਸਰੀ ਫ਼ਿਲਮ ਅਨੁਪਮ ਖੇਰ ਦੀ 'ਤਨਵੀ ਦਾ ਗਰੇਟ' ਸੀ, ਜਿਸਨੂੰ ਵਿਸ਼ਵ ਭਰ ਤੋਂ ਆਏ ਦਰਸ਼ਕਾਂ, ਫ਼ਿਲਮਕਾਰਾਂ ਤੇ ਮਾਹਿਰਾਂ ਨੇ ਬੇਹੱਦ ਪਸੰਦ ਕੀਤਾ। ਅਨੁਪਮ ਖੇਰ ਨੇ ਪ੍ਰਤੀਕਰਮ ਵਿਅਕਤ ਕਰਦਿਆਂ ਕਿਹਾ ਕਿ ਮੈਂ ਖੁਸ਼ ਹਾਂ, ਪ੍ਰਭਾਵਤ ਹਾਂ, ਪ੍ਰੇਰਿਤ ਹਾਂ। ਇਸ ਫ਼ਿਲਮ ਵਿਚ ਅਨੁਪਮ ਖੇਰ, ਸ਼ੁਭਾਂਗੀ ਦੱਤ, ਬੋਮਨ ਇਰਾਨੀ, ਜੈਕੀ ਸ਼ਰਾਫ ਜਿਹੇ ਅਦਾਕਾਰਾਂ ਨੇ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ ਹਨ। ਫ਼ਿਲਮ ਦੀ ਕਹਾਣੀ ਤਨਵੀ ਰੈਨਾ ਦੁਆਲੇ ਘੁੰਮਦੀ ਹੈ, ਜਿਹੜੀ ਔਟਿਜ਼ਮ ਬਿਮਾਰੀ ਦੇ ਬਾਵਜੂਦ ਆਪਣੇ ਸਵਰਗਵਾਸੀ ਫੌਜੀ ਅਫ਼ਸਰ ਪਿਤਾ ਦੇ ਅਧੂਰੇ ਸੁਪਨੇ ਨੂੰ ਪੂਰਾ ਕਰਨ ਲਈ ਪੂਰੀ ਵਾਹ ਲਾਉਂਦੀ ਹੈ।

ਇਸੇ ਤਰ੍ਹਾਂ 'ਦਾ ਗਰੇਟ ਚਰਕ' ਵੀ ਕਾਨ ਫ਼ਿਲਮ ਮੇਲੇ ਦੌਰਾਨ ਵਿਖਾਈ ਗਈ।

ਕਾਨ ਫ਼ਿਲਮ ਫੈਸਟੀਵਲ ਦੌਰਾਨ ਰੈੱਡ ਕਾਰਪੇਟ ਦਾ ਵਿਸ਼ੇਸ਼ ਮਹੱਤਵ, ਵਿਸ਼ੇਸ਼ ਜ਼ਿਕਰ ਰਹਿੰਦਾ ਹੈ। ਇਸ ਮੇਲੇ ਦਾ ਸਭ ਤੋਂ ਵੱਡਾ ਪੁਰਸਕਾਰ ਪਾਮ ਡੀ' ਓਰ ਹੈ, ਜਿਹੜਾ 18 ਕੈਰੇਟ ਸੋਨੇ ਅਤੇ ਐਮਰਲਡ ਕਟ ਡਾਇਮੰਡ ਨਾਲ ਬਣਿਆ ਹੁੰਦਾ ਹੈ।

ਇਸ ਮੇਲੇ ਵਿਚ ਸ਼ਮੂਲੀਅਤ ਲਈ ਸਖ਼ਤ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ। ਪਹਿਰਾਵੇ ਸੰਬੰਧੀ ਨਿਯਮ ਹਨ। ਬੂਟਾਂ ਅਤੇ ਸੈਂਡਲਾਂ ਸੰਬੰਧੀ ਕੋਡ ਹਨ।

ਰੈੱਡ ਕਾਰਪੇਟ ਫ਼ਿਲਮੀ ਇਤਿਹਾਸ, ਫੈਸ਼ਨ ਅਤੇ ਪੁਰਾਤਨ ਪ੍ਰੰਪਰਾਵਾਂ ਦਾ ਪ੍ਰਤੀਕ ਬਣ ਚੁੱਕਾ ਹੈ। ਪਹਿਲਾਂ ਰੈੱਡ ਕਾਰਪੇਟ ਨੂੰ ਹਰੇਕ ਫ਼ਿਲਮ ਦੀ ਸਕਰੀਨਿੰਗ ਤੋਂ ਪਹਿਲਾਂ ਬਦਲਿਆ ਜਾਂਦਾ ਸੀ ਅਤੇ ਇਹ ਤਿੰਨ ਵਾਰ ਕਰਨਾ ਪੈਂਦਾ ਸੀ। ਹੁਣ ਅਜਿਹਾ ਦਿਨ ਵਿਚ ਕੇਵਲ ਇਕ ਵਾਰ ਕੀਤਾ ਜਾਂਦਾ ਹੈ। ਬਦਲਣ ਦਾ ਮਕਸਦ ਇਹ ਹੈ ਕਿ ਇਹ ਹਰ ਵੇਲੇ ਨਵਾਂ, ਸੁੰਦਰ ਤੇ ਚਮਕਦਾਰ ਨਜ਼ਰ ਆਵੇ। ਇਸ ਦਾ ਆਕਾਰ ਅਤੇ ਡਿਜ਼ਾਈਨ ਵੀ ਬਹੁਤ ਵਿਸ਼ੇਸ਼ ਹੁੰਦਾ ਹੈ। ਇਸਦੀ ਲੰਬਾਈ 90 ਫੁੱਟ ਦੇ ਕਰੀਬ ਹੁੰਦੀ ਹੈ, ਜਿਸ ਨਾਲ ਸਾਰੇ 24 ਸਟੈੱਪ ਢੱਕੇ ਜਾਂਦੇ ਹਨ। ਇਸੇ ਕਾਰਪੇਟ 'ਤੇ ਦੁਨੀਆਂ ਭਰ ਦੇ ਪ੍ਰਸਿੱਧ ਅਦਾਕਾਰ ਚੱਲਦੇ ਹਨ ਅਤੇ ਦੁਨੀਆਂ ਦੇਖਦੀ ਹੈ।

1946 ਵਿਚ ਪਹਿਲੀ ਵਾਰ ਨੀਲੇ ਰੰਗ ਦਾ ਕਾਰਪੇਟ ਵਿਛਾਇਆ ਗਿਆ ਸੀ। ਸਾਲ 2020 ਵਿਚ ਫ਼ਰਾਂਸ ਦੇ ਸ਼ਹਿਰ ਨੀਸ ਵਿਚ ਹੋਏ ਅੱਤਵਾਦੀ ਹਮਲੇ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਇਕ ਦਿਨ ਵਾਸਤੇ ਕਾਲੇ ਰੰਗ ਦਾ ਕਾਰਪੇਟ ਵਿਛਾਇਆ ਗਿਆ ਸੀ।

ਹਰੇਕ ਫ਼ਿਲਮ ਅਦਾਕਾਰ ਜਿਸ ਕਾਨ ਫੈਸਟੀਵਲ ਦਾ ਹਿੱਸਾ ਬਣਨਾ ਚਾਹੁੰਦਾ ਹੈ, ਉਹ ਹਿਟਲਰ ਦੀ ਮਨਮਾਨੀ ਵਿਰੁੱਧ ਸ਼ੁਰੂ ਕੀਤਾ ਗਿਆ ਸੀ। ਹਿਟਲਰ ਨੇ 1938 ਵਿਚ ਵੀਨਸ ਫ਼ਿਲਮ ਫੈਸਟੀਵਲ ਆਰੰਭ ਕੀਤਾ ਸੀ ਅਤੇ ਆਪਣੇ ਚਹੇਤਿਆਂ ਨੂੰ ਐਵਾਰਡ ਦੇਣ ਲੱਗਾ ਸੀ। ਇੰਝ ਕਈ ਜਿਊਰੀ ਮੈਂਬਰਾਂ ਨੇ ਅਸਤੀਫ਼ੇ ਦੇ ਦਿੱਤੇ ਅਤੇ ਕਾਨ ਵਿਚ ਨਵਾਂ ਫ਼ਿਲਮ ਮੇਲਾ ਆਰੰਭ ਕੀਤਾ, ਜਿਹੜਾ ਅੱਜ ਕਾਨ ਫ਼ਿਲਮ ਫੈਸਟੀਵਲ ਦੇ ਨਾਂ ਨਾਲ ਪ੍ਰਸਿੱਧ ਹੈ।

ਇਸ ਫ਼ਿਲਮ ਮੇਲੇ ਵਿਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਦੇ ਖਾਣੇ 'ਤੇ ਕਰੋੜਾਂ ਰੁਪਏ ਖਰਚੇ ਜਾਂਦੇ ਹਨ। ਇਕ ਹੋਟਲ ਉਦਘਾਟਨੀ ਅਤੇ ਸਮਾਪਤੀ ਸਮਾਰੋਹਾਂ ਸਮੇਂ ਰਾਤ ਦੇ ਖਾਣੇ ਦਾ ਸਮੁੱਚਾ ਪ੍ਰਬੰਧ ਕਰਦਾ ਹੈ, ਜਿਸ 'ਤੇ 2.8 ਕਰੋੜ ਰੁਪਏ ਖਰਚ ਆਉਂਦਾ ਹੈ।

ਅਨੋਖੇ ਵਿਸ਼ਿਆਂ ਅਤੇ ਸੰਵੇਦਨਸ਼ੀਲ ਕਹਾਣੀਆਂ ਕਾਰਨ ਇਸ ਮੇਲੇ ਵਿਚ ਵਿਖਾਈਆਂ ਜਾਣ ਵਾਲੀਆਂ ਸਾਰੀਆਂ ਫ਼ਿਲਮਾਂ ਚਰਚਾ ਵਿਚ ਰਹਿੰਦੀਆਂ ਹਨ।


ਹੈਰਾਨੀ ਦੀ ਗੱਲ ਹੈ ਕਿ ਸਤਿਆਜੀਤ ਰੇਅ ਦੁਆਰਾ 1970 'ਚ ਬਣਾਈ ਗਈ ਕਲਾਸਿਕ ਬੰਗਾਲੀ ਫ਼ਿਲਮ 'ਅਰਨੇਰ ਦਿਨ ਰਾਤਰੀ' ਵੀ ਇਸ ਵਾਰ ਕਾਨ ਫ਼ਿਲਮ ਫੈਸਟੀਵਲ ਵਿਚ ਵਿਖਾਈ ਗਈ। ਇਸ ਵਿਚ ਨਾਇਕਾ ਦੀ ਭੂਮਿਕਾ ਨਿਭਾਉਣ ਵਾਲੀ ਸ਼ਰਮੀਲਾ ਟੈਗੋਰ ਵੀ ਉਥੇ ਪਹੁੰਚੀ ਹੋਈ ਸੀ।


# ਹਰਪ੍ਰੀਤ ਕੌਰ ਸੰਧੂ ਦੀ 'ਜ਼ਿੰਦਗੀ ਦੇ ਰੂਬਰੂ' ਪੁਸਤਕ ਜ਼ਿੰਦਗੀ ਜਿਓਣ ਦੇ ਬਿਹਤਰੀਨ ਨੁਸਖੇ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



**ਮਨੁੱਖੀ ਜ਼ਿੰਦਗੀ ਪ੍ਰਮਾਤਮਾ ਦਾ ਬਿਹਤਰੀਨ ਤੋਹਫ਼ਾ ਹੈ, ਇਸ ਤੋਹਫ਼ੇ ਸਦਉਪਯੋਗ/ਦੁਰਉਪਯੋਗ ਕਰਨਾ ਇਨਸਾਨ ਦੇ ਆਪਣੇ ਹੱਥ ਵਿਚ ਹੁੰਦਾ ਹੈ। ਇਨਸਾਨ ਨੂੰ ਦੁੱਖ/ਸੁੱਖ ਦਾ ਲਾਭ/ਨੁਕਸਾਨ ਹੁੰਦਾ ਹੈ। ਹੋਰ ਕਿਸੇ ਨੂੰ ਇਸ ਦਾ ਫ਼ਰਕ ਨਹੀਂ ਪੈਂਦਾ, ਫਿਰ ਇਨਸਾਨ ਲੋਕਾਂ ਦੀ ਖ਼ੁਸ਼ਹਾਲੀ ਵੇਖ ਕੇ ਦੁਖੀ ਕਿਉਂ ਹੁੰਦਾ ਹੈ? ਜਿਸ ਕਰਕੇ ਉਹ ਦੁਖੀ ਹੁੰਦਾ ਹੈ, ਉਸ ਦਾ ਦੂਜੇ ਇਨਸਾਨ ਨੂੰ ਤਾਂ ਕੋਈ ਫਰਕ ਨਹੀਂ ਪੈਂਦਾ, ਫਿਰ ਇਨਸਾਨ ਆਪਣਾ ਨੁਕਸਾਨ ਕਿਉਂ ਕਰਦਾ ਹੈ?**








ਹਰਪ੍ਰੀਤ ਕੌਰ ਸੰਧੂ ਮਨੋਵਿਗਿਆਨ ਦੀ ਵਿਦਿਆਰਥਣ ਹੈ। ਉਹ ਆਪਣੀ ਪੜ੍ਹਾਈ ਦੀ ਮੁਹਾਰਤ ਕਰਕੇ ਮਨੁੱਖ ਦੇ ਮਨ ਵਿਚ ਕੀ ਵਾਪਰ ਰਿਹਾ ਹੈ, ਉਸ ਦੀ ਜਾਣਕਾਰੀ ਪ੍ਰਾਪਤ ਕਰ ਲੈਂਦੀ ਹੈ? ਇਸ ਲਈ ਉਹ ਮਨ ਦੀ ਸਥਿਤੀ ਨੂੰ ਕਾਬੂ ਵਿਚ ਰੱਖਕੇ ਜ਼ਿੰਦਗੀ ਕਿਸ ਪ੍ਰਕਾਰ ਬਿਹਤਰੀਨ ਢੰਗ ਨਾਲ ਬਸਰ ਕੀਤੀ ਜਾ ਸਕਦੀ ਹੈ, ਬਾਰੇ ਨੁਸਖਿਆਂ ਦੇ ਰੂਪ ਵਿਚ ਲਘੂ ਲੇਖ ਲਿਖਦੀ ਰਹਿੰਦੀ ਹੈ। ਉਸ ਦੀ ਚਰਚਾ ਅਧੀਨ 'ਜ਼ਿੰਦਗੀ ਦੇ ਰੂਬਰੂ' ਪੁਸਤਕ ਵਿਚ ਉਸ ਦੇ 63 ਲਘੂ ਲੇਖ ਹਨ। ਮਨੁੱਖੀ ਜ਼ਿੰਦਗੀ ਪ੍ਰਮਾਤਮਾ ਦਾ ਬਿਹਤਰੀਨ ਤੋਹਫ਼ਾ ਹੈ, ਇਸ ਤੋਹਫ਼ੇ ਸਦਉਪਯੋਗ/ਦੁਰਉਪਯੋਗ ਕਰਨਾ ਇਨਸਾਨ ਦੇ ਆਪਣੇ ਹੱਥ ਵਿਚ ਹੁੰਦਾ ਹੈ। ਇਨਸਾਨ ਨੂੰ ਦੁੱਖ/ਸੁੱਖ ਦਾ ਲਾਭ/ਨੁਕਸਾਨ ਹੁੰਦਾ ਹੈ। ਹੋਰ ਕਿਸੇ ਨੂੰ ਇਸ ਦਾ ਫ਼ਰਕ ਨਹੀਂ ਪੈਂਦਾ, ਫਿਰ ਇਨਸਾਨ ਲੋਕਾਂ ਦੀ ਖ਼ੁਸ਼ਹਾਲੀ ਵੇਖ ਕੇ ਦੁਖੀ ਕਿਉਂ ਹੁੰਦਾ ਹੈ? ਜਿਸ ਕਰਕੇ ਉਹ ਦੁਖੀ ਹੁੰਦਾ ਹੈ, ਉਸ ਦਾ ਦੂਜੇ ਇਨਸਾਨ ਨੂੰ ਤਾਂ ਕੋਈ ਫਰਕ ਨਹੀਂ ਪੈਂਦਾ, ਫਿਰ ਇਨਸਾਨ ਆਪਣਾ ਨੁਕਸਾਨ ਕਿਉਂ ਕਰਦਾ ਹੈ? ਪ੍ਰਸ਼ੰਸਾ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਪ੍ਰਸ਼ੰਸਾ ਕਰਨ ਵਿਚ ਕੋਈ ਖ਼ਰਚਾ ਨਹੀਂ ਹੁੰਦਾ ਪ੍ਰੰਤੂ ਜਿਸਦੀ ਪ੍ਰਸ਼ੰਸਾ ਕਰਦੇ ਹਾਂ, ਉਸ ਨੂੰ ਉਤਸ਼ਾਹ ਮਿਲਦਾ ਹੈ। ਨਿੰਦਿਆ ਕਰਨ ਨਾਲ ਇਨਸਾਨ ਨਿਰਉਤਸ਼ਾਹ ਹੁੰਦਾ ਹੈ। ਇਨ੍ਹਾਂ ਲੇਖਾਂ ਵਿਚ ਹਰਪ੍ਰੀਤ ਕੌਰ ਸੰਧੂ ਨੇ ਇਹੋ ਕੁਝ ਦੱਸਣ ਦੀ ਕੋਸ਼ਿਸ਼ ਕੀਤੀ ਹੈ, ਉਸ ਨੇ ਜ਼ਿੰਦਗੀ ਨੂੰ ਸਫਲ ਬਣਾਉਣ ਦੇ ਅਨੇਕਾਂ ਛੋਟੇ-ਛੋਟੇ ਨੁਸਖ਼ੇ ਇਸ ਪੁਸਤਕ ਵਿਚ ਦਿੱਤੇ ਹਨ। ਕਿਸੇ ਦੀ ਜ਼ਿੰਦਗੀ ਵਿਚ ਬੇਲੋੜਾ ਦਖ਼ਲ ਨਾ ਦਿੱਤਾ ਜਾਵੇ। ਖ਼ੁਸ਼ੀ ਇਨਸਾਨ ਦੇ ਅੰਦਰ ਹੀ ਹੈ, ਇਸ ਲਈ ਇਸ ਨੂੰ ਮਹਿਸੂਸ ਕਰਕੇ ਵੰਡਿਆ ਜਾਵੇ। ਕਿਸੇ ਦਾ ਦੁੱਖ ਵੰਡਿਆ ਜਾਵੇ, ਤਾਂ ਦੁੱਖ ਘੱਟਦਾ ਹੈ। ਇਕ ਚੁੱਪ ਸੌ ਸੁੱਖ ਵਾਲਾ ਮੁਹਾਵਰਾ ਵੀ ਅੱਜ ਦੇ ਸਮੇਂ ਸਹੀ ਸਾਬਤ ਨਹੀਂ ਹੋ ਰਿਹਾ। ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਣੀ ਚਾਹੀਦੀ ਹੈ। ਸੰਵੇਦਨਸ਼ੀਲਤਾ ਦੇ ਅਰਥ ਵੀ ਬਦਲਣ ਦੀ ਜ਼ਰੂਰਤ ਹੈ। ਕਿਸੇ ਨੂੰ ਠੇਸ ਨਾ ਪਹੁੰਚਾਓ। ਹਲੀਮੀ, ਪਿਆਰ ਸਤਿਕਾਰ ਇਨਸਾਨ ਦੇ ਗਹਿਣੇ ਹਨ। ਇਕੱਲਤਾ ਡਿਪਰੈਸਨ ਪੈਦਾ ਕਰਦਾ ਹੈ ਤੇ ਡਿਪਰੈਸ਼ਨ ਨਸ਼ੇ ਦਾ ਕਾਰਨ ਬਣਦਾ ਹੈ। ਇਸ ਲਈ ਆਪਣੇ ਆਪ ਨੂੰ ਰੁਝੇਵਿਆਂ ਵਿਚ ਲਗਾਈ ਰੱਖੋ। ਛੋਟੀਆਂ-ਛੋਟੀਆਂ ਗੱਲਾਂ ਨਾਲ ਰਿਸ਼ਤੇ ਬਣਦੇ/ਵਿਗੜਦੇ ਹਨ। ਸਾਫ਼ ਤੇ ਸਪੱਸ਼ਟ ਗੱਲ ਕਰੋ। ਸੰਸਾਰ ਵਿਚ ਕੋਈ ਵੀ ਚੀਜ਼ ਸਥਾਈ ਨਹੀਂ, ਧਨ ਇਕੱਠਾ ਕਰਕੇ ਮਨੁੱਖ ਖ਼ੁਸ਼ ਨਹੀਂ ਰਹਿ ਸਕਦਾ, ਖ਼ੁਸ਼ੀ ਇਨਸਾਨ ਦੇ ਅੰਦਰ ਹੈ। ਲੋਕਾਂ ਨੂੰ ਬਹੁਤਾ ਮਹੱਤਵ ਦੇਣ ਦੀ ਥਾਂ ਆਪਣੀ ਪਛਾਣ ਕਰੋ। ਤੁਹਾਡੇ ਕੋਲ ਹੀ ਰਹਿਮਤਾਂ ਦਾ ਖ਼ਜ਼ਾਨਾ ਹੈ। ਆਪਣਾ ਵਿਵਹਾਰ ਠੀਕ ਰੱਖੋ, ਲੋਕ ਆਪੇ ਬਦਲ ਜਾਣਗੇ, ਜੇ ਨਾ ਵੀ ਬਦਲਣ, ਤੁਸੀਂ ਆਪਣੇ ਵਿਵਹਾਰ ਨੂੰ ਬਦਲਣ ਦੀ ਕੋਸ਼ਿਸ਼ ਨਾ ਕਰੋ। ਹਰ ਪਲ ਦਾ ਆਨੰਦ ਮਾਣੋ ਕਿਉਂਕਿ ਜੀਵਨ ਨਾਸ਼ਵਾਨ ਹੈ। ਸੱਚ ਨੂੰ ਸਮਝਣ ਅਤੇ ਸਵੀਕਾਰ ਕਰਨ ਨੂੰ ਪਹਿਲ ਦਿਓ। ਲੋਕ ਦੋਹਰੇ ਕਿਰਦਾਰ ਵਾਲੇ ਹਨ। ਜੀਵਨ ਵਿਚ ਤਕਲੀਫ਼ਾਂ ਤੇ ਖ਼ੁਸ਼ੀਆਂ ਆਉਣਗੀਆਂ ਹੀ ਹਨ, ਇਨ੍ਹਾਂ ਨੂੰ ਹੱਸ ਕੇ ਪ੍ਰਵਾਨ ਕਰੋ, ਰੋਣ ਧੋਣ ਦਾ ਕੋਈ ਲਾਭ ਨਹੀਂ। ਆਪਣੇ ਮਨ ਨੂੰ ਜਿੱਤਣ ਦੀ ਕੋਸ਼ਿਸ਼ ਕਰਦੇ ਰਹੋ, ਤਾਂ ਸੁੱਖ ਪਾਓਗੇ। ਜ਼ਿੰਦਗੀ ਵਿਚ ਨਾਕਾਰਾਤਮਕ ਸੋਚ ਤੋਂ ਦੂਰ ਰਹੋ, ਵਿਸ਼ਵਾਸ ਸੋਚ ਸਮਝਕੇ ਕਰੋ। ਲੋਕ ਆਪਣੀ ਅਸੁਰੱਖਿਆ ਨੂੰ ਦੂਜਿਆਂ 'ਤੇ ਥੋਪਦੇ ਹਨ। ਦੂਜਿਆਂ ਬਾਰੇ ਹਮੇਸ਼ਾ ਉਸਾਰੂ ਸੋਚ ਰੱਖੋ, ਤੁਹਾਡਾ ਵਰਤਾਓ ਲੋਕਾਂ ਲਈ ਅਹਿਮੀਅਤ ਰੱਖਦਾ ਹੈ। ਜੇ ਤੁਸੀਂ ਚੰਗੇ ਹੋਵੋਗੇ, ਤਾਂ ਲੋਕਾਈ ਨੂੰ ਲਾਭ ਹੋ ਸਕਦਾ ਹੈ। ਜ਼ਿੰਦਗੀ ਵਿਚ ਸਲੀਕਾ ਤੇ ਅਨੁਸਾਸ਼ਨ ਸਫਲਤਾ ਦੇ ਗਹਿਣੇ ਹਨ। ਨਿਯਮਾਂ ਅਨੁਸਾਰ ਚਲੋ, ਕੁਦਰਤ ਦੇ ਨਿਯਮਾਂ ਤੋਂ ਸਿੱਖਿਆ ਪ੍ਰਾਪਤ ਕਰੋ। ਦੋਸਤੀ ਬਹੁਤ ਜ਼ਰੂਰੀ ਹੈ, ਪ੍ਰੰਤੂ ਦੋਸਤ ਧਿਆਨ ਨਾਲ ਬਣਾਓ ਕਿਉਂਕਿ ਲੋਕ ਖ਼ੁਦਗਰਜ਼ ਹੋ ਗਏ ਹਨ। ਜ਼ਿੰਦਗੀ ਦਾ ਆਨੰਦ ਮਾਣੋ, ਜ਼ਿੰਦਗੀ ਕੱਟੋ ਨਾ, ਉਮਰ ਦੇ ਵੱਧਣ ਨਾਲ ਸਰੀਰ ਵਿਚ ਆਈਆਂ ਤਬਦੀਲੀਆਂ ਕੁਦਰਤ ਦੇ ਨਿਯਮ ਹਨ। ਅਪਣਤ ਨਾਲ ਸੰਸਾਰ ਵਿਚ ਵਿਚਰੋ, ਲੋਕ ਤੁਹਾਡੇ ਮੁੱਦਈ ਬਣਨਗੇ। ਨਿਮਰਤਾ ਦਾ ਭਾਵ ਇਹ ਨਹੀਂ ਕਿ ਤੁਸੀਂ ਦੂਸਰਿਆਂ ਅੱਗੇ ਵਿਛ ਜਾਓ। ਆਪਣੀ ਮਹੱਤਤਾ ਅਨੁਸਾਰ ਵਿਵਹਾਰ ਕਰੋ। ਔਰਤ ਤੇ ਮਰਦ ਦਾ ਕੋਈ ਟਕਰਾਓ ਨਹੀਂ, ਉਹ ਇੱਕ ਦੂਜੇ ਦੇ ਪੂਰਕ ਹਨ ਤੇ ਸਿਰਜਣਾ ਦੇ ਪ੍ਰਤੀਕ। ਦੋਵੇਂ ਇਕ ਦੂਜੇ ਦੇ ਚੰਗੇ ਗੁਣਾਂ ਨੂੰ ਅਪਣਾ ਲੈਣ। ਭਲਾਈ ਕਰਕੇ ਜਤਾਉਣਾ ਨਹੀਂ, ਸਗੋਂ ਨੇਕੀ ਕਰੋ ਤੇ ਭੁੱਲ ਜਾਓ। ਆਪਣੀ ਸਿਹਤ ਦਾ ਧਿਆਨ ਰੱਖੋ, ਕਿਸੇ ਦਾ ਗੁੱਸਾ ਨਾ ਕਰੋ, ਸਗੋਂ ਮੁਆਫ਼ ਕਰ ਦਿਓ। ਮੁਆਫ਼ ਕਰਨ ਨਾਲ ਦੋਵੇਂ ਸੰਤੁਸ਼ਟ ਹੋ ਜਾਣਗੇ। ਆਪਣਾ ਖਿਆਲ ਆਪ ਹੀ ਰੱਖੋ, ਦੂਜਿਆਂ 'ਤੇ ਆਸ ਨਾ ਕਰੋ। ਮਨੁੱਖ ਕੋਈ ਵੀ ਸੰਪੂਰਨ ਨਹੀਂ। ਊਣਤਾਈਆਂ ਜ਼ਿੰਦਗੀ ਦਾ ਹਿੱਸਾ ਹਨ, ਪਰਫੈਕਸ਼ਨ ਦੀ ਭਾਲ ਨੇ ਇਨਸਾਨ ਨੂੰ ਉਲਝਾ ਦਿੱਤਾ ਹੈ। ਆਪਣੇ ਬੱਚਿਆਂ ਖਾਸ ਤੌਰ 'ਤੇ ਲੜਕੀਆਂ ਦੀ ਕਾਬਲੀਅਤ ਦੀ ਤਾਰੀਫ਼ ਕਰੋ, ਜੇਕਰ ਅਵੇਸਲੇ ਰਹਾਂਗੇ, ਤਾਂ ਉਹ ਬਾਹਰਲੇ ਲੋਕਾਂ ਦੀ ਤਾਰੀਫ ਦੇ ਝਾਂਸੇ ਵਿਚ ਆ ਜਾਣਗੀਆਂ। ਜੇ ਹੋ ਸਕੇ ਇਕ ਦੂਜੇ ਦੀ ਬਾਂਹ ਫੜ੍ਹੋ, ਆਪਣੇ ਕੰਮ ਤੱਕ ਸੀਮਤ ਰਹੋ, ਬਹੁਤੇ ਹੱਥ ਪੈਰ ਨਾ ਪਸਾਰੋ। ਪਰਵਾਸ ਵਿਚ ਜਾ ਕੇ ਹਰ ਤਰ੍ਹਾਂ ਦਾ ਕੰਮ ਕਰਦੇ ਹੋ, ਭਾਰਤ ਵਿਚ ਹੀ ਕਰੋ, ਕੰਮ ਕੋਈ ਛੋਟਾ ਵੱਡਾ ਨਹੀਂ ਹੁੰਦਾ। ਮੁਹੱਬਤ ਸਿਰਫ਼ ਪਤੀ ਤੇ ਪਤਨੀ ਤੱਕ ਮਹਿਦੂਦ ਨਹੀਂ। ਮੁਹੱਬਤ ਭੈਣ-ਭਰਾ, ਮਾਤਾ-ਪਿਤਾ ਅਤੇ ਹੋਰ ਰਿਸ਼ਤੇਦਾਰਾਂ ਨਾਲ ਹੋ ਸਕਦੀ ਹੈ। ਮੁਹੱਬਤ ਨੂੰ ਇਸ਼ਕ ਮਜ਼ਾਜੀ ਤੱਕ ਸੀਮਤ ਨਾ ਕਰੋ। ਫਿਲਮਾਂ ਅਸਲੀ ਜ਼ਿੰਦਗੀ ਨਹੀਂ ਹੁੰਦੀਆਂ। ਔਰਤ ਬਹੁਤ ਹੀ ਭਾਵਨਾਤਮਕ ਹੁੰਦੀ ਹੈ। ਦਿਲ ਤੋਂ ਜ਼ਿਆਦਾ ਕੰਮ ਲੈਂਦੀ ਤੇ ਤਿਆਗ ਦੀ ਮੂਰਤ ਹੁੰਦੀ ਹੈ। ਜ਼ਿੰਦਗੀ ਵਿਚ ਖੜੋਤ ਨਹੀਂ ਹੋਣੀ ਚਾਹੀਦੀ। ਸਵਾਲ ਜਵਾਬ ਦੇ ਚੱਕਰ ਵਿਚ ਕਈ ਵਾਰ ਰਿਸ਼ਤੇ ਵਿਗੜ ਜਾਂਦੇ ਹਨ। ਕਈ ਵਾਰ ਚੁੱਪ ਰਹਿਕੇ ਵੀ ਜਵਾਬ ਦਿੱਤਾ ਜਾ ਸਕਦਾ ਹੈ। ਮਨੁੱਖ ਗੁਣਾਂ ਦੀ ਗੁਥਲੀ ਹੁੰਦਾ ਹੈ, ਸਰੀਰਕ ਸੁੰਦਰਤਾ ਗੁਣਾਂ ਦਾ ਮੁਕਾਬਲਾ ਨਹੀਂ ਕਰ ਸਕਦੀ। ਹਰ ਇਨਸਾਨ ਵਿਚ ਕੋਈ ਇਕ ਗੁਣ ਹੁੰਦਾ ਹੈ, ਉਸਦਾ ਸਦਉਪਯੋਗ ਕਰੋ। ਸਮਾਜਿਕ ਵਰਤਾਰੇ ਵਿਚ ਗ਼ਲਤ ਨੂੰ ਗ਼ਲਤ ਕਹਿਣਾ ਸਿੱਖੋ। ਕਹਿਣ ਦੀ ਜ਼ੁਅਰਤ ਕਰੋ। ਰਿਸ਼ਤਿਆਂ ਦੀਆਂ ਗੰਢਾਂ ਮਜ਼ਬੂਤ ਕਰਨ ਲਈ ਆਪਣਿਆਂ ਦੇ ਦਰਦ ਦੀ ਪਛਾਣ ਕਰੋ। ਇਹ ਜ਼ਰੂਰੀ ਨਹੀਂ ਕਿ ਔਰਤ ਜੇਕਰ ਤੁਹਾਡੇ ਨਾਲ ਚੰਗਾ ਵਿਵਹਾਰ ਕਰਦੀ ਹੈ, ਤਾਂ ਉਹ ਤੁਹਾਡੇ ਨਾਲ ਸਰੀਰਕ ਸੰਬੰਧ ਬਣਾਉਣਾ ਚਾਹੁੰਦੀ ਹੈ। ਪਰ ਜੇਕਰ ਔਰਤ ਆਪਣੇ ਪ੍ਰੇਮੀ ਪੁਰਸ਼ ਨਾਲ ਹਮਬਿਸਤਰ ਹੋਣਾ ਚਾਹੁੰਦੀ ਹੈ, ਤਾਂ ਉਹ ਚਰਿੱਤਰਹੀਣ ਨਹੀਂ, ਉਹ ਆਪਣੀਆਂ ਇੱਛਾਵਾਂ ਦੀ ਪੂਰਤੀ ਕਰਦੀ ਹੈ। ਬਿਮਾਰ ਮਾਨਸਿਕਤਾ ਵਾਲੇ ਔਰਤ ਨੂੰ ਚਰਿੱਤਰਹੀਣ ਕਹਿਣਗੇ ਪ੍ਰੰਤੂ ਮਰਦ ਅਜਿਹੇ ਰਿਸ਼ਤੇ ਬਣਾਉਂਦਾ, ਤਾਂ ਉਸ ਨੂੰ ਬਹਾਦਰ ਗਿਣਿਆਂ ਜਾਂਦਾ ਹੈ। ਰਿਸ਼ਤਿਆਂ ਦੇ ਸਮੀਕਰਨ ਨੂੰ ਬਣਾ ਕੇ ਰੱਖਣਾ ਅਤਿਅੰਤ ਜ਼ਰੂਰੀ ਹੈ। ਰਿਸ਼ਤੇ ਰੂਹ ਦੇ ਹਾਣੀ ਨਾਲ ਖਿੜਦੇ ਹਨ। ਰਿਸ਼ਤਿਆਂ ਵਿਚ ਨਿਰਾਸ਼ਤਾ ਨਾ ਲਿਆਓ। ਕਈ ਵਾਰ ਰਿਸ਼ਤੇ ਬਣਦੇ ਅਤੇ ਟੁੱਟਦੇ ਰਹਿੰਦੇ ਹਨ। ਰਿਸ਼ਤਿਆਂ ਨੂੰ ਬੋਝ ਨਾ ਬਣਨ ਦਿਓ। ਜੇਕਰ ਕੋਈ ਤੁਹਾਨੂੰ ਅਣਡਿੱਠ ਕਰਦਾ ਹੈ, ਤਾਂ ਪਿੱਛੇ ਹਟ ਜਾਓ। ਪ੍ਰੰਤੂ ਕੁੜੱਤਣ ਨਾਲ ਰਿਸ਼ਤੇ ਖ਼ਤਮ ਨਾ ਕਰੋ। ਗ਼ਲਤਫਹਿਮੀ ਮੇਲ ਮਿਲਾਪ ਤੇ ਸੰਬੰਧ ਖ਼ਤਮ ਕਰਦੀ ਹੈ। ਗ਼ਲਤਫਹਿਮੀ ਦੇ ਅਰਥ ਹੀ ਸਾਫ਼ ਪ੍ਰਗਟਾਵਾ ਕਰਦੇ ਹਨ। ਆਪਣੀ ਆਤਮਾ ਦੀ ਆਵਾਜ਼ ਸੁਣਕੇ ਫ਼ੈਸਲੇ ਕਰੋ। ਜੋ ਤੁਸੀਂ ਕਰ ਰਹੇ ਹੋ, ਉਸ ਤੋਂ ਖ਼ੁਸ਼ ਰਹੋ, ਦੁਚਿਤੀ ਵਿਚ ਨਾ ਪਓ। ਮਨ ਦੀ ਸ਼ਾਂਤੀ, ਖ਼ੁਸ਼ੀ ਅਤੇ ਸਕੂਨ ਮਨੁੱਖ ਦੇ ਅੰਦਰ ਹੀ ਹਨ, ਇਨ੍ਹਾਂ ਦਾ ਆਨੰਦ ਲੈਣਾ ਮਨੁੱਖ ਦੇ ਆਪਣੇ ਵਸ ਵਿਚ ਹੈ। ਸ਼ਰਾਫ਼ਤ ਕਮਜ਼ੋਰੀ ਨਹੀਂ ਹੁੰਦੀ ਪ੍ਰੰਤੂ ਚਲਾਕੀ ਕੋਈ ਗੁਣ ਨਹੀਂ ਹੁੰਦਾ। ਹੰਕਾਰ ਕਰਨ ਵਾਲਾ ਘਾਟੇ ਵਿਚ ਰਹਿੰਦਾ ਹੈ। ਅਣਖ਼ ਪੰਜਾਬੀਆਂ ਦੇ ਕਿਰਦਾਰ ਦਾ ਹਿੱਸਾ ਹੈ। ਹੰਕਾਰ ਤੇ ਅਣਖ ਦਰਮਿਆਨ ਥੋੜ੍ਹਾ ਜਿਹਾ ਅੰਤਰ ਹੈ। ਇਹ ਅੰਤਰ ਹੀ ਨੁਕਸਾਨ/ਲਾਭ ਦਾ ਕਾਰਨ ਬਣਦਾ ਹੈ। ਬੰਦਾ ਹੀ ਬੰਦੇ ਦਾ ਸਹਾਈ ਹੋ ਸਕਦਾ। ਹਰ ਇਨਸਾਨ ਵਿਚ ਕੋਈ ਨਾ ਕੋਈ ਹੁਨਰ ਹੁੰਦਾ ਹੈ, ਉਸ ਦੀ ਪਛਾਣ ਕਰੋ ਤੇ ਹੁਨਰਮੰਦ ਹੋ ਜਾਓ। ਕੁਦਰਤ ਬਹੁਰੰਗੀ ਹੈ। ਕੁਦਰਤ ਆਪਣੇ ਰੰਗਾਂ ਨਾਲ ਇਨਸਾਨ ਨੂੰ ਖ਼ੁਸ਼ੀ ਬਖ਼ਸ਼ਦੀ ਹੈ। ਵਿਖਾਵਾ, ਧੋਖਾ ਅਤੇ ਨਿਰਾਸ਼ਾ ਜ਼ਿੰਦਗੀ ਲਈ ਮੁਸ਼ਕਲਾਂ ਖੜ੍ਹੀਆਂ ਕਰਦੇ ਹਨ। ਘੜੰਮ ਚੌਧਰੀਆਂ ਤੋਂ ਦੂਰ ਰਹੋ। ਪਿੱਠ ਪਿੱਛੇ ਕਹੀਆਂ ਗੱਲਾਂ ਕਈ ਵਾਰ ਤੁਹਾਡੇ ਤੱਕ ਪਹੁੰਚਦੀਆਂ ਦੇ ਅਰਥ ਬਦਲ ਜਾਂਦੇ ਹਨ। ਕਦੀ ਵੀ ਹਾਰ ਨਾ ਮੰਨੋ, ਹਮੇਸ਼ਾ ਚੜ੍ਹਦੀ ਕਲਾ ਵਿਚ ਰਹੋ। ਲੇਖਿਕਾ ਨੇ ਇਨਸਾਨ ਨੂੰ ਆਪਣੀ ਜ਼ਿੰਦਗੀ ਬਿਹਤਰੀਨ ਢੰਗ ਨਾਲ ਜਿਊਣ ਦੇ ਨੁਕਤੇ ਦਿੱਤੇ ਹਨ। ਇਨ੍ਹਾਂ ਨੁਕਤਿਆਂ ਦੀ ਵਰਤੋਂ ਸੋਚ ਸਮਝਕੇ ਕਰਨੀ ਚਾਹੀਦੀ ਹੈ, ਹੋ ਸਕਦਾ ਹਰ ਇੱਕ ਲਈ ਇਹ ਸਾਰਥਿਕ ਨਾ ਹੋਣ ਪ੍ਰੰਤੂ ਇਹ ਨੁਕਤੇ ਵਜ਼ਨਦਾਰ ਹਨ।

112 ਪੰਨਿਆਂ, 195 ਰੁਪਏ ਕੀਮਤ ਵਾਲੀ ਇਹ ਪੁਸਤਕ ਕੈਲੀਬਰ ਪਬਲੀਕੇਸ਼ਨ ਨੇ ਪ੍ਰਕਾਸ਼ਤ ਕੀਤੀ ਹੈ।

# ਟੁੱਟੇ ਵਾਅਦਿਆਂ ਦੀ ਦਾਸਤਾਨ

ਸੋਨੇ ਦੀ ਚਿੜੀ ਅਖਵਾਉਣ ਵਾਲਾ ਦੇਸ਼ ਭਾਰਤ ਅੱਜ ਅਨੇਕਾਂ ਸਮੱਸਿਆਵਾਂ ਨਾਲ ਘਿਰਿਆ ਹੋਇਆ ਹੈ। ਦੇਸ਼ ਵਾਸੀ ਰੋਟੀ ਦੇ ਟੁਕੜਿਆਂ ਲਈ ਤਰਸ ਰਹੇ ਹਨ। ਪੜ੍ਹੇ-ਲਿਖੇ ਨੌਜਵਾਨ ਮੁੰਡੇ-ਕੁੜੀਆਂ ਰੁਜ਼ਗਾਰ ਦੀ ਭਾਲ ਵਿਚ ਇਧਰ ਉਧਰ ਧੱਕੇ ਖਾ ਰਹੇ ਹਨ। ਤੁਸੀਂ ਇਸ ਗੱਲ ਦਾ ਅੰਦਾਜ਼ਾ ਇਥੋਂ ਹੀ ਲਗਾ ਸਕਦੇ ਹੋ ਕਿ ਜਿਸ ਦੇਸ਼ ਦੇ 80 ਕਰੋੜ ਵਾਸੀ ਮੁਫ਼ਤ ਅਨਾਜ ਲੈਂਦੇ ਹੋਣ, ਉਸ ਦੇਸ਼ ਵਿਚ ਗਰੀਬਾਂ ਦੀ ਗਿਣਤੀ ਕਿੰਨੀ ਹੋਵੇਗੀ। ਦੇਸ਼ ਦੇ ਦਰਪੇਸ਼ ਸਮੱਸਿਆਵਾਂ, ਰਾਜਨੀਤੀ ਦਾ ਨਿਘਾਰ, ਆਰਥਿਕ ਮੰਦਹਾਲੀ, ਬੌਧਿਕਤਾ ਦੀ ਕੰਗਾਲੀ ਜਿਹੇ ਮਸਲਿਆਂ ਨੂੰ ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਆਪਣੀ ਪੁਸਤਕ 'ਟੁੱਟੇ ਵਾਅਦਿਆਂ ਦੀ ਦਾਸਤਾਨ' ਵਿਚ ਦਰਜ ਕਰਕੇ ਭਾਰਤ ਵਾਸੀਆਂ ਨੂੰ ਨਵਾਂ ਸੁਨੇਹਾ ਦੇਣ ਦਾ ਉਪਰਾਲਾ ਕੀਤਾ ਹੈ। ਪੁਸਤਕ ਵਿਚ ਦਰਜ 56 ਲੇਖ ਸਮੇਂ-ਸਮੇਂ 'ਤੇ ਭਾਰਤ ਵਿਚ ਵਾਪਰੇ ਵਰਤਾਰਿਆਂ ਨੂੰ ਪੇਸ਼ ਕਰਦੇ ਹਨ। ਇਨ੍ਹਾਂ ਵਰਤਾਰਿਆਂ ਦੇ ਪਿੱਛੇ ਕਿਹੜੀਆਂ ਤਾਕਤਾਂ ਕੰਮ ਕਰਦੀਆਂ ਹਨ ਅਤੇ ਇਹ ਅਜਿਹਾ ਕਿਉਂ ਕਰਦੇ ਹਨ? ਇਸ ਬਾਰੇ ਸਪੱਸ਼ਟ ਕੀਤਾ ਗਿਆ ਹੈ। ਹਾਕਮਾਂ ਦੁਆਰਾ ਦੇਸ਼ ਦੇ ਕੁਦਰਤੀ ਸੋਮਿਆਂ ਨੂੰ ਕਿਵੇਂ ਨਿੱਜੀ ਹੱਥਾਂ ਵਿਚ ਦਿੱਤਾ ਜਾ ਰਿਹਾ ਹੈ ਅਤੇ ਆਮ ਲੋਕਾਂ ਦੀ ਕਿਵੇਂ ਲੁੱਟ ਹੋ ਰਹੀ ਹੈ? ਇਸ ਬਾਰੇ ਸਭ ਕੁਝ ਬਾਖੂਬੀ ਬਿਆਨਿਆ ਗਿਆ ਹੈ। ਪੁਸਤਕ ਦਾ ਹਰ ਪੰਨਾ ਸਾਨੂੰ ਹੋਰ ਅਗੇਰੇ ਪੜ੍ਹਨ ਲਈ ਤਿਆਰ ਕਰਦਾ ਹੈ। ਅਸਲ ਵਿਚ ਲੇਖਕ ਨੇ ਉਹ ਡੂੰਘੀਆਂ ਗੱਲਾਂ ਇਸ ਪੁਸਤਕ ਵਿਚ ਦਰਜ ਕੀਤੀਆਂ ਹਨ ਜਿਹੜੀਆਂ ਆਮ ਲੋਕਾਂ ਦੇ ਜ਼ਿਹਨ ਤੋਂ ਕਿਤੇ ਦੂਰ ਹਨ। ਸਿਹਤ, ਸਿੱਖਿਆ, ਧਰਮ, ਆਰਥਿਕਤਾ,




ਰੀਵਿਊਕਾਰ: ਬਲਜਿੰਦਰ ਮਾਨ,
98150- 18947
ਲੇਖਕ: ਗੁਰਮੀਤ ਸਿੰਘ ਪਲਾਹੀ
ਪ੍ਰਕਾਸ਼ਕ: ਪੰਜਾਬੀ ਵਿਰਸਾ ਟਰੱਸਟ ਪਲਾਹੀ, (ਫਗਵਾੜਾ)
ਪੰਨੇ: 256 ਮੁੱਲ: 300/-

ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਕਰੂੰਬਲਾਂ ਭਵਨ ਮਾਹਿਲਪੁਰ
ਜ਼ਿਲ੍ਹਾ : ਹੁਸ਼ਿਆਰਪੁਰ 146105
98150-18947
ਪੰਜਾਬ ਮੇਲ USA



ਰਾਜਨੀਤੀ, ਰਾਜਾਂ ਦੇ ਅਧਿਕਾਰ, ਸੰਵਿਧਾਨ ਅਤੇ ਹਕੂਮਤਾਂ ਦੇ ਤੌਰ-ਤਰੀਕੇ ਦਰਸਾ ਕੇ ਆਮ ਜਨਤਾ ਨੂੰ ਸੁਚੇਤ ਕੀਤਾ ਗਿਆ ਹੈ।

ਦਰਜਨ ਤੋਂ ਵੱਧ ਖੋਜ ਭਰਪੂਰ ਪੁਸਤਕਾਂ ਦੀ ਰਚਨਹਾਰੇ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਕਹਾਣੀ ਜਗਤ ਵਿਚ ਵੀ ਆਪਣਾ ਨਾਮ ਸਥਾਪਿਤ ਕਰ ਚੁੱਕੇ ਹਨ। ਲੇਖਕ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਹੋਣ ਕਰਕੇ ਦੇਸ਼ ਦੀ ਦਸ਼ਾ ਅਤੇ ਦਿਸ਼ਾ ਪ੍ਰਤੀ ਚਿੰਤਿਤ ਹੈ। ਇਸ ਚਿੰਤਾ 'ਤੇ ਚਿੰਤਨ ਕਰਦਿਆਂ ਹੀ ਉਸ ਨੇ ਹੱਥਲੀ ਪੁਸਤਕ ਦਾ ਪ੍ਰਕਾਸ਼ਨ ਕੀਤਾ ਹੈ, ਤਾਂ ਕਿ ਆਮ ਜਨਤਾ ਸੁਚੇਤ ਹੋ ਕੇ ਆਪਣੇ ਹੱਕਾਂ ਅਤੇ ਫਰਜ਼ਾਂ ਦੀ ਸਹੀ ਤਰੀਕੇ ਨਾਲ ਇਸਤੇਮਾਲ ਕਰ ਸਕੇ। ਪੁਸਤਕ ਵਿਚ ਦਰਜ ਲੇਖਾਂ ਦੇ ਸਿਰਲੇਖ ਪਾਠਕਾਂ ਨੂੰ ਆਕਰਸ਼ਕ ਕਰਦੇ ਹਨ। ਜਿਵੇਂ ਰਾਮ ਰਾਜ ਦੀ ਉਡੀਕ ਵਿਚ, ਤਪਦੀ ਧਰਤੀ ਦੀ ਕੁੱਖ ਦਾ ਦੁਖਾਂਤ, ਲੋਕਤੰਤਰ ਵਿਚ ਹਿੰਸਾ, ਦਾਅਵੇ ਅਤੇ ਹਕੀਕਤਾਂ, ਫੌੜੀਆਂ ਵਾਲੀ ਸਰਕਾਰ ਬਨਾਮ ਲੋਕਤੰਤਰ, ਨੂਰਾ ਕੁਸ਼ਤੀ ਮੋਦੀ ਬਨਾਮ ਆਰ.ਐੱਸ.ਐੱਸ., ਪੰਜਾਬ ਨੂੰ ਇੱਕ ਨਹੀਂ, ਅਨੇਕਾਂ ਚੁਣੌਤੀਆਂ ਦਰਪੇਸ਼, ਮੁੱਦਿਆਂ ਰਹਿਤ ਰਹੇਗੀ ਲੋਕ ਸਭਾ ਚੋਣ, ਵੱਡੇ ਨੇਤਾਵਾਂ ਦੇ ਭਾਸ਼ਣਾਂ 'ਤੇ ਪੰਜਾਬ ਚੋਣ ਦੰਗਲ, ਲੋਕ ਸਭਾ ਚੋਣਾਂ 'ਚ ਸਿੱਖਿਆ ਦਾ ਮੁੱਦਾ ਗਾਇਬ ਕਿਉਂ, ਕਿਸਾਨ ਅੰਦੋਲਨ ਵੱਧ ਰਿਹਾ ਖੇਤੀ ਸੰਕਟ, ਸਥਾਨਕ ਸਰਕਾਰਾਂ ਸਰਕਾਰੀ ਹੱਥ ਠੋਕਾ ਨਾ ਬਣਨ, ਬੰਦ ਦਰਵਾਜਿਆਂ ਦੀਆਂ ਚੀਥਾਂ ਵਿਚ ਝਾਕਦਿਆਂ ਡਾਕਟਰ ਮਨਮੋਹਨ ਸਿੰਘ ਆਦਿ ਜ਼ਿਕਰਯੋਗ ਹਨ। ਲੇਖਕ ਨੇ 'ਸੌਖਾ ਨਹੀਂ ਵਿਕਾਸਸ਼ੀਲ ਤੋਂ ਵਿਕਸਿਤ ਦੇਸ਼ ਬਣਨ ਦਾ ਸਫ਼ਰ' ਵਿਚ ਕੁਝ ਸਤਰਾਂ ਇੰਜ ਦਰਜ ਕੀਤੀਆਂ ਹਨ :- ਵਿਕਾਸ ਕੋਈ ਅੰਕੜਿਆਂ ਦੀ ਖੇਡ ਨਹੀਂ ਹੈ। ਨਾ ਹੀ ਵਿਕਾਸ ਹਿਸਾਬ ਦਾ ਸਵਾਲ ਦੋ ਤੇ ਦੋ ਚਾਰ ਹੈ। ਵਿਕਾਸ ਦਾ ਮੂਲ ਤਾਂ ਆਰਥਿਕ, ਵਿੱਤੀ ਅਤੇ ਬੁਨਿਆਦੀ ਸੁਧਾਰਾਂ 'ਚ ਛੁਪਿਆ ਹੋਇਆ ਹੈ। ਵਿਕਾਸ ਦੀ ਰੂਪ ਰੇਖਾ ਤਾਂ ਖੇਤੀ, ਬੁਨਿਆਦੀ ਢਾਂਚੇ, ਸਿੱਖਿਆ, ਰੁਜ਼ਗਾਰ, ਉਦਯੋਗ, ਸੇਵਾ ਖੇਤਰ, ਵਪਾਰ, ਊਰਜਾ ਦੇ ਨਵੇਂ ਸਾਧਨਾਂ ਦੀ ਵਰਤੋਂ, ਸਿਹਤ, ਗਰੀਬੀ 'ਚ ਕਮੀ, ਸੰਤੁਲਿਤ ਖੇਤਰੀ ਵਿਕਾਸ, ਪ੍ਰਭਾਵੀ ਨਿਆਂ ਵਿਵਸਥਾ ਜਿਹੇ ਮੁੱਦਿਆਂ 'ਤੇ ਟਿਕੀ ਹੋਈ ਹੈ ਅਤੇ ਇਸ ਤੋਂ ਵੀ ਵੱਧ ਦੇਸ਼ 'ਚ ਸਿਆਸੀ ਸਥਿਰਤਾ ਵਿਕਾਸ ਨੂੰ ਹੁਲਾਰਾ ਦੇਣ 'ਚ ਸਹਾਈ ਹੁੰਦੀ ਹੈ।

ਲੇਖਕ ਨੇ ਸਰਕਾਰਾਂ ਅਤੇ ਲੋਕਾਂ ਨੂੰ ਵਾਤਾਵਰਨ ਸਬੰਧੀ 'ਤਪਦੀ ਧਰਤੀ ਦੀ ਕੁੱਖ ਦਾ ਦੁਖਾਂਤ' ਲੇਖ ਵਿਚ ਸੁਚੇਤ ਕੀਤਾ ਹੈ। ਜਿਸ ਵਿਚ ਲਿਖਿਆ ਹੈ:- ਇੰਟਰਨੈੱਟ ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ ਦੀ ਛੇਵੀਂ ਮੁਲਾਂਕਣ ਰਿਪੋਰਟ ਦੱਸਦੀ ਹੈ ਕਿ ਦੁਨੀਆਂ ਪਹਿਲੇ ਮੁਲਾਂਕਣ ਦੇ ਹਿਸਾਬ ਨਾਲ 2030 ਤੱਕ ਡੇਢ ਡਿਗਰੀ ਸੈਲਸੀਅਸ ਤੋਂ ਵੱਧ ਗਰਮ ਹੋ ਸਕਦੀ ਹੈ। ਇਸ ਸਥਿਤੀ ਵਿਚ ਆਉਣ ਵਾਲੇ ਸਮੇਂ 'ਚ ਭਾਰਤ ਨੂੰ ਨਾ ਸਿਰਫ ਤੇਜ਼ ਗਰਮੀ, ਭਾਰੀ ਮੀਂਹ ਅਤੇ ਅਨਿਸ਼ਚਿਤ ਮਾਨਸੂਨ ਦੇ ਨਾਲ-ਨਾਲ ਮੌਸਮ ਸਬੰਧੀ ਹੋਰ ਆਫ਼ਤਾਂ ਦਾ ਸਾਹਮਣਾ ਕਰਨਾ ਪਵੇਗਾ। ਭਾਰਤ ਵਿਚ ਪਹਿਲਾਂ ਹੀ ਚੱਕਰਵਾਤ, ਤੂਫਾਨ, ਹੜ੍ਹਾਂ, ਸੋਕੇ, ਲੂ ਆਦਿ 'ਚ ਵੱਡਾ ਵਾਧਾ ਵੇਖਣ ਨੂੰ ਮਿਲ ਰਿਹਾ ਹੈ।

ਲੇਖਕ ਨੇ ਭਾਰਤ ਨਾਲ ਸੰਬੰਧਿਤ ਗਹਿਰ ਗੰਭੀਰ ਵਿਸ਼ਿਆਂ ਨੂੰ ਛੋਹਿਆ ਹੈ ਤੇ ਸਮੇਂ-ਸਮੇਂ 'ਤੇ ਵਾਪਰ ਰਹੇ ਹਾਦਸਿਆਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਕਾਫੀ ਲੰਮੇ ਸਮੇਂ ਤੋਂ ਲੇਖਕ ਭਾਰਤ ਅਤੇ ਪੰਜਾਬ ਦੀਆਂ ਪ੍ਰਸਥਿਤੀਆਂ ਦਾ ਬਾਖੂਬੀ ਵਿਸ਼ਲੇਸ਼ਣ ਕਰਦੇ ਹੋਣ ਕਰਕੇ ਹਰ ਵਿਸ਼ੇ ਨੂੰ ਤਕਨੀਕੀ ਢੰਗ ਨਾਲ ਨਿਖਾਰਦੇ ਅਤੇ ਵਿਚਾਰਦੇ ਹਨ। ਸਮੇਂ-ਸਮੇਂ 'ਤੇ ਅਖਬਾਰਾਂ, ਰਸਾਲਿਆਂ ਵਿਚ ਪ੍ਰਕਾਸ਼ਿਤ ਹੋਏ ਇਹ ਲੇਖ ਸਾਨੂੰ ਸਮੇਂ ਦੇ ਹਾਣੀ ਬਣਨ ਵਿਚ ਸਹਾਇਕ ਸਿੱਧ ਹੁੰਦੇ ਹਨ ਕਿਉਂਕਿ ਜਦੋਂ ਅਸੀਂ ਪ੍ਰਸਥਿਤੀਆਂ ਦੇ ਵਾਕਫ ਹੁੰਦੇ ਹਾਂ, ਤਾਂ ਅਸੀਂ ਸਹੀ ਰਾਹ ਚੁਣਨ ਦੇ ਕਾਬਲ ਬਣਦੇ ਹਾਂ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਦਾ ਮਨੋਰਥ ਤਦ ਹੀ ਸੰਪੂਰਨ ਹੋਵੇਗਾ, ਜਦੋਂ ਆਮ ਜਨਤਾ ਅਤੇ ਸਰਕਾਰਾਂ ਇਨ੍ਹਾਂ ਵਿਚਾਰਾਂ 'ਤੇ ਅਮਲ ਕਰਨਗੀਆਂ।

# ਕਿਸੇ ਵੀ ਕਾਰਜ ਪਿੱਛੇ ਤੁਹਾਡੀ ਭਾਵਨਾ ਕੀ ਹੈ?

ਅਜੇ ਤੱਕ ਅਜਿਹਾ ਆਦਰਸ਼ਿਕ ਸਮਾਜ ਕਿਉਂ ਨਹੀਂ ਬਣ ਸਕਿਆ ਭਾਵ ਅਜਿਹਾ ਸਮਾਜ ਜਿਸ ਵਿਚ ਹਰ ਮਨੁੱਖ ਨੂੰ ਸ਼ਾਂਤੀ, ਸੁੱਖ, ਖੁਸ਼ਹਾਲੀ, ਇਨਸਾਫ਼, ਆਜ਼ਾਦੀ ਤੇ ਮਨੁੱਖ ਨੂੰ ਮੁੱਢਲੀਆਂ ਲੋੜਾਂ ਮਿਲ ਸਕਣ। ਸਮਾਜ ਵਿਚ ਰਹਿੰਦੇ ਵਿਅਕਤੀਆਂ ਨਾਲ ਸਮਾਜ ਬਣਦਾ ਹੈ, ਇਸ ਦਾ ਭਾਵ ਇਹ ਹੋਇਆ ਕਿ ਆਦਰਸ਼ਿਕ ਸਮਾਜ ਲਈ ਆਦਰਸ਼ਿਕ ਵਿਅਕਤੀ ਚਾਹੀਦੇ ਹਨ ਪਰ ਸਾਰੇ ਵਿਅਕਤੀ ਆਦਰਸ਼ਿਕ ਨਹੀਂ ਬਣ ਸਕਦੇ। ਅਜਿਹਾ ਸਮਾਜ ਜਿਸ ਵਿਚ ਹਰ ਇਕ ਲਈ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਹੋਵੇ।

ਇਸ ਲਈ ਕੁਝ ਇਕ ਵਿਅਕਤੀ ਜਿਨ੍ਹਾਂ ਨੇ ਸਮਾਜ ਨੂੰ ਇਕ ਸੇਧ ਦੇਣੀ ਹੁੰਦੀ ਹੈ ਤੇ ਸਮਾਜ ਦਾ ਪ੍ਰਬੰਧ ਕਰਨਾ ਹੁੰਦਾ ਹੈ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹਲ ਕਰਨਾ ਹੁੰਦਾ ਹੈ, ਉਹ ਤਾਂ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਚਾਹੀਦੇ ਹਨ, ਜਿਵੇਂ ਧਾਰਮਿਕ, ਵਿੱਦਿਅਕ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਤੇ ਪ੍ਰਬੰਧਕ ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਇਹ ਲੋਕ ਹੀ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀ ਦੀ ਕੁਤਾਹੀ ਕਰ ਰਹੇ ਹਨ, ਭਾਵ ਵਾੜ ਹੀ ਖੇਤ ਨੂੰ ਖਾਈ ਜਾਂਦੀ ਹੈ। ਰਾਜੇ ਸ਼ੀਂਹ ਮੁਕੱਦਮ ਕੁੱਤੇ ਵਾਲੀ ਗੱਲ ਬਣੀ ਹੋਈ ਹੈ।

ਕਾਰਣ ਇਹ ਹੈ ਕਿ ਅੱਜ ਇਹ ਲੋਕ ਵੀ ਪੈਸੇ ਤੇ ਸੱਤਾ ਪਿੱਛੇ ਲੱਗੇ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਜ਼ਨਸਮੈਨ ਤੇ ਖੇਤੀਬਾੜੀ ਕਰਨ ਵਾਲੇ ਲੋਕਾਂ ਦਾ ਕੰਮ ਤੇ ਸਿਰਫ਼ ਪੈਸਾ ਇਕੱਠਾ ਕਰਨਾ ਤੇ ਕਮਾਉਣਾ ਹੁੰਦਾ ਹੈ। ਪਰ ਜੇ ਕੋਈ ਸੰਤ ਬਣ ਕੇ ਤੇ ਘਰ ਬਾਰ ਤਿਆਗ ਕਰਕੇ, ਫਿਰ ਵੀ ਉਹ ਦੁਨੀਆਵੀਂ ਚੀਜ਼ਾਂ ਦੀ ਭਾਵ ਪੈਸਾ ਇਕੱਠਾ ਕਰਨ ਦੀ ਸੋਚਦਾ ਹੈ, ਤਾਂ ਉਹ ਸੰਤ ਨਹੀਂ, ਸਗੋਂ ਭੇਖੀ ਹੈ ਤੇ ਸੰਤ ਹੋਣ ਦਾ ਢੋਂਗ ਰਚ ਰਿਹਾ ਹੈ। ਇਸੇ ਤਰ੍ਹਾਂ ਪੁਲਿਸ, ਨਿਆਂਪਾਲਿਕਾ ਤੇ ਰਾਜਨੀਤਿਕ ਇਨ੍ਹਾਂ ਲੋਕਾਂ ਨੇ ਲੋਕਾਂ ਬਾਰੇ ਸੋਚਣਾ ਹੁੰਦਾ ਹੈ ਤੇ ਜੇਕਰ ਉਨ੍ਹਾਂ ਦਾ ਲਕਸ਼ ਵੀ ਪੈਸਾ ਕਮਾਉਣਾ ਹੀ ਬਣ ਜਾਵੇ ਤਾਂ ਉਹ ਆਪਣੇ ਫ਼ਰਜ਼ ਵਲੋਂ ਕੁਤਾਹੀ ਕਰ ਰਹੇ ਹੋਣਗੇ ਕਿਉਂਕਿ ਉਹ ਆਪਣੇ ਅਸਲੀ ਲਕਸ਼ ਭਾਵ ਅਸਲੀ ਨੁਕਤੇ ਨੂੰ ਭੁੱਲ ਰਹੇ ਹੋਣਗੇ। ਪੁਲਿਸ ਦਾ ਕੰਮ ਲੋਕਾਂ ਦੀ ਜਾਨ, ਮਾਲ ਤੇ ਇੱਜ਼ਤ ਦੀ ਰੱਖਿਆ ਕਰਨਾ ਹੁੰਦਾ ਹੈ, ਨਿਆਂਪਾਲਿਕਾਂ ਨੇ ਲੋਕਾਂ ਨੂੰ ਇਨਸਾਫ਼ ਦੇਣਾ ਹੁੰਦਾ ਹੈ ਅਤੇ ਰਾਜਨੀਤਿਕ ਦਾ ਕੰਮ ਹੁੰਦਾ ਹੈ ਲੋਕਾਂ ਬਾਰੇ ਸੋਚਣਾ ਪਰ ਅੱਜਕੱਲ੍ਹ ਦਾ ਰਾਜਨੀਤਿਕ ਇੰਨਾ ਸੁਆਰਥੀ, ਪਦਾਰਥਵਾਦੀ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਇਸ ਤੋਂ ਬਿਨਾਂ ਕੁਝ ਹੋਰ ਨਜ਼ਰ ਨਹੀਂ ਆਉਂਦਾ।

ਇਸੇ ਤਰ੍ਹਾਂ ਧਰਮ ਦੇ ਖੇਤਰ ਵਿਚ ਵੀ ਇੰਨਾ ਪਾਖੰਡਵਾਦ ਆ ਗਿਆ ਹੈ ਕਿ ਧਾਰਮਿਕ ਆਗੂ ਕਰਦੇ ਕੁਝ ਹਨ, ਕਹਿੰਦੇ ਕੁਝ ਹਨ, ਭਾਵ ਕਹਿਣੀ ਤੇ ਕਰਨੀ ਤੋਂ ਕੋਹਾਂ ਦੂਰ ਹਨ ਤੇ ਲੋਕਾਂ ਵਿਚ ਏਕਤਾ, ਭਾਈਚਾਰਾ, ਪਿਆਰ, ਹਮਦਰਦੀ, ਨਿਮਰਤਾ, ਸਹਿਣਸ਼ੀਲਤਾ ਤੇ ਸਬਰ-ਸੰਤੋਖ ਕਿੱਥੋਂ ਆਵੇ ਕਿਉਂਕਿ ਧਰਮ ਵਿਚ ਅਸਲੀ ਨੁਕਤੇ ਤਾਂ ਗਾਇਬ ਹਨ। ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਭਾਵ ਗੁਰੂਆਂ ਦੇ ਦਿੱਤੇ ਉਪਦੇਸ਼ ਉੱਤੇ ਚੱਲਣ ਦਾ ਤਾਂ ਕੋਈ ਯਤਨ ਹੀ ਨਹੀਂ ਕਰਦਾ ਤਾਂ ਆਦਰਸ਼ਿਕ ਸਮਾਜ ਦੀ ਉਸਾਰੀ ਕਿਵੇਂ ਹੋ ਸਕਦੀ ਹੈ। ਗੁਰੂ ਘਰਾਂ ਦੇ ਪ੍ਰਬੰਧਕ ਸ਼ਰਾਬੀ ਤੇ ਮੋਨੇ ਸੰਗਤ ਨੂੰ ਕੀ ਪ੍ਰਚਾਰ ਕਰਨਗੇ। ਇਸੇ ਤਰ੍ਹਾਂ ਵਿੱਦਿਆਂ ਦਾ ਖੇਤਰ ਹੈ। ਅਧਿਆਪਕਾਂ ਦਾ ਮੁੱਖ ਕਰਤੱਵ ਬੱਚਿਆਂ ਨੂੰ ਸਿੱਖਿਆ ਦੇਣੀ ਹੁੰਦਾ ਹੈ। ਪਰ ਅੱਜ ਦਾ ਅਧਿਆਪਕ ਵੀ ਇੰਨਾ ਪਦਾਰਥਵਾਦੀ ਹੋ ਗਿਆ ਕਿ ਉਸ ਨੂੰ ਵੀ ਪੈਸਾ ਹੀ ਨਜ਼ਰ ਆਉਂਦਾ ਹੈ ਤੇ ਪੜ੍ਹਾਉਣ ਦੀ ਗੱਲ ਤਾਂ ਦੂਜੇ ਨੰਬਰ 'ਤੇ ਹੈ। ਸਕੂਲ ਵਿਚ ਪੜ੍ਹਾਈ ਨਾ ਕਰਾਉਣੀ ਤੇ ਮਗਰੋਂ ਵਿਦਿਆਰਥੀਆਂ ਨੂੰ ਟਿਊਸ਼ਨਾਂ ਰੱਖਣ ਲਈ ਮਜਬੂਰ ਕਰਨਾ। ਇਹੋ ਕਾਰਣ ਹੈ ਕਿ ਵਿਦਿਆਰਥੀਆਂ ਨੇ ਅਧਿਆਪਕਾਂ ਦੇ ਆਪਸੀ ਸਬੰਧ ਪਹਿਲੇ ਵਰਗੇ ਨਹੀਂ ਰਹੇ। ਪਹਿਲੇ ਸਮੇਂ ਵਿਚ ਅਧਿਆਪਕ ਤੇ ਵਿਦਿਆਰਥੀ ਦਾ ਆਪਸੀ ਸਬੰਧ ਗੁਰੂ ਤੇ ਚੇਲੇ ਵਾਲਾ ਹੁੰਦਾ ਸੀ ਪਰ ਹੁਣ ਇਹ ਕਦਰਾਂ-ਕੀਮਤਾਂ ਖੰਭ ਲਾ ਕੇ ਉਡ ਰਹੀਆਂ ਹਨ ਤੇ ਵਿਦਿਆਰਥੀਆਂ ਦੇ ਦਿਲਾਂ ਵਿਚ ਅਧਿਆਪਕਾਂ ਲਈ ਕੋਈ ਅਦਬ ਤੇ ਪਿਆਰ ਨਹੀਂ ਰਿਹਾ। ਪਹਿਲੇ ਸਮੇਂ ਵਿਚ ਅਧਿਆਪਕ ਮਿਹਨਤੀ, ਜ਼ਿੰਮੇਵਾਰ ਹੁੰਦੇ ਸਨ ਤੇ ਬੱਚਿਆਂ ਨੂੰ ਮੁਫ਼ਤ ਪੜ੍ਹਾਇਆ ਕਰਦੇ ਸਨ। ਅਧਿਆਪਕ ਅਤਿ ਦੇ ਉੱਚੇ ਕਿਰਦਾਰ ਦੇ ਮਾਲਕ ਹੁੰਦੇ ਸਨ।

ਇਸੇ ਤਰ੍ਹਾਂ ਗਾਇਕੀ ਦਾ ਖੇਤਰ ਹੈ, ਇਸ ਵਿਚ ਵੀ ਉਹ ਪੁਰਾਣੀਆਂ ਕੀਮਤਾਂ ਨਹੀਂ ਰਹੀਆਂ ਲੱਚਰਤਾ ਤੇ ਅਸ਼ਲੀਲਤਾ ਗਾਇਕਾਂ ਵਿਚ ਭਾਰੂ ਹੋ ਰਹੀ ਹੈ ਪਰ ਕੁਝ ਚੰਗਾ ਵੀ ਹੋ ਰਿਹਾ ਹੈ ਤੇ ਕੁਝ ਗਾਇਕ ਬਹੁਤ ਚੰਗੇ ਵੀ ਹਨ ਤੇ ਉਨ੍ਹਾਂ ਨੇ ਆਪਣੇ ਪੁਰਾਣੇ ਸੱਭਿਆਚਾਰ ਨੂੰ ਸਾਂਭਿਆ ਹੋਇਆ ਹੈ। ਪੁਰਾਣੇ ਗਾਇਕ ਜਿਵੇਂ ਯਮਲਾ ਜੱਟ, ਸੁਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਆਸਾ ਸਿੰਘ ਮਸਤਾਨਾ ਵਰਗਿਆਂ ਨੂੰ ਦਹਾਕੇ ਹੀ ਬੀਤ ਗਏ ਹਨ ਪਰ ਉਨ੍ਹਾਂ ਦੇ ਗੀਤ ਅੱਜ ਵੀ ਨਵੇਂ ਲੱਗਦੇ ਹਨ ਤੇ ਮਨ ਨੂੰ ਸਕੂਨ ਦਿੰਦੇ ਹਨ, ਜਦੋਂਕਿ ਅੱਜ ਦੀ ਗਾਇਕੀ ਵਿਚ

ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਸ਼ੋਰ-ਸ਼ਰਾਬਾ ਜ਼ਿਆਦਾ ਹੈ ਤੇ ਕੰਨਾਂ ਨੂੰ ਖਾਣ ਵਾਲਾ ਹੈ ਤੇ ਸਕੂਨ ਘੱਟ ਹੈ। ਇਸੇ ਤਰ੍ਹਾਂ ਸਾਹਿਤ ਦੇ ਖੇਤਰ ਵਿਚ ਹੈ। ਇੰਨਾ ਸਾਹਿਤ ਲਿਖਿਆ ਗਿਆ ਹੈ ਅਤੇ ਬੜੇ ਵਿਦਵਾਨ, ਸ਼ਾਇਰ ਤੇ ਲੇਖਕ ਪੈਦਾ ਹੋਏ ਹਨ। ਪਰ ਅੱਜ ਤੱਕ ਸਾਹਿਤ ਨੇ ਮਨੁੱਖੀ ਜੀਵਨ ਵਿਚ ਕਿੰਨੀ ਕੁ ਤਬਦੀਲੀ ਲਿਆਂਦੀ ਹੈ। ਜਦੋਂਕਿ ਸਾਹਿਤ ਦਾ ਕੰਮ ਤਾਂ ਮਨੁੱਖੀ ਜੀਵਨ ਵਿਚ ਕੋਈ ਪ੍ਰੀਵਰਤਨ ਲਿਆਉਣਾ ਹੁੰਦਾ ਹੈ। ਇਸ ਦਾ ਕਾਰਣ ਇਹ ਹੈ ਕਿ ਬਹੁਤ ਸਾਰਾ ਸਾਹਿਤ ਤਾਂ ਪੜ੍ਹਨ ਯੋਗ ਵੀ ਨਹੀਂ ਹੁੰਦਾ ਤੇ ਉਸ ਵਿਚ ਲੱਚਰਤਾ ਤੇ ਅਸ਼ਲੀਲਤਾ ਹੀ ਨਜ਼ਰ ਆਉਂਦੀ। ਕੁਝ ਲੇਖਕ ਅਜਿਹਾ ਤਾਂ ਜ਼ਰੂਰ ਲਿਖਦੇ ਹਨ ਕਿ ਉਨ੍ਹਾਂ ਦੀਆਂ ਰਚਨਾਵਾਂ ਪੜ੍ਹਨਯੋਗ ਜ਼ਰੂਰ ਹੁੰਦੀਆਂ ਹਨ ਪਰ ਉਨ੍ਹਾਂ 'ਚ ਵਿਸ਼ਾ ਬਿਲਕੁਲ ਹੀ ਗਾਇਬ ਹੁੰਦਾ ਹੈ। ਇਹ ਪਤਾ ਹੀ ਨਹੀਂ ਲੱਗਦਾ ਕਿ ਉਹ ਕਹਿਣਾ ਕੀ ਚਾਹੁੰਦੇ ਹਨ। ਕੁਝ ਲੇਖਕ ਅਜਿਹੇ ਹਨ, ਜਿਨ੍ਹਾਂ ਦੀ ਰਚਨਾ ਦਾ ਮੁੱਖ ਉਦੇਸ਼, ਸਮਾਜ ਨੂੰ ਕੋਈ ਨਾ ਕੋਈ ਸੰਦੇਸ਼ ਦੇਣਾ ਹੁੰਦਾ ਹੈ। ਜਿਵੇਂ ਗੁਰਦਿਆਲ ਸਿੰਘ, ਪ੍ਰੋ. ਸੁਰਿੰਦਰ ਸਿੰਘ ਨਰੂਲਾ ਤੇ ਢਾਡੀ ਸੋਹਣ ਸਿੰਘ ਸ਼ੀਤਲ ਆਦਿ। ਗੁਰਦਿਆਲ ਸਿੰਘ ਤਾਂ ਆਖਦਾ ਹੈ ਕਿ ਜੇ ਕੋਈ ਪਾਤਰ ਅਣ-ਮਨੁੱਖੀ ਕਦਰਾਂ-ਕੀਮਤਾਂ ਦੇ ਵਿਰੁੱਧ ਕੋਈ ਸੱਟ ਨਹੀਂ ਮਾਰਦਾ। ਭਾਵ ਕੋਈ ਵਿਰੋਧਤਾ ਨਹੀਂ ਕਰਦਾ, ਤਾਂ ਮੈਂ ਉਸ ਰਚਨਾ ਨੂੰ ਸਾਹਿਤਕ ਰਚਨਾ ਨਹੀਂ ਮੰਨਦਾ। ਬਾਕੀ ਸਾਹਿਤ ਵਿਚ ਕੁਝ ਲੇਖਕ ਆਪਣੀਆਂ ਰਚਨਾਵਾਂ ਵਿਚ ਵਿਸ਼ਾ ਤਾਂ ਜ਼ਰੂਰ ਛੋਹਦੇ ਹਨ ਪਰ ਉਹ ਬੋਲੀ ਅਜਿਹੀ ਲਿਖਦੇ ਹਨ ਕਿ ਆਮ ਸਾਧਾਰਣ ਮਨੁੱਖ ਦੀ ਸਮਝ ਤੋਂ ਬਾਹਰ ਹੁੰਦੀ ਹੈ ਤੇ ਉਸ ਰਚਨਾ ਦਾ ਲਾਭ ਕੀ ਹੋਵੇਗਾ। ਇਸ ਲਈ ਰਚਨਾ ਆਮ ਲੋਕਾਂ ਦੀ ਬੋਲੀ ਵਿਚ ਸਮਝ ਆਉਣ ਵਾਲੀ ਹੋਣੀ ਚਾਹੀਦੀ ਹੈ। ਪਰ ਅਜਿਹਾ ਨਹੀਂ ਹੁੰਦਾ ਕਿਉਂਕਿ ਲੇਖਕ ਵਿਸ਼ੇ ਦੀ ਥਾਂ ਆਪਣੀ ਪ੍ਰਭਾਵਸ਼ਾਲੀ ਬੋਲੀ ਰਾਹੀਂ ਪ੍ਰਭਾਵ ਦੇਣਾ ਚਾਹੁੰਦਾ ਹੈ। ਬਾਕੀ ਕੁਝ ਕਵੀ, ਲੇਖਕ ਲਿਖਦੇ ਸੁਹਣਾ ਹਨ ਪਰ ਉਨ੍ਹਾਂ ਦਾ ਆਪਣਾ ਨਿੱਜੀ ਜੀਵਨ ਉਸ ਦੇ ਅਨੁਸਾਰ ਨਹੀਂ ਹੁੰਦਾ ਤੇ ਜਿਸ ਕਰਕੇ ਪਾਠਕਾਂ ਤੇ ਉਸ ਰਚਨਾ ਦਾ ਬਹੁਤ ਚੰਗਾ ਪ੍ਰਭਾਵ ਨਹੀਂ ਹੁੰਦਾ।

ਲੇਖਕ ਦਾ ਆਪਣਾ ਜੀਵਨ ਵੀ ਆਪਣੀ ਰਚਨਾ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਲੋੜ ਹੈ, ਅਸਲੀ ਨੁਕਤੇ ਨੂੰ ਆਪਣੇ ਫ਼ਰਜ਼ ਨੂੰ ਸਮਝਾਣ ਦੀ ਕੋਈ ਮਨੁੱਖ ਜੋ ਕਹਿੰਦਾ ਹੈ ਤੇ ਕਰਦਾ ਹੈ, ਉਸ ਦੀ ਭਾਵਨਾ ਕੀ ਹੈ? ਉਸ ਦਾ ਮਨੋਰਥ ਨਿੱਜੀ ਹੈ ਜਾਂ ਸਮੁੱਚੇ ਸਮਾਜ ਲਈ। ਇਸੇ ਤਰ੍ਹਾਂ ਹੀ ਸਾਡੇ ਘਰਾਂ ਤੇ ਸਮਾਜ ਦੀ ਦਸ਼ਾ ਹੈ। ਕੁਝ ਲੋਕ ਬੜਾ ਮਿੱਠਾ ਬੋਲਦੇ ਹਨ ਤੇ ਆਪਣੇ ਆਪ ਨੂੰ ਬਹੁਤ ਚੰਗਾ ਮਨੁੱਖ ਸਾਬਤ ਕਰਨ ਦਾ ਯਤਨ ਕਰਦੇ ਹਨ ਪਰ ਪਿੱਛੇ ਉਸ ਦੀ ਭਾਵਨਾ ਹੋਰ ਹੁੰਦੀ ਹੈ ਤੇ ਉਹ ਮਨੁੱਖ ਦੂਜਿਆਂ ਪ੍ਰਤੀ ਸੁਹਿਰਦ ਨਹੀਂ ਹੁੰਦਾ। ਅਜਿਹੇ ਭੇਖੀ ਲੋਕਾਂ ਨੂੰ ਪਰਖਣ ਦੀ ਲੋੜ ਹੁੰਦੀ ਹੈ ਤੇ ਦੂਜਿਆਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਤੇ ਚਾਲਾਂ ਤੋਂ ਬਚਣਾ ਚਾਹੀਦਾ ਹੈ। ਇਸੇ ਤਰ੍ਹਾਂ ਚੋਣ ਕਰਨ ਵੇਲੇ, ਵੋਟਰਾਂ ਨੂੰ ਚਾਹੀਦਾ ਹੈ ਕਿ ਭੇਖੀ ਭ੍ਰਿਸ਼ਟ ਰਾਜਨੀਤਿਕ ਦੀ ਚੋਣ ਨਾ ਕਰੋ ਤੇ ਆਪਣੇ ਨਿੱਜੀ ਸੁਆਰਥ ਤੋਂ ਉਪਰ ਉਠ ਕੇ ਯੋਗ ਉਮੀਦਵਾਰ ਦੀ ਚੋਣ ਕਰੋ। ਇਸ ਤਰ੍ਹਾਂ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਚੋਣ ਵੀ ਯੋਗ ਉਮੀਦਵਾਰ ਦੀ ਚੋਣ ਕਰਨੀ ਚਾਹੀਦੀ ਹੈ, ਤਾਂ ਜੋ ਸਾਰੀ ਸਰਕਾਰੀ ਮਸ਼ੀਨਰੀ ਚੰਗੀ ਤਰ੍ਹਾਂ ਕੰਮ ਕਰ ਸਕੇ ਤਾਂ ਸਮਾਜ ਦਾ ਹਰ ਵਿਅਕਤੀ ਆਪਣੀਆਂ ਲੋੜਾਂ ਤੇ ਸਮੱਸਿਆਵਾਂ ਦਾ ਹੱਲ ਪੂਰਾ ਕਰ ਸਕੇ।

ਇਨ੍ਹਾਂ ਸਾਰੇ ਵਿਚਾਰਾਂ ਦਾ ਸਬੰਧ ਧਰਮ ਨਾਲ ਹੈ ਕਿਉਂਕਿ ਧਰਮ ਸਿਰਫ਼ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਹੀ ਸਾਧਨ ਨਹੀਂ, ਸਗੋਂ ਧਰਮ ਦਾ ਸਬੰਧ ਸਾਡੇ ਜੀਵਨ ਨਾਲ ਵੀ ਹੈ, ਭਾਵ ਧਰਮ ਇਕ ਮਨੁੱਖੀ ਜੀਵਨ ਜਾਂਚ ਹੈ। ਇਸ ਲਈ ਧਰਮ ਦਾ ਸਬੰਧ ਸਦਾਚਾਰ, ਈਮਾਨਦਾਰੀ, ਹਮਦਰਦੀ ਭਾਵ ਮੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਨਾਲ ਹੁੰਦਾ ਹੈ।

ਪੱਤਰਕਾਰੀ ਕਿਸੇ ਵੀ ਦੇਸ਼ ਦਾ ਚੌਥਾ ਥੰਮ੍ਹ ਹੁੰਦੀ ਹੈ। ਪਰ ਅੱਜਕੱਲ੍ਹ ਪੱਤਰਕਾਰੀ ਵਿਚ ਵੀ ਭ੍ਰਿਸ਼ਟਾਚਾਰ ਆਰੰਭ ਹੋ ਗਿਆ ਹੈ। ਪੱਤਰਕਾਰ ਦਾ ਅਸਲੀ ਮਨੋਰਥ ਜੋ ਹੋਣਾ ਚਾਹੀਦਾ ਹੈ, ਉਹ ਗਾਇਬ ਹੀ ਹੁੰਦਾ ਹੈ। ਦੇਖਣਾ ਇਹ ਹੁੰਦਾ ਹੈ ਕਿ ਸੰਪਾਦਕ ਜਦੋਂ ਕੋਈ ਪਰਚਾ ਕੱਢਣਾ ਆਰੰਭ ਕਰਦਾ ਹੈ, ਤਾਂ ਉਸ ਦੀ ਭਾਵਨਾ ਕੀ ਹੁੰਦੀ ਹੈ, ਭਾਵ ਪੱਤਰਕਾਰ ਜਾਂ ਸੰਪਾਦਕ ਦਾ ਮੁੱਖ ਉਦੇਸ਼ ਕੀ ਹੁੰਦਾ ਹੈ? ਕੁਝ ਲੋਕ ਪਰਚਾ ਕੱਢਣ ਨੂੰ ਪੈਸਾ ਕਮਾਉਣ ਦਾ ਸਾਧਨ ਹੀ ਮੰਨਦੇ ਹਨ। ਇਹ ਠੀਕ ਹੈ ਪੈਸਾ ਵੀ ਜ਼ਿੰਦਗੀ ਦੀ ਲੋੜ ਹੈ ਪਰ ਪੈਸਾ ਜ਼ਿੰਦਗੀ ਲਈ means ਹੈ not end. ਪੱਤਰਕਾਰ ਦਾ ਪਹਿਲਾ ਕਰਤੱਵ ਹੈ ਕਿ ਉਹ ਹੱਕ, ਸੱਚ ਤੇ ਇਨਸਾਫ਼ ਬਾਰੇ ਲਿਖੇ ਤੇ ਭ੍ਰਿਸ਼ਟਾਚਾਰ ਤੇ ਜ਼ੁਲਮ-ਜਬਰ ਜਿੱਥੇ ਸਮਾਜ ਵਿਚ ਹੁੰਦਾ ਹੈ, ਉਸ ਨੂੰ ਨੰਗਿਆਂ ਕਰੇ ਤੇ ਆਪਣੀ ਆਵਾਜ਼ ਨੂੰ ਬੁਲੰਦ ਕਰੇ, ਲੇਖਕਾਂ ਦੀਆਂ ਉਨ੍ਹਾਂ ਰਚਨਾਵਾਂ ਨੂੰ ਵੀ ਪਹਿਲ ਦੇਵੇ, ਜਿਸ ਵਿਚ ਲੇਖਕ ਦੀ ਰਚਨਾ ਦਾ ਸਬੰਧ ਸਮਾਜ ਤੇ ਮਨੁੱਖੀ ਜੀਵਨ ਨਾਲ ਹੋਵੇ ਕਿਉਂਕਿ ਸਮਾਜ ਤੋਂ ਦੂਰ ਦਾ ਸਾਹਿਤ ਗੁਣਕਾਰੀ ਨਹੀਂ ਹੁੰਦਾ। ਸਾਹਿਤ ਉਹ ਚੰਗਾ ਹੁੰਦਾ ਹੈ ਜਿਹੜਾ ਮਨੁੱਖੀ ਜੀਵਨ ਦੇ ਦੁੱਖ-ਸੁੱਖ ਤੇ ਸੁਧਾਰ ਦੀ ਗੱਲ ਕਰੇ। ਸਿਰਜਣਾਤਮਿਕ ਸਾਹਿਤ ਦਾ ਇਹੋ ਹੀ ਫ਼ਰਜ਼ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਪੱਤਰਕਾਰ ਬਹੁਤ ਚੰਗਾ ਕਰਤੱਵ ਵੀ ਨਿਭਾ ਰਹੇ ਹਨ। ਪਰ ਕਈਆਂ ਨੇ ਆਪਣੇ ਅਸਲੀ ਨੁਕਤੇ ਤੋਂ ਬਹੁਤ ਦੂਰ ਦੀ ਗੱਲ ਕਰਦੇ ਹਨ ਤੇ ਸਿਰਫ਼ ਉਨ੍ਹਾਂ ਦਾ ਮੁੱਖ ਉਦੇਸ਼ ਪੈਸਾ ਕਮਾਉਣਾ ਹੀ ਹੁੰਦਾ ਹੈ ਜਿਹੜਾ ਕਿ ਸਮਾਜ ਲਈ ਬਹੁਤ ਹੀ ਖ਼ਤਰਨਾਕ ਰੁਝਾਨ ਹੈ। ਪੱਤਰਕਾਰੀ ਕੋਈ ਫੁੱਲਾਂ ਦਾ ਵਿਛਾਉਣਾ ਨਹੀਂ, ਸਗੋਂ ਕੰਡਿਆਂ ਦਾ ਸਫ਼ਰ ਹੈ। ਸੱਚੀ ਪੱਤਰਕਾਰੀ ਨੂੰ ਕੁਰਬਾਨੀ ਦੀ ਲੋੜ ਹੁੰਦੀ ਹੈ। ਕਈ ਪੱਤਰਕਾਰਾਂ ਨੇ ਇਸ ਸੱਚਾਈ ਨੂੰ ਸੱਚ ਕਰ ਵੀ ਦਿਖਾਇਆ ਹੈ, ਉਨ੍ਹਾਂ ਨੇ ਸ਼ਹਾਦਤ ਦਾ ਜਾਮ ਤਾਂ ਪੀ ਲਿਆ ਪਰ ਉਹ ਆਪਣੀ ਸੋਚ ਤੋਂ ਭਾਵ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟੇ।

ਹਰ ਮਨੁੱਖ ਦੇ ਕੋਈ ਕੰਮ ਕਰਨ ਦੇ ਪਿੱਛੇ ਉਸ ਦਾ ਨਿੱਜੀ ਹਿੱਤ ਲੁਕਿਆ ਹੋਇਆ ਹੁੰਦਾ ਹੈ ਤੇ ਅਸਲੀ ਨੁਕਤਾ ਭਾਵ ਮੁੱਦਾ ਤਾਂ ਗਾਇਬ ਹੀ ਹੁੰਦਾ ਹੈ। ਹਰ ਮਨੁੱਖ ਸਭ ਤੋਂ ਪਹਿਲਾਂ ਸ਼ੋਹਰਤ ਦਾ ਭੁੱਖਾ ਹੈ। ਇਸ ਦੀ ਖ਼ਾਤਰ ਮਨੁੱਖ ਪਤਾ ਨਹੀਂ ਕੀ-ਕੀ ਪਾਖੰਡ ਕਰਦਾ ਹੈ ਤੇ ਲੋਕਾਂ ਨਾਲ ਫ਼ਰੇਬ ਕਰਦਾ ਹੈ। ਇਸ ਤੋਂ ਬਾਅਦ ਹਰ ਮਨੁੱਖ ਪੈਸੇ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਕਿਵੇਂ ਨਾ ਕਿਵੇਂ ਸੱਤਾ ਦੀ ਪ੍ਰਾਪਤੀ ਹੋ ਜਾਏ ਤੇ ਸੱਤਾ ਪ੍ਰਾਪਤ ਕਰਕੇ ਉਸ ਆਦਮੀ ਦਾ ਲਕਸ਼ ਕੀ ਹੈ, ਭਾਵ ਉਹ ਕੀ ਕਰਨਾ ਚਾਹੁੰਦਾ ਹੈ, ਸ਼ਾਇਦ ਉਸ ਨੂੰ ਆਪ ਵੀ ਨਾ ਪਤਾ ਹੋਵੇ। ਆਪਣਾ ਫ਼ਰਜ਼ ਦਾ ਵੀ ਪਤਾ ਨਹੀਂ ਹੁੰਦਾ, ਜਿਸ ਕੁਰਸੀ ਤੇ ਬੈਠੇ ਹਨ। ਅਜਿਹੇ ਵਿਸ਼ੇਸ਼ ਵਿਅਕਤੀ ਤੋਂ ਤੁਸੀਂ ਕੀ ਆਸ ਰੱਖ ਸਕਦੇ ਹੋ ਕਿ ਉਹ ਸਮਾਜ ਦਾ ਕੁਝ ਸੁਆਰੇਗਾ, ਜਿਵੇਂ ਕਿ ਅੱਜਕੱਲ੍ਹ ਹੋ ਰਿਹਾ ਹੈ।

# ਇੰਡਸ ਵਾਟਰ ਅਤੇ ਸਿਮਲਾ ਸਮਝੌਤਾ : ਪਿਛੋਕੜ, ਮਹੱਤਤਾ ਅਤੇ ਰੱਦ ਹੋਣ ਦੇ ਨਤੀਜੇ




ਸੰਦੀਪ ਕੁਮਾਰ
ਰੂਪਨਗਰ
ਐੱਮ.ਸੀ.ਏ., ਐੱਮ.ਏ. ਮਨੋਵਿਗਿਆਨ
70098-07121
ਪੰਜਾਬ ਮੇਲ USA




ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤੇ ਜਦੋਂ ਵੀ ਚਰਚਾ ਵਿਚ ਆਉਂਦੇ ਹਨ, ਤਾਂ ਇਨ੍ਹਾਂ ਦੋ ਮੁੱਖ ਸਮਝੌਤਿਆਂ ਦਾ ਜ਼ਿਕਰ ਲਾਜ਼ਮੀ ਹੋ ਜਾਂਦਾ ਹੈ: (1960) ਇੰਡਸ ਵਾਟਰ ਸਮਝੌਤਾ ਅਤੇ (1972) ਸ਼ਿਮਲਾ ਸਮਝੌਤਾ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਕਈ ਵਾਰ ਦੋਹਾਂ ਦੇਸ਼ਾਂ ਵਿਚ ਜੰਗ ਹੋਣ ਦੇ ਬਾਅਦ ਵੀ ਇਹ ਸਮਝੌਤੇ ਬਿਨ੍ਹਾਂ ਕਿਸੇ ਸਮੱਸਿਆ ਦੇ ਸਹੀ ਚੱਲ ਰਹੇ ਸਨ, ਪਰ ਅੱਜ ਦੇ ਬਦਲਦੇ ਭਾਰਤ ਦੀ ਵਿਚਾਰਧਾਰਾ ਹੇਠ, ਪਾਕਿਸਤਾਨ ਦੁਆਰਾ ਪਹਿਲਗਾਮ, ਕਸ਼ਮੀਰ ਵਿਚ ਆਤੰਕਵਾਦੀਆਂ ਦੁਆਰਾ 28 ਨਿਰਦੋਸ਼ ਯਾਤਰੀਆਂ ਨੂੰ ਮਾਰਨ ਉਪਰੰਤ ਭਾਰਤ ਸਰਕਾਰ ਵੱਲੋਂ ਹਾਲ ਦੀ ਘੜੀ ਇਹ ਸਮਝੌਤੇ ਪੂਰੀ ਤਰ੍ਹਾਂ ਰੱਦ ਕਰਨ ਦਾ ਐਲਾਨ ਕਰ ਦਿੱਤਾ ਹੈ। ਭਾਰਤ ਵੱਲੋਂ ਇਹ ਸੰਕੇਤ ਦਿੱਤਾ ਗਿਆ ਹੈ ਕਿ ਹੁਣ ਇਹ ਸਮਝੌਤੇ ਲਾਗੂ ਨਹੀਂ ਰਹਿ ਗਏ। ਆਉਣ ਵਾਲੇ ਦਿਨਾਂ ਵਿਚ ਇਸ ਦਾ ਕਿਹੋ ਜਿਹਾ ਪ੍ਰਭਾਵ ਹੋ ਸਕਦਾ ਹੈ, ਇਹ ਸਮਝਣ ਲਈ ਇਨ੍ਹਾਂ ਦੋਹਾਂ ਦੇ ਪਿਛੋਕੜ, ਉਦੇਸ਼ ਅਤੇ ਮਹੱਤਤਾ ਨੂੰ ਜਾਣਨਾ ਜ਼ਰੂਰੀ ਹੈ।

ਇੰਡਸ ਵਾਟਰ ਸਮਝੌਤਾ 19 ਸਤੰਬਰ 1960 ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਿਲੀਅਮ ਐਵਰਲ ਹੈਰਿਮੈਨ ਦੀ ਮਦਦ ਨਾਲ ਤਹਿ ਹੋਇਆ। ਇਸ ਸਮਝੌਤੇ ਦੀ ਰਚਨਾ ਵਿਸ਼ਵ ਬੈਂਕ ਦੀ ਮਦਦ ਨਾਲ ਹੋਈ, ਜਿਸ ਵਿਚ ਦੋਵਾਂ ਦੇਸ਼ਾਂ ਨੇ ਇੰਡਸ ਦਰਿਆ ਪ੍ਰਣਾਲੀ ਦੇ ਪਾਣੀ ਨੂੰ ਲੈ ਕੇ ਇਕਰਾਰਨਾਮਾ ਸਾਈਨ ਕੀਤਾ। ਇਹ ਦਰਿਆ ਪ੍ਰਣਾਲੀ ਛੇ ਵੱਡੇ ਦਰਿਆਵਾਂ 'ਤੇ ਆਧਾਰਿਤ ਹੈ: ਇੰਡਸ, ਜੇਹਲਮ, ਚਿਨਾਬ, ਰਾਵੀ, ਬਿਆਸ ਅਤੇ ਸਤਲੁਜ। ਸਮਝੌਤੇ ਦੇ ਤਹਿਤ, ਪੂਰਬੀ ਦਰਿਆ - ਰਾਵੀ, ਬਿਆਸ ਅਤੇ ਸਤਲੁਜ - ਭਾਰਤ ਨੂੰ ਦਿੱਤੇ ਗਏ, ਜਦਕਿ ਪੱਛਮੀ ਦਰਿਆ - ਇੰਡਸ, ਜੇਹਲਮ ਅਤੇ ਚਿਨਾਬ - ਪਾਕਿਸਤਾਨ ਨੂੰ ਮਿਲੇ। ਇਹ ਸਮਝੌਤਾ ਵਿਸ਼ਵ ਪੱਧਰ 'ਤੇ ਇੱਕ ਉੱਤਮ ਜਲ ਸੰਬੰਧੀ ਸਮਝੌਤਾ ਮੰਨਿਆ ਜਾਂਦਾ ਰਿਹਾ ਹੈ, ਕਿਉਂਕਿ ਇਹ ਦੋ ਯੁੱਧਾਂ ਦੇ ਬਾਵਜੂਦ ਕਦੇ ਰੱਦ ਨਹੀਂ ਹੋਇਆ। ਭਾਰਤ ਨੇ ਸਮਝੌਤੇ ਦੀ ਪਾਲਣਾ ਕਰਦਿਆਂ, ਜਿਨ੍ਹਾਂ ਦਰਿਆਵਾਂ ਉੱਤੇ ਪਾਕਿਸਤਾਨ ਦਾ ਹੱਕ ਸੀ, ਉਨ੍ਹਾਂ ਦੇ ਪਾਣੀ ਦੀ ਪੂਰੀ ਵਰਤੋਂ ਨਹੀਂ ਕੀਤੀ। ਇੱਥੋਂ ਤੱਕ ਕਿ ਬਹੁਤ ਸਾਰਾ ਪਾਣੀ ਜੋ ਭਾਰਤ ਦੀ ਹਿੱਸੇਦਾਰੀ ਸੀ, ਉਹ ਵੀ ਭਾਰਤ ਵਰਤ ਨਹੀਂ ਰਿਹਾ ਸੀ। ਪਰ ਪਿਛਲੇ ਕੁਝ ਸਾਲਾਂ ਤੋਂ ਭਾਰਤ ਦੀ ਰਣਨੀਤਕ ਸੋਚ 'ਚ ਬਦਲਾਅ ਆਇਆ, ਅਤੇ 2016 ਦੇ ਉਰੀ ਹਮਲੇ ਤੋਂ ਬਾਅਦ ਭਾਰਤ ਵੱਲੋਂ ਕਿਹਾ ਗਿਆ ਕਿ "ਖੂਨ ਅਤੇ ਪਾਣੀ ਇਕੱਠੇ ਨਹੀਂ ਵਹਿ ਸਕਦੇ।"

ਸਿਮਲਾ ਸਮਝੌਤਾ ਭਾਰਤ-ਪਾਕਿਸਤਾਨ ਵਿਚਕਾਰ 1971 ਦੇ ਯੁੱਧ ਤੋਂ ਬਾਅਦ 2 ਜੁਲਾਈ 1972 ਨੂੰ ਤੈਅ ਹੋਇਆ। ਇਸ ਸਮਝੌਤੇ 'ਚ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਜ਼ੁਲਫਿਕਾਰ ਅਲੀ ਭੁੱਟੋ ਨੇ ਹਿੱਸਾ ਲਿਆ। ਸਾਲ 1971 ਦੇ ਯੁੱਧ ਵਿਚ ਭਾਰਤ ਨੇ 90 ਹਜ਼ਾਰ ਤੋਂ ਵੱਧ ਪਾਕਿਸਤਾਨੀ ਸੈਨਾ ਦੇ ਜਵਾਨ ਕੈਦ ਕੀਤੇ ਅਤੇ ਬੰਗਲਾਦੇਸ਼ ਦੀ ਆਜ਼ਾਦੀ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਪਰ ਹੈਰਾਨੀ ਦੀ ਗੱਲ ਹੈ ਕਿ ਉਸ ਸਮੇਂ ਦੀ ਸਰਕਾਰ, ਪਾਕਿਸਤਾਨ ਕੋਲੋਂ ਆਪਣੇ 54 ਲਾਪਤਾ ਸੈਨਿਕ ਵਾਪਸ ਨਹੀਂ ਲੈ ਸਕੀ ਸੀ। ਸਿਮਲਾ ਸਮਝੌਤੇ ਹੇਠ ਦੋ ਮਹੱਤਵਪੂਰਨ ਗੱਲਾਂ ਉਤੇ ਸਹਿਮਤੀ ਹੋਈ: ਪਹਿਲੀ ਕਿ ਭਾਰਤ ਅਤੇ ਪਾਕਿਸਤਾਨ ਆਪਣੇ ਮੁੱਦੇ-ਵਿਚਲੇ ਵਿਵਾਦਾਂ ਨੂੰ ਦੋ ਪੱਖੀ ਗੱਲਬਾਤ ਰਾਹੀਂ ਹੀ ਹੱਲ ਕਰਨਗੇ ਅਤੇ ਦੂਜੀ ਕਿ ਲਾਈਨ ਆਫ਼ ਕੰਟਰੋਲ ਨੂੰ ਮਾਨਤਾ ਦਿੱਤੀ ਗਈ। ਇਹ ਇੱਕ ਰਣਨੀਤਕ ਫੈਸਲਾ ਸੀ, ਜਿਸ ਤਹਿਤ ਕਸ਼ਮੀਰ ਮਾਮਲੇ ਵਿਚ ਕੋਈ ਤੀਜਾ ਪੱਖ ਜਿਵੇਂ ਕਿ ਅੰਤਰਰਾਸ਼ਟਰੀ ਸੰਸਥਾਵਾਂ ਜਾਂ ਸੰਯੁਕਤ ਰਾਸ਼ਟਰ ਹਿੱਸਾ ਨਹੀਂ ਲੈ ਸਕਦੇ।

ਪਿਛਲੇ ਕੁੱਝ ਸਾਲਾਂ ਵਿਚ ਭਾਰਤ ਸਰਕਾਰ ਵੱਲੋਂ ਇਹ ਸੰਕੇਤ ਦਿੱਤਾ ਗਿਆ ਹੈ ਕਿ ਇੰਡਸ ਵਾਟਰ ਟ੍ਰੀਟੀ ਦੀਆਂ ਸ਼ਰਤਾਂ ਭਾਰਤ ਦੀ ਰਣਨੀਤਕ ਸੁਰੱਖਿਆ ਨੂੰ ਹਾਨੀ ਪਹੁੰਚਾ ਰਹੀਆਂ ਹਨ। ਸਾਲ 2023 'ਚ ਭਾਰਤ ਨੇ ਵਿਸ਼ਵ ਬੈਂਕ ਨੂੰ ਇੱਕ ਚਿੱਠੀ ਰਾਹੀਂ ਇਹ ਸੰਦੇਸ਼ ਦਿੱਤਾ ਕਿ ਸਮਝੌਤੇ 'ਚ ਆਉਣ ਵਾਲੀਆਂ ਰੁਕਾਵਟਾਂ ਕਾਰਨ ਨਵੇਂ ਜਲ ਪ੍ਰੋਜੈਕਟ ਲਾਗੂ ਕਰਨਾ ਮੁਸ਼ਕਲ ਹੋ ਗਿਆ ਹੈ। ਦੂਜੇ ਪਾਸੇ, ਭਾਰਤ ਨੇ ਕਈ ਜਲ-ਪ੍ਰੋਜੈਕਟ ਜਿਵੇਂ ਕਿ ਕਿਸ਼ਨਗੰਗਾ ਅਤੇ ਰਟਲੇ ਪ੍ਰੋਜੈਕਟ ਨੂੰ ਅੱਗੇ ਵਧਾਉਣ ਦਾ ਐਲਾਨ ਕੀਤਾ ਹੈ। ਇਹ ਪਾਕਿਸਤਾਨ ਵੱਲੋਂ ਇਟਰੇਨੈਸ਼ਨਲ ਕੋਰਟ ਆਫ਼ ਆਰਬੀਟ੍ਰੇਸ਼ਨ 'ਚ ਚੁਣੌਤੀ ਦਾ ਵਿਸ਼ਾ ਬਣਿਆ। ਸ਼ਿਮਲਾ ਸਮਝੌਤੇ ਨੂੰ ਲੈ ਕੇ ਵੀ ਨਰਿੰਦਰ ਮੋਦੀ ਸਰਕਾਰ ਨੇ ਇਹ ਸੂਚਨਾ ਦਿੱਤੀ ਕਿ ਜਦੋਂ ਪਾਕਿਸਤਾਨ ਵੱਲੋਂ ਨਿਰੰਤਰ ਘੁਸਪੈਠ ਅਤੇ ਆਤੰਕਵਾਦ ਹੁੰਦਾ ਰਹੇ, ਤਾਂ ਗੱਲਬਾਤ ਅਤੇ ਸਮਝੌਤੇ ਦੀ ਲਾਜ ਨਹੀਂ ਰਹਿ ਜਾਂਦੀ। ਇਸ ਦੇ ਨਤੀਜੇ ਵਜੋਂ ਭਾਰਤ ਵੱਲੋਂ ਕਈ ਵਾਰ ਸਾਫ ਇਨਕਾਰ ਕੀਤਾ ਗਿਆ ਕਿ ਕਿਸੇ ਵੀ ਤੀਜੇ ਪੱਖ ਦੀ ਦਖਲਅੰਦਾਜ਼ੀ ਕਬੂਲ ਨਹੀਂ ਕੀਤੀ ਜਾਵੇਗੀ।

ਹਾਲ ਦੀ ਘੜੀ ਭਾਰਤ ਸਰਕਾਰ ਵੱਲੋਂ ਸਮਝੌਤਾ ਰੱਦ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ, ਜੇਕਰ ਇੰਡਸ ਵਾਟਰ ਸਮਝੌਤਾ ਪੂਰੀ ਤਰ੍ਹਾਂ ਰੱਦ ਹੋ ਜਾਂਦਾ ਹੈ, ਤਾਂ ਭਾਰਤ ਪੱਛਮੀ ਦਰਿਆਵਾਂ 'ਜੇਹਲਮ, ਚਿਨਾਬ ਅਤੇ ਇੰਡਸ' ਦੇ ਪਾਣੀ ਉੱਤੇ ਆਪਣਾ ਹੱਕ ਜਤਾਉਣ ਲੱਗੇਗਾ। ਇਹ ਪਾਕਿਸਤਾਨ ਲਈ ਵੱਡੀ ਮਾਨਵੀ ਅਤੇ ਖੇਤੀਬਾੜੀ ਸੰਕਟ ਦੀ ਸ਼ਕਲ ਲੈ ਸਕਦਾ ਹੈ, ਕਿਉਂਕਿ ਇਨ੍ਹਾਂ ਦਰਿਆਵਾਂ ਤੋਂ ਹੀ ਉਨ੍ਹਾਂ ਦੀ ਜੀਵਨ ਪ੍ਰਣਾਲੀ ਚੱਲਦੀ ਹੈ। ਖਾਸ ਕਰਕੇ ਪੰਜਾਬ ਅਤੇ ਸਿੰਧ ਸੂਬਿਆਂ ਵਿਚ ਹੇਠਾਂ ਵਾਲੀਆਂ ਜ਼ਮੀਨਾਂ ਇਸ ਦਾ ਸਭ ਤੋਂ ਵੱਧ ਨੁਕਸਾਨ ਉਠਾ ਸਕਦੀਆਂ ਹਨ। ਪਾਕਿਸਤਾਨ ਪਹਿਲਾਂ ਹੀ ਪਾਣੀ ਦੀ ਕਮੀ, ਨਿਕਾਸੀ ਬੰਦ ਨਹਿਰਾਂ ਅਤੇ ਹੇਠਲੇ ਪੱਧਰ ਦੀ ਸੂਚਨਾ ਪ੍ਰਣਾਲੀ ਨਾਲ ਜੂਝ ਰਿਹਾ ਹੈ। ਇੰਡਸ ਪਾਣੀ ਰੁੱਕਣ ਦਾ ਮਤਲਬ ਹੈ - ਖੇਤੀਬਾੜੀ ਦਾ ਢਹਿ ਜਾਣਾ, ਭੋਜਨ ਦੀ ਕਮੀ ਅਤੇ ਆਤਮਨਿਰਭਰਤਾ ਉੱਤੇ ਇੱਕ ਵੱਡਾ ਸਵਾਲ ਖੜ੍ਹਾ ਹੋ ਜਾਣਾ।

ਸ਼ਿਮਲਾ ਸਮਝੌਤੇ ਦਾ ਰੱਦ ਹੋਣਾ ਇੱਕ ਅੰਤਰਰਾਸ਼ਟਰੀ ਕਾਨੂੰਨੀ ਮੁੱਦਾ ਬਣ ਸਕਦੀ ਹੈ। ਕਿਉਂਕਿ ਇਹ ਸਮਝੌਤਾ ਦੋਵਾਂ ਦੇਸ਼ਾਂ ਦੀ ਰਾਜਨੀਤਿਕ ਨੀਤੀ ਨੂੰ ਇੱਕ ਦਾਇਰੇ 'ਚ ਰੱਖਦਾ ਸੀ। ਜੇਕਰ ਇਹ ਰੱਦ ਕੀਤਾ ਗਿਆ, ਤਾਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਾਧਾਰਨ ਗੱਲਬਾਤ ਜਾਂ ਕੂਟਨੀਤਿਕ ਰਿਸ਼ਤੇ ਤੋੜਨ ਤੱਕ ਦੀ ਸਥਿਤੀ ਬਣ ਸਕਦੀ ਹੈ। ਉਲਟ, ਇਹ ਪਾਕਿਸਤਾਨ ਨੂੰ ਦੁਨੀਆਂ ਅੱਗੇ ਭਾਰਤ ਵੱਲੋਂ ਕੀਤੇ ਜਾ ਰਹੇ "ਸ਼ਿਕਾਰ" ਵਜੋਂ ਪੇਸ਼ ਕਰਨ ਦਾ ਮੌਕਾ ਵੀ ਦੇ ਸਕਦਾ ਹੈ। ਭਾਰਤ ਵੱਲੋਂ ਇੰਡਸ ਵਾਟਰ ਅਤੇ ਸ਼ਿਮਲਾ ਸਮਝੌਤਿਆਂ ਨੂੰ ਰੱਦ ਕਰਨ ਦੇ ਐਲਾਨ ਜਾਂ ਰੱਦ ਕਰਨ ਵਾਲੀ ਮਾਨਸਿਕਤਾ ਸਿਰਫ ਰਣਨੀਤਿਕ ਜਾਂ ਰਾਜਨੀਤਿਕ ਨਹੀਂ, ਸਗੋਂ ਇੱਕ ਨਵੀਂ ਭਾਰਤੀ ਰਾਸ਼ਟਰਵਾਦੀ ਸੋਚ ਦਾ ਪ੍ਰਤੀਕ ਵੀ ਹੈ। ਭਾਰਤ ਹੁਣ ਇਹ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਉਹ ਪਿਛਲੇ ਦਿਨਾਂ ਦੇ ਨਰਮ ਰਵੱਈਏ ਤੋਂ ਹੱਟ ਕੇ ਹੁਣ ਆਪਣੇ ਹੱਕਾਂ ਦੀ ਪੂਰੀ ਵਰਤੋਂ ਕਰੇਗਾ। ਇਨ੍ਹਾਂ ਸਮਝੌਤਿਆਂ ਦਾ ਰੱਦ ਹੋਣਾ ਨਾ ਸਿਰਫ ਦੋ ਦੇਸ਼ਾਂ ਵਿਚਕਾਰ ਤਣਾਅ ਵਧਾ ਸਕਦੀ ਹੈ, ਸਗੋਂ ਦੱਖਣੀ ਏਸ਼ੀਆ ਦੀ ਸ਼ਾਂਤੀ ਅਤੇ ਸਥਿਰਤਾ ਉੱਤੇ ਵੀ ਗੰਭੀਰ ਪ੍ਰਭਾਵ ਪਾ ਸਕਦਾ ਹੈ।

# ਸਮਾਜ 'ਚ ਬੁੱਧੀਜੀਵੀਆਂ ਦੀ ਭੂਮਿਕਾ


-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA




ਬੁੱਧੀਜੀਵੀ ਉਹ ਵਿਅਕਤੀ ਹੁੰਦਾ ਹੈ, ਜੋ ਆਪਣੀ ਬੁੱਧੀ ਅਤੇ ਵਿਸ਼ਲੇਸ਼ਣਾਤਮਕ ਸੋਚ ਦੀ ਵਰਤੋਂ ਕਰਦਾ ਹੈ, ਜਾਂ ਤਾਂ ਪੇਸ਼ੇਵਰ ਸਮਰੱਥਾ ਵਿਚ ਜਾਂ ਨਿੱਜੀ ਕਾਰਨਾਂ ਕਰਕੇ। ਇਸਦਾ ਅਰਥ ਮਨ ਦੀ ਵਰਤੋਂ ਨਾਲ ਜੁੜਿਆ ਜਾਂ ਇਸਦੀ ਵਰਤੋਂ ਦੀ ਲੋੜ ਵੀ ਹੈ। ਕਈ ਤਰ੍ਹਾਂ ਦੇ ਬੁੱਧੀਜੀਵੀ ਹੁੰਦੇ ਹਨ, ਉਨ੍ਹਾਂ ਵਿਚੋਂ ਕੁਝ ਅਕਾਦਮਿਕ-ਵਿਰੋਧੀ ਹੁੰਦੇ ਹਨ, ਜਦੋਂ ਕਿ ਕੁਝ ਯੂਨੀਵਰਸਿਟੀਆਂ ਦਾ ਹਿੱਸਾ ਹੁੰਦੇ ਹਨ। ਕੁਝ ਕਲਾ, ਰਾਜਨੀਤੀ, ਪੱਤਰਕਾਰੀ ਅਤੇ ਸਿੱਖਿਆ ਵਿਚ ਸ਼ਾਮਲ ਹੁੰਦੇ ਹਨ। ਕੁਝ ਵਿਸ਼ੇਸ਼ ਮਾਹਰ ਅਤੇ ਪੇਸ਼ੇਵਰ ਹੁੰਦੇ ਹਨ ਅਤੇ ਕੁਝ ਸੁਤੰਤਰ ਹੁੰਦੇ ਹਨ। ਉਹ ਇਸ ਤਰ੍ਹਾਂ ਦੀਆਂ ਕਈ ਤਰ੍ਹਾਂ ਦੀਆਂ ਭੂਮਿਕਾਵਾਂ ਪ੍ਰਾਪਤ ਕਰਦੇ ਹਨ। ਬੁੱਧੀਜੀਵੀਆਂ ਦਾ ਉਭਾਰ ਉਨ੍ਹੀਵੀਂ ਸਦੀ ਦੇ ਅੰਤ ਵਿਚ ਫਰਾਂਸ ਵਿਚ 'ਦਿ ਡ੍ਰੀਮਜ਼ ਅਫੇਅਰ' ਵਿਚ ਦੇਖਿਆ ਜਾ ਸਕਦਾ ਹੈ। ਇਸ ਦੀ ਬਜਾਏ, ਇਹ ਸਮਾਂ ਜਨਤਕ ਜੀਵਨ ਵਿਚ ਬੁੱਧੀਜੀਵੀ ਦੇ ਪੂਰੇ ਉਭਾਰ ਲਈ ਮਹੱਤਵਪੂਰਨ ਹੈ। ਖਾਸ ਕਰਕੇ ਐਮੀਲ ਜ਼ੋਲਾ, ਓਕਟੇਵ ਮਿਰਬੇਉ ਅਤੇ ਐਨਾਟੋਲ ਫਰਾਂਸ ਦੀਆਂ ਭੂਮਿਕਾਵਾਂ ਦੇ ਨਾਲ, ਇਸ ਮਾਮਲੇ 'ਤੇ ਸਿੱਧੇ ਤੌਰ 'ਤੇ ਗੱਲ ਕਰਨ ਵਿਚ। ਬੁੱਧੀਜੀਵੀ ਸ਼ਬਦ ਉਸ ਸਮੇਂ ਤੋਂ ਵਧੇਰੇ ਜਾਣਿਆ ਜਾਂਦਾ ਹੈ। ਫ੍ਰੈਂਚ ਵਿਚ ਇੱਕ ਨਾਮ ਵਜੋਂ ਸ਼ਬਦ ਦੀ ਵਰਤੋਂ 1898 ਵਿਚ ਜਾਰਜਸ ਕਲੇਮੇਂਸੌ ਨੂੰ ਦਿੱਤੀ ਗਈ ਹੈ।

ਕਿਸੇ ਵੀ ਸਮਾਜ ਵਿਚ ਬੁੱਧੀਜੀਵੀਆਂ ਦੀ ਭੂਮਿਕਾ ਅਸਲ ਵਿਚ ਇਸਦੇ ਵਿਕਾਸ ਲਈ ਮਹੱਤਵਪੂਰਨ ਤੱਤਾਂ ਵਿਚੋਂ ਇੱਕ ਹੁੰਦੀ ਹੈ। ਬੁੱਧੀਜੀਵੀ, ਇਸਦਾ ਅੰਦਾਜ਼ਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਲਗਾਇਆ ਜਾ ਸਕਦਾ ਹੈ। ਫਰਾਂਸੀਸੀ ਕ੍ਰਾਂਤੀ ਉਨ੍ਹਾਂ ਲੋਕਾਂ ਦੁਆਰਾ ਭੜਕਾਈ ਗਈ ਸੀ, ਜਿਨ੍ਹਾਂ ਨੂੰ ਅਸੀਂ ਅੱਜ ਬੁੱਧੀਜੀਵੀਆਂ ਵਜੋਂ ਸ਼੍ਰੇਣੀਬੱਧ ਕਰਾਂਗੇ, ਲੈਨਿਨ ਅਤੇ ਉਸਦੇ ਜ਼ਿਆਦਾਤਰ ਸਾਥੀ ਬੁੱਧੀਜੀਵੀ ਸਨ। ਬੁੱਧੀਜੀਵੀਆਂ ਨੇ ਮੱਧ ਪੂਰਬ ਵਿਚ ਵਿਚਾਰਧਾਰਕ ਸੰਦੇਸ਼ਾਂ ਦੇ ਫੈਲਾਅ ਵਿਚ ਸਹਾਇਤਾ ਕੀਤੀ, ਜੋ ਤਬਦੀਲੀ ਅਤੇ ਸ਼ਾਂਤੀ ਲਈ ਚਿੰਤਤ ਅਸੰਤੁਸ਼ਟ, ਨਿਰਾਸ਼ ਅਤੇ ਨਿਰਾਸ਼ ਪੀੜ੍ਹੀਆਂ ਦੇ ਪ੍ਰਤੀਕ ਬਣ ਗਏ। ਰਾਜਨੀਤਿਕ ਪਾਰਟੀਆਂ ਅਤੇ ਪਾਦਰੀਆਂ ਨੇ ਬੁੱਧੀਜੀਵੀਆਂ ਦੀ ਵਰਤੋਂ ਆਪਣੀ ਸੰਗਠਨਾਤਮਕ ਸ਼ਕਤੀ ਅਤੇ ਰਾਜਨੀਤਿਕ ਨਿਯੰਤਰਣ ਨੂੰ ਵਧਾਉਣ ਲਈ ਕੀਤੀ। ਇਤਿਹਾਸਕ ਤੌਰ 'ਤੇ ਮੁਲਾਂਕਣ ਕਰਨ ਦਾ ਤਰੀਕਾ, ਕਿਸੇ ਵੀ ਸਮਾਜ 'ਤੇ ਬੁੱਧੀਜੀਵੀਆਂ ਦੇ ਪ੍ਰਭਾਵ ਦਾ ਉਸ ਸਮਾਜ 'ਤੇ ਨਿਰਭਰ ਕਰਦਾ ਹੈ, ਜਿਸ ਵਿਚ ਉਹ ਕੰਮ ਕਰ ਰਹੇ ਹਨ: ਜਿੱਥੇ ਸਿਵਲ ਸਮਾਜ ਕਮਜ਼ੋਰ ਹੈ, ਜਿੱਥੇ ਗੈਰ-ਅਨੁਕੂਲਤਾ ਨੂੰ ਨੀਵਾਂ ਸਮਝਿਆ ਜਾਂਦਾ ਹੈ, ਜਿੱਥੇ ਸਹਿਣਸ਼ੀਲਤਾ ਅਤੇ ਬਹੁਲਵਾਦ ਦੀ ਘਾਟ ਹੈ, ਬੁੱਧੀਜੀਵੀਆਂ ਨੂੰ ਸਮਾਜ ਨੂੰ ਵਧੇਰੇ ਖੁੱਲ੍ਹੇ ਰਾਜਨੀਤਿਕ ਅਤੇ ਨੈਤਿਕ ਮਾਹੌਲ ਵੱਲ ਲਿਜਾਣਾ ਮੁਸ਼ਕਲ ਹੋਵੇਗਾ। ਈਰਾਨੀ ਸਮਾਜ ਜਿੱਥੇ ਇਸਲਾਮ ਰਾਸ਼ਟਰੀ ਪਛਾਣ ਦੇ ਨਿਰਮਾਣ ਬਲਾਕਾਂ ਵਿਚੋਂ ਇੱਕ ਹੈ, ਆਲੋਚਨਾਤਮਕ ਬੁੱਧੀਜੀਵੀਆਂ ਲਈ ਤਬਦੀਲੀ ਅਤੇ ਪਰਿਵਰਤਨ ਲਈ ਤੱਤਾਂ ਨੂੰ ਜਾਇਜ਼ ਠਹਿਰਾਉਣ ਲਈ ਬਹੁਤ ਸਾਰੇ ਹੋਰ ਵਿਕਲਪ ਪੇਸ਼ ਕਰਦਾ ਪ੍ਰਤੀਤ ਹੁੰਦਾ ਹੈ। ਹਾਲਾਂਕਿ ਇਹ ਬਹੁਤ ਸਾਰੇ ਅਰਬ ਸਮਾਜਾਂ ਵਿਚ ਇੱਕੋ ਜਿਹਾ ਮਾਮਲਾ ਨਹੀਂ ਹੈ, ਜਿੱਥੇ ਇਸਲਾਮ ਹੈ, ਇੱਕ ਜਾਂ ਦੂਜੇ ਤਰੀਕੇ ਨਾਲ ਅਰਬਵਾਦ ਦੀ ਵਿਰਾਸਤ ਨਾਲ ਜੁੜਿਆ ਹੋਇਆ ਹੈ ਅਤੇ ਸੱਚੀ ਆਲੋਚਨਾਤਮਕ ਸੋਚ ਕਮਜ਼ੋਰ ਹੈ।

ਬੁੱਧੀਜੀਵੀ ਸਮਾਜ ਦੇ ਅੰਦਰ ਇੱਕ ਖਾਸ ਗਤੀਵਿਧੀ ਕਰਨ ਲਈ ਆਪਣੇ ਆਪ ਨੂੰ ਸਮਰਪਿਤ ਕਰਦਾ ਹੈ, ਜਿਸਦਾ ਉਦੇਸ਼ ਸੱਭਿਆਚਾਰ ਦੀ ਤਰੱਕੀ ਦੁਆਰਾ ਮਨੁੱਖਤਾ ਨੂੰ ਉੱਤਮ ਬਣਾਉਣਾ ਹੈ। ਇੱਕ ਵਿਦਵਾਨ ਦਾ ਇਹ ਫਰਜ਼ ਹੈ ਕਿ ਉਹ ਸੱਚਾਈ, ਗਿਆਨ ਜੋ ਸ਼ੁੱਧ ਤਰਕਸ਼ੀਲ ਸਿਧਾਂਤਾਂ ਤੋਂ ਪ੍ਰਾਪਤ ਹੁੰਦਾ ਹੈ, ਦੀ ਖੋਜ ਕਰਨ ਲਈ ਇੱਕ ਨਿਰਪੱਖ, ਉਦੇਸ਼ਪੂਰਨ ਪਹੁੰਚ ਅਪਣਾਏ, ਸ਼ਾਂਤੀ ਅਤੇ ਸੁਰੱਖਿਅਤ ਭਵਿੱਖ ਲਈ ਜਨਤਕ ਬਹਿਸਾਂ ਵਿਚ ਆਪਣੀ ਆਵਾਜ਼ ਸ਼ਾਮਲ ਕਰੇ। ਬੁੱਧੀਜੀਵੀ ਸਿਵਲ ਸਮਾਜ ਦੇ ਗਠਨ ਅਤੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਬੁੱਧੀਜੀਵੀ ਲੋਕਤੰਤਰੀਕਰਨ, ਤਾਨਾਸ਼ਾਹੀ ਸ਼ਾਸਨ, ਤਾਨਾਸ਼ਾਹੀ, ਪੱਛਮੀ ਉਦਾਰਵਾਦ, ਸੰਵਿਧਾਨਵਾਦ, ਰਾਸ਼ਟਰਵਾਦ, ਫਾਸ਼ੀਵਾਦ ਵਰਗੀਆਂ ਵਿਚਾਰਧਾਰਾਵਾਂ ਦਾ ਇਹ ਆਧਾਰ ਵੀ ਰਹੇ ਹਨ। ਬੁੱਧੀਜੀਵੀ ਆਧੁਨਿਕਤਾ ਦੇ ਸਭ ਤੋਂ ਮਹੱਤਵਪੂਰਨ ਸਮਾਜ-ਸ਼ਾਸਤਰਿਕ ਅਦਾਕਾਰ ਹਨ। ਆਲੋਚਨਾਤਮਕ ਤਰਕਸ਼ੀਲਤਾ ਅਤੇ ਨਾਗਰਿਕ ਆਜ਼ਾਦੀਆਂ ਲਈ ਉਨ੍ਹਾਂ ਦਾ ਸੰਘਰਸ਼ ਉਨ੍ਹਾਂ ਦੀ ਆਲੋਚਨਾ ਅਤੇ ਸਾਧਨ ਤਰਕਸ਼ੀਲਤਾ ਅਤੇ ਦਬਦਬੇ ਦੀ ਭਾਵਨਾ ਤੋਂ ਇਨਕਾਰ ਦੇ ਨਾਲ-ਨਾਲ ਜਾਂਦਾ ਹੈ। ਉਨ੍ਹਾਂ ਦੀਆਂ ਉੱਤਮ ਬੌਧਿਕ ਪ੍ਰਤਿਭਾਵਾਂ ਅਤੇ ਸਕਾਰਾਤਮਕ ਪੁੱਛਗਿੱਛ ਦੀਆਂ ਤਕਨੀਕਾਂ ਵਿਚ ਸਿਖਲਾਈ ਨੇ ਉਨ੍ਹਾਂ ਨੂੰ ਸਥਾਨਕ ਦ੍ਰਿਸ਼ਟੀਕੋਣਾਂ ਦੀਆਂ ਤੰਗ ਧਾਰਨਾਵਾਂ ਤੋਂ ਪਾਰ ਜਾਣ ਅਤੇ ਨੀਤੀ ਨਿਰਮਾਣ ਦੀ ਪ੍ਰਕਿਰਿਆ ਨੂੰ ਤਰਕਸੰਗਤ ਬਣਾਉਣ ਦੇ ਯੋਗ ਬਣਾਇਆ। ਲੀਡਰਸ਼ਿਪ ਦੀ ਸਥਿਤੀ ਵਿਚ, ਉਨ੍ਹਾਂ ਨੇ ਨੁਕਸ ਰਹਿਤ ਸਿੱਟਿਆਂ ਦੇ ਆਧਾਰ 'ਤੇ ਸ਼ਾਸਨ ਕੀਤਾ, ਪਿਛਲੀਆਂ ਪੀੜ੍ਹੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਅਤੇ ਸਮਾਜਿਕ ਸੰਗਠਨ ਦੇ ਉੱਤਮ ਰੂਪ ਸਥਾਪਤ ਕੀਤੇ। ਉਨ੍ਹਾਂ ਨੇ ਇਹ ਵੀ ਦੇਖਿਆ ਕਿ ਜਦੋਂ ਕਿ ਆਧੁਨਿਕ ਸਮਾਜ ਦਾ ਰਾਹ ਸੱਚਮੁੱਚ ਆਪਣੇ ਸੰਗਠਨ ਵਿਚ ਵਧੇਰੇ ਤਰਕਸ਼ੀਲ ਬਣ ਗਿਆ ਸੀ, ਇਸ ਤਬਦੀਲੀ ਨੇ ਵਿਅਕਤੀ ਦੀ ਵਧੇਰੇ ਆਜ਼ਾਦੀ ਨੂੰ ਨਹੀਂ ਵਧਾਇਆ, ਸਗੋਂ ਨੌਕਰਸ਼ਾਹੀ ਨਿਯੰਤਰਣ ਦੇ ਵਧਦੇ ਪੱਧਰ ਵਿਚ ਯੋਗਦਾਨ ਪਾਇਆ। ਇਸ ਰੁਝਾਨ ਦਾ ਨਤੀਜਾ ਸਮਾਜਿਕ ਸੰਸਾਰ ਵਿਚ ਵਧਦੀ ਤਰਕਹੀਣਤਾ ਸੀ, ਜਿੱਥੇ ਮਨੁੱਖੀ ਭਾਵਨਾਵਾਂ ਅਤੇ ਪੂਰਵ-ਆਧੁਨਿਕ ਸੋਚ ਦੀਆਂ ਆਦਤਾਂ ਪ੍ਰਚਲਿਤ ਰਹੀਆਂ। ਜਗੀਰੂ ਯੁੱਗ ਦੇ ਬਹੁਤ ਸਾਰੇ ਵਿਸ਼ਵਾਸ ਅਤੇ ਅੰਧਵਿਸ਼ਵਾਸ ਉਦਯੋਗਿਕ ਸਮਾਜ ਵਿਚ ਵਧਦੇ ਰਹੇ ਅਤੇ ਇਨ੍ਹਾਂ ਨੇ ਰਾਜਨੀਤਿਕ ਅਤੇ ਆਰਥਿਕ ਵਿਕਾਸ ਦੇ ਰਾਹ ਨੂੰ ਆਕਾਰ ਦਿੱਤਾ।

ਇੱਕ ਖੋਜਕਰਤਾ ਵਜੋਂ ਬੁੱਧੀਜੀਵੀ ਦੀ ਭੂਮਿਕਾ ਖੋਜਕਰਤਾ ਇੱਕ ਉਦੇਸ਼ਪੂਰਨ ਵਿਸ਼ਲੇਸ਼ਣ ਕਰਦੇ ਹਨ ਅਤੇ ਆਪਣੇ ਵਿਸ਼ੇ ਦੀ ਜਾਂਚ ਤੱਕ ਪਹੁੰਚ ਕਰਦੇ ਹਨ। ਬੁੱਧੀਜੀਵੀ ਇੱਕ ਧਾਰਨਾ ਪ੍ਰਤੀ ਜਾਗਰੂਕਤਾ ਵਿਕਸਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਅਜਿਹਾ ਕਰਦੇ ਹੋਏ ਉਹ ਖੋਜਕਰਤਾ ਦੀ ਭੂਮਿਕਾ ਪ੍ਰਾਪਤ ਕਰਦੇ ਹਨ। ਉਹ ਸਮਾਜਿਕ ਵਿਗਿਆਨਕ ਖੋਜ ਵਿਚ ਸ਼ਾਮਲ ਹੁੰਦੇ ਹਨ। ਉਹ ਆਪਣੇ ਖੁਦ ਦੇ ਸੂਚਿਤ ਦ੍ਰਿਸ਼ਟੀਕੋਣਾਂ ਨੂੰ ਵਿਕਸਤ ਕਰਨ ਵਿਚ ਵਿਗਿਆਨ ਅਤੇ ਪਿਛਲੀਆਂ ਪ੍ਰੰਪਰਾਵਾਂ ਦੇ ਸਿਧਾਂਤਾਂ ਨੂੰ ਲਾਗੂ ਕਰਦੇ ਹਨ। ਉਨ੍ਹਾਂ ਨੇ ਇਹ ਵੀ ਪਾਇਆ ਕਿ ਸਮਾਜਿਕ, ਵਿਗਿਆਨਕ ਕੰਮ, ਸਮਾਜਿਕ ਸੰਸਾਰ ਦੇ ਨਵੀਨਤਾਕਾਰੀ ਵਿਸ਼ਲੇਸ਼ਣ ਨੂੰ ਉਤਸ਼ਾਹਿਤ ਕਰ ਸਕਦਾ ਹੈ। ਇਨ੍ਹਾਂ ਖੋਜਕਰਤਾਵਾਂ ਨੇ ਆਪਣੀਆਂ ਉਤਸੁਕਤਾਵਾਂ ਅਤੇ ਵਿਦਵਤਾਪੂਰਨ ਰੁਚੀਆਂ ਦੇ ਆਧਾਰ 'ਤੇ ਆਪਣੀਆਂ ਜਾਂਚਾਂ ਦਾ ਆਯੋਜਨ ਕੀਤਾ, ਅਜਿਹਾ ਕਰਦੇ ਹੋਏ ਉਨ੍ਹਾਂ ਨੇ ਕੁਝ ਤੱਥ ਪ੍ਰਗਟ ਕੀਤੇ ਹਨ, ਜੋ ਜੇਕਰ ਉਨ੍ਹਾਂ ਨੇ ਖੋਜ ਨਾ ਕੀਤੀ ਹੁੰਦੀ, ਤਾਂ ਖੁੰਝ ਜਾਂਦੇ। ਸਮਾਜਿਕ ਸੰਸਾਰ ਵਿਚ ਉਨ੍ਹਾਂ ਦੀ ਨਿੱਜੀ ਸੂਝ ਨੇ ਖੋਜ ਨੂੰ ਵੱਡੇ ਪੱਧਰ 'ਤੇ ਸਹਾਇਤਾ ਕੀਤੀ ਹੈ। ਆਧੁਨਿਕ ਕ੍ਰਮ ਦੇ ਤੇਜ਼ ਬਦਲਾਅ ਲਈ ਇੱਕ ਨਿਰੰਤਰ ਗੁਣਾਤਮਕ ਤੌਰ 'ਤੇ ਵਿਲੱਖਣ ਮੁਲਾਂਕਣਾਂ ਦੀ ਲੋੜ ਹੁੰਦੀ ਹੈ। ਪੁਰਾਣੇ ਫਾਰਮੂਲੇ ਸਥਿਰ ਹੋ ਸਕਦੇ ਹਨ ਅਤੇ ਨਵੇਂ ਵਿਕਾਸ ਦੀ ਵਿਆਖਿਆ ਕਰਨ ਦੀ ਆਪਣੀ ਯੋਗਤਾ ਗੁਆ ਸਕਦੇ ਹਨ। ਇਸ ਸੰਦਰਭ ਵਿਚ ਬੁੱਧੀਜੀਵੀ ਦੀ ਭੂਮਿਕਾ ਵਰਤਮਾਨ ਵੱਲ ਲੈ ਜਾਣ ਵਾਲੇ ਰੁਝਾਨਾਂ ਦੇ ਸੰਬੰਧ ਵਿਚ ਦੁਨੀਆਂ ਦੀਆਂ ਰਚਨਾਤਮਕ ਵਿਆਖਿਆਵਾਂ ਤਿਆਰ ਕਰਨਾ ਹੈ। ਉਹ ਵਿਚਾਰ ਜੋ ਸਮਾਜਿਕ ਵਿਚਾਰ ਦੀ ਮੁੱਖ ਧਾਰਾ ਦੇ ਅਨੁਕੂਲ ਨਹੀਂ ਹਨ, ਵਿਕਲਪਿਕ ਦ੍ਰਿਸ਼ਟੀਕੋਣਾਂ ਨੂੰ ਅਪਣਾਉਣ ਵਿਚ ਦਿਲਚਸਪੀ ਰੱਖਣ ਵਾਲੇ ਦੂਜਿਆਂ ਦੀ ਸੋਚ ਵਿਚ ਯੋਗਦਾਨ ਪਾ ਸਕਦੇ ਹਨ। ਸਮਕਾਲੀ ਸਮਾਜਿਕ ਖੋਜ, ਭਾਵੇਂ ਰਾਜਨੀਤਿਕ ਹੋਵੇ ਜਾਂ ਵਿਗਿਆਨਕ, ਅੰਤ ਵਿਚ ਦੂਰਗਾਮੀ ਨਤੀਜੇ ਦੇ ਸਕਦੀ ਹੈ ਅਤੇ ਨੈਤਿਕਤਾ ਦੇ ਇਨ੍ਹਾਂ ਦੋ ਸਮੂਹਾਂ ਦੇ ਢਾਂਚੇ ਦੇ ਅੰਦਰ ਕੰਮ ਕਰਨ ਵਾਲੇ ਬੁੱਧੀਜੀਵੀ ਆਧੁਨਿਕ ਸਮਾਜਿਕ ਵਿਵਸਥਾ ਦੀਆਂ ਭਵਿੱਖ ਦੀਆਂ ਦਿਸ਼ਾਵਾਂ ਨੂੰ ਆਕਾਰ ਦੇਣ ਵਿਚ ਪ੍ਰਭਾਵਸ਼ਾਲੀ ਹੋ ਸਕਦੇ ਹਨ।

ਇੱਕ ਰਾਜਨੀਤਿਕ ਸਲਾਹਕਾਰ ਵਜੋਂ ਬੁੱਧੀਜੀਵੀ ਦੀ ਭੂਮਿਕਾ ਬੌਧਿਕ ਸ਼ਮੂਲੀਅਤ ਇੱਕ ਰਾਜਨੀਤਿਕ ਲੀਡਰਸ਼ਿਪ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਰਾਜਨੀਤਿਕ ਨੇਤਾਵਾਂ ਨੂੰ ਸਲਾਹ ਦੇਣ ਦੀ ਅਧਿਕਾਰਤ ਸਮਰੱਥਾ ਵਿਚ ਕੰਮ ਕਰਨ ਵਾਲੇ ਬੁੱਧੀਜੀਵੀ ਰਾਜਨੀਤਿਕ ਨੇਤਾਵਾਂ ਨੂੰ ਵਿਸ਼ਲੇਸ਼ਣ ਪੇਸ਼ ਕਰਦੇ ਹਨ, ਜੋ ਫਿਰ ਆਪਣੇ ਵਿਸ਼ਵਾਸਾਂ ਅਤੇ ਜ਼ਿੰਮੇਵਾਰੀ ਦੀ ਭਾਵਨਾ ਦੇ ਆਧਾਰ 'ਤੇ ਫੈਸਲੇ ਲੈਂਦੇ ਹਨ। ਬੁੱਧੀਜੀਵੀ ਉਸ ਗਿਆਨ ਨੂੰ ਵਧਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਜਿਸ 'ਤੇ ਫੈਸਲੇ ਲਏ ਜਾ ਸਕਦੇ ਹਨ। ਉਹ ਰਾਜਨੀਤਿਕ ਖੇਤਰ ਵਿਚ ਆਪਣੇ ਗਿਆਨ ਦੀ ਵਰਤੋਂ ਕਰਦੇ ਹਨ, ਜੋ ਅੱਗੇ ਜਾ ਕੇ ਵਿਹਾਰਕ ਨੀਤੀ ਵਿਕਲਪਾਂ ਵਿਚ ਅਨੁਵਾਦ ਹੁੰਦਾ ਹੈ। ਖੋਜ ਅਤੇ ਰਾਜਨੀਤੀ ਦੋਵਾਂ ਵਿਚ ਹੱਥ ਹੋਣ ਕਰਕੇ, ਰਾਜਨੀਤਿਕ ਬੁੱਧੀਜੀਵੀ ਸਮਾਜਿਕ ਵਿਗਿਆਨਕ ਪੁੱਛਗਿੱਛ ਅਤੇ ਨੀਤੀ-ਨਿਰਮਾਣ ਵਿਚਕਾਰ ਮਹੱਤਵਪੂਰਨ ਸਬੰਧ ਪ੍ਰਦਾਨ ਕਰ ਸਕਦਾ ਹੈ। ਉਨ੍ਹਾਂ ਦਾ ਕੰਮ ਵੱਡੀਆਂ ਸਮੱਸਿਆਵਾਂ ਨੂੰ ਪ੍ਰਗਟ ਕਰਨਾ ਅਤੇ ਇਸਦਾ ਹੱਲ ਕੱਢਣ ਦਾ ਸੁਝਾਅ ਦੇਣਾ ਹੈ। ਕਿਉਂਕਿ ਨੀਤੀਆਂ ਜਨਤਾ ਲਈ ਬਣਾਈਆਂ ਜਾਣੀਆਂ ਹਨ, ਇਸ ਲਈ ਬੁੱਧੀਜੀਵੀ ਪ੍ਰਸਤਾਵਿਤ ਕਾਰਵਾਈਆਂ ਦੁਆਰਾ ਲੋਕਾਂ ਦੇ ਜੀਵਨ ਨੂੰ ਕਿਵੇਂ ਬਦਲਿਆ ਜਾਵੇਗਾ, ਇਸ ਬਾਰੇ ਇੱਕ ਕੀਮਤੀ ਸਮਝ ਪ੍ਰਦਾਨ ਕਰਦੇ ਹਨ। ਸਲਾਹਕਾਰ ਦੀ ਜ਼ਿੰਮੇਵਾਰੀ ਇਹ ਵੀ ਹੈ ਕਿ ਉਹ ਨੇਤਾਵਾਂ ਦਾ ਧਿਆਨ ਵਿਚਾਰੇ ਜਾ ਰਹੇ ਕੰਮਾਂ ਦੇ ਲੰਬੇ ਸਮੇਂ ਦੇ ਨਤੀਜਿਆਂ ਵੱਲ ਖਿੱਚੇ ਅਤੇ ਆਪਣੇ ਸੁਝਾਅ ਦੇਣ। ਰਾਜਨੀਤਿਕ ਬੁੱਧੀਜੀਵੀਆਂ ਦੀ ਅਣਹੋਂਦ ਵਿਚ, ਨੀਤੀ ਨਿਰਮਾਣ ਨੌਕਰਸ਼ਾਹੀ ਮੁਖੀ ਪ੍ਰਬੰਧਕਾਂ ਦੇ ਹੱਥਾਂ ਵਿਚ ਆਉਂਦਾ ਰਹੇਗਾ।

ਇੱਕ ਸਿੱਖਿਅਕ ਵਜੋਂ ਬੁੱਧੀਜੀਵੀ ਦੀ ਭੂਮਿਕਾ ਉਦਯੋਗਿਕ-ਤਕਨੀਕੀ ਸਮਾਜ ਵਿਚ, ਉਹ ਜਨਤਕ ਰਾਏ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਸਮਾਜਿਕ ਸੰਸਾਰ ਦੇ ਮੁਲਾਂਕਣ ਪ੍ਰਦਾਨ ਕਰਦੇ ਹਨ, ਜੋ ਗਿਆਨਵਾਨ ਹਨ। ਸਿੱਖਿਅਕਾਂ ਵਜੋਂ ਉਨ੍ਹਾਂ ਦਾ ਉਦੇਸ਼ ਸਮਕਾਲੀ ਸੰਸਾਰ ਦੀਆਂ ਵਿਆਖਿਆਵਾਂ ਪੇਸ਼ ਕਰਨਾ ਹੈ, ਜੋ ਘੱਟ ਜਾਣਕਾਰੀ ਵਾਲੇ ਵਿਅਕਤੀਆਂ ਦੀ ਗਿਆਨਵਾਨ ਢੰਗ ਨਾਲ ਮਾਮਲਿਆਂ ਵਿਚ ਹਿੱਸਾ ਲੈਣ ਦੀ ਸਮਰੱਥਾ ਨੂੰ ਵਧਾਉਂਦਾ ਹੈ। ਅਜਿਹੇ ਬੁੱਧੀਜੀਵੀਆਂ ਦਾ ਇੱਕ ਹੋਰ ਟੀਚਾ ਆਪਣੇ ਚੇਲਿਆਂ ਨੂੰ ਕਲਾਸਰੂਮ ਵਿਚ ਅਤੇ ਵਿਦਵਤਾਪੂਰਨ ਗੱਲਬਾਤ ਦੇ ਪੱਧਰ 'ਤੇ ਆਲੋਚਨਾਤਮਕ ਤੌਰ 'ਤੇ ਸੋਚਣਾ ਸਿਖਾਉਣਾ ਹੈ। ਉਨ੍ਹਾਂ ਦੀ ਸਿੱਖਿਆ ਜਨਤਾ ਦੇ ਨੈਤਿਕ ਤੰਤੂ ਨੂੰ ਮਜ਼ਬੂਤ ਕਰਨ ਅਤੇ ਸਕਾਰਾਤਮਕ ਪੁੱਛਗਿੱਛ ਦੇ ਨਤੀਜਿਆਂ ਵਿਚ ਆਧੁਨਿਕਤਾ ਦੀ ਨੈਤਿਕਤਾ ਨੂੰ ਆਧਾਰ ਬਣਾਉਣ ਦੀ ਪੇਸ਼ਕਸ਼ ਕਰਦੀ ਹੈ। ਉਹ ਇੱਕ ਦਿੱਤੇ ਸੱਭਿਆਚਾਰ ਦੇ ਵੱਖ-ਵੱਖ ਨੈਤਿਕਤਾਵਾਂ ਦੀ ਜਾਂਚ ਕਰਦੇ ਹਨ, ਉਨ੍ਹਾਂ ਦਾ ਮੁਲਾਂਕਣ ਕਰਦੇ ਹਨ ਅਤੇ ਉਨ੍ਹਾਂ ਦੀ ਆਲੋਚਨਾ ਵਿਕਸਿਤ ਕਰਦੇ ਹਨ ਅਤੇ ਅਜਿਹਾ ਕਰਦੇ ਸਮੇਂ ਉਹ ਇੱਕ ਯੋਜਨਾਬੱਧ ਪੁੱਛਗਿੱਛ ਨੂੰ ਪ੍ਰੇਰਿਤ ਕਰਦੇ ਹਨ

ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
ਪੰਜਾਬ ਮੇਲ USA



# ਦੁਬਈ ਮਰੀਨਾ ਹੈ: ਆਲੀਸ਼ਾਨ ਗਗਨਚੁੰਬੀ ਇਮਾਰਤਾਂ ਵਾਲਾ ਲਗਜ਼ਰੀ ਇਲਾਕਾ

## ਟੋਰਾਂਟੋ ਤੋਂ ਦੁਬਈ ਦੂਰ



ਦੁਬਈ ਮਰੀਨਾ- ਪਾਮ ਜੁਮੇਰਾਹ ਦੇ ਨਾਲ ਲੱਗਦਾ ਇਹ ਆਲੀਸ਼ਾਨ ਵਾਟਰਫਰੰਟ ਜ਼ਿਲਾ ਚਮਕਦਾਰ ਗਗਨਚੁੰਬੀ ਇਮਾਰਤਾਂ, ਖਾਸ ਰਿਹਾਇਸ਼ਾਂ ਅਤੇ ਹਵਾਦਾਰ ਬੁਲੇਵਾਰਡਾਂ ਨਾਲ ਕਤਾਰਬੱਧ ਹੈ। ਇਹ ਪੂਰੀ ਤਰ੍ਹਾਂ ਇਨਸਾਨ ਦੁਆਰਾ ਬਣਾਏ ਗਏ ਹਨ। ਦੁਬਈ ਮਰੀਨਾ ਨੂੰ ਆਪਣੀ ਜੀਵੰਤ ਵਾਟਰਫਰੰਟ ਜੀਵਨਸ਼ੈਲੀ, ਲਗਜ਼ਰੀ ਉੱਚ ਪੱਧਰੀ ਅਪਾਰਟਮੈਂਟਸ, ਵਿਸ਼ਵ ਪੱਧਰੀ ਭੋਜਨ ਅਤੇ ਮਨੋਰੰਜਨ ਵਿਕਲਪਾਂ ਲਈ ਜਾਣਿਆ ਜਾਂਦਾ ਹੈ। ਇਹ ਦੁਬਈ 'ਚ ਰਹਿਣ ਲਈ ਸਭ ਤੋਂ ਮਸ਼ਹੂਰ ਤੇ ਸਭ ਤੋਂ ਅਮੀਰ ਇਲਾਕਿਆਂ ਵਿਚੋਂ ਇੱਕ ਹੈ। ਤੁਸੀਂ ਪਾਮ ਜੁਮੇਰਾਹ ਤੋਂ ਡੇਲੀ ਆਪਣੀ ਖਿੜਕੀ ਤੋਂ ਸਮੁੰਦਰ ਦੇਖ ਸਕਦੇ ਹੋ। ਪਾਮ ਜੁਮੇਰਾਹ ਕੋਲ ਉਹ ਸਭ ਕੁੱਝ ਹੈ, ਜੋ ਤੁਹਾਨੂੰ ਲਗਜ਼ਰੀ ਵਿਲਾ ਅਤੇ ਅਪਾਰਟਮੈਂਟਸ ਤੋਂ ਲੈ ਕੇ ਪੰਜ-ਸਿਤਾਰਾ ਹੋਟਲਾਂ ਤੇ ਬੀਚਾਂ ਤੱਕ ਸ਼ਾਨਦਾਰ ਲਈ ਜ਼ਰੂਰੀ ਹੈ।

ਦੁਬਈ ਮਰੀਨਾ ਉਰਫ ਮਾਰਸਾ ਦੁਬਈ, ਦੁਬਈ ਸੰਯੁਕਤ ਅਰਬ ਅਮੀਰਾਤ ਦਾ ਇੱਕ ਜ਼ਿਲਾ ਹੈ। ਇਹ ਇੱਕ ਨਕਲੀ ਨਹਿਰ ਵਾਲਾ ਸ਼ਹਿਰ ਹੈ, ਜੋ ਫਾਰਸ ਦੀ ਖਾੜ੍ਹੀ ਦੇ ਕਿਨਾਰੇ ਦੇ 2 ਮੀਲ ਹਿੱਸੇ ਦੇ ਨਾਲ ਬਣਾਇਆ ਗਿਆ ਹੈ, ਜਿਸਦੀ ਆਬਾਦੀ 2018 ਤੱਕ 55,052 ਸੀ। ਇੱਥੇ 120,000 ਤੋਂ ਵੱਧ ਲੋਕ ਬੈਠ ਸਕਦੇ ਹਨ। ਇਹ ਇੰਟਰਚੇਂਜ5 'ਤੇ ਜੇਬਲ ਅਲੀ ਪੋਰਟ ਅਤੇ ਉਸਦੇ ਖੇਤਰ ਦੇ ਵਿਚਕਾਰ ਸਥਿਤ - ਜੋ ਦੁਬਈ ਇੰਟਰਨੈੱਟ ਸਿਟੀ, ਦੁਬਈ ਮੀਡੀਆ ਸਿਟੀ ਅਤੇ ਦੁਬਈ 'ਚ ਅਮਰੀਕੀ ਯੂਨੀਵਰਸਿਟੀ ਦੀ ਮੇਜ਼ਬਾਨੀ ਕਰਦਾ ਹੈ। ਦੁਬਈ ਮਰੀਨਾ ਵੈਨਕੂਵਰ, ਬੀ.ਸੀ., ਕੈਨੇਡਾ 'ਚ ਫਾਲਸ ਕ੍ਰੀਕ ਦੇ ਨਾਲ ਕੰਕਰੋਡ ਪੈਸੀਫਿਕ ਪਲੇਸ ਦੇ ਵਿਕਾਸ ਤੋਂ ਪ੍ਰੇਰਿਤ ਸੀ। ਸਮੁੰਦਰੀ ਜੰਗਲੀ ਜੀਵ-ਵੇਲ, ਸ਼ਾਰਕ ਖੁੱਲੇ ਸਮੁੰਦਰ ਦੇ ਨੇੜੇ ਹੋਣ ਕਰਕੇ ਮਰੀਨਾ 'ਚ ਦਾਖਲ ਹੋਣ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਵੀ ਹਨ।

- ਦੁਬਈ ਮਰੀਨਾ ਪਹਿਲਾ ਪੜਾਅ 25 ਏਕੜ ਨੂੰ ਕਵਰ ਕਰਦਾ ਹੈ, ਜਿਸ 'ਚ 6 ਫ੍ਰੀ ਹੋਲਡ ਅਪਾਰਟਮੈਂਟ ਬਿਲਡਿੰਗਾਂ ਸ਼ਾਮਲ ਹਨ। ਦੁਬਈ ਮਰੀਨਾ ਦੇ ਇਸ ਪੜਾਅ ਦੀ ਲਾਗਤ 1.2 ਬਿਲੀਅਨ ਤੋਂ ਵੱਧ ਦੱਸੀ ਜਾਂਦੀ ਹੈ। ਤਿੰਨ ਟਾਵਰਾਂ ਦਾ ਨਾਂ ਕੀਮਤੀ ਪੱਥਰਾਂ 'ਤੇ ਰੱਖਿਆ ਗਿਆ ਹੈ: ਅਲ ਮਾਸ, ਫੇਰੋਜ਼ ਮੁਰਜ਼ਾਨ ਅਤੇ ਬਾਕੀ ਤਿੰਨ ਟਾਵਰਾਂ ਦਾ ਨਾਂ ਅਰਬੀ ਸੈਂਟ ਦੇ ਨਾਂ 'ਤੇ ਰੱਖਿਆ ਗਿਆ ਹੈ: ਮੇਸਕ, ਅਨਬਰ ਅਤੇ ਅਲਯਾਸ। ਇਹ ਸਕੀਮ ਐੱਚ.ਓ.ਕੇ. ਦੁਆਰਾ ਤਿਆਰ ਕੀਤੀ ਗਈ, ਜਿਸਦੇ ਠੇਕੇਦਾਰ ਅਲ-ਫੁਤੈਮ ਕੈਰੀਲੀਅਨ ਅਤੇ ਨਾਸਾਹ ਮਲਟੀਪਲੈਕਸ ਸਨ।
- ਦੁਬਈ ਮਰੀਨਾ ਦੇ ਫੇਸ-2 'ਚ ਉੱਚੀਆਂ ਇਮਾਰਤਾਂ 'ਚ ਮੁੱਖ ਤੌਰ 'ਤੇ ਜੋ ਇੱਕ ਬਲਾਕ ਵਿਚ ਕਲੱਸਟਰ ਹੁੰਦੀਆਂ ਹਨ, ਜਿਸਨੂੰ ਵਿਸ਼ਵ 'ਚ ਸਭ ਤੋਂ ਉੱਚਾ ਬਲਾਕ ਕਿਹਾ ਜਾਂਦਾ ਹੈ। ਜਿਸ 'ਚ ਜ਼ਿਆਦਾਤਰ ਗਗਨਚੁੰਬੀ ਇਮਾਰਤਾਂ 250 ਮੀਟਰ ਤੋਂ 300 ਮੀਟਰ ਵਿਚਕਾਰ ਹਨ। ਇਸ 'ਚ ਕੈਆਨ ਟਾਵਰ, ਓਸ਼ੀਅਨ ਹਾਈਟਸ, ਮਰੀਨਾ ਪਿਨੈਕਲ, ਸੁਲਾਫਾ ਟਾਵਰ ਅਤੇ ਸੀਏਲ ਟਾਵਰ ਹਨ, ਜੋ ਕਿ 366 ਮੀਟਰ ਤੱਕ ਹਨ।






- ਅਲ ਸਾਹਬ ਇੱਕ ਰਿਹਾਇਸ਼ੀ ਵਿਕਾਸ, ਜਿਸ ਦੇ 2 ਟਾਵਰ ਹਨ: ਕੰਪਲੈਕਸ ਵਾਟਰਫਰੰਟ 'ਤੇ ਹੈ ਅਤੇ ਦੁਬਈ ਮਰੀਨਾ ਵਿਖੇ ਪਾਣੀ ਦੀ ਸਭ ਤੋਂ ਵੱਡੀ ਖਾੜੀ ਨੂੰ ਸਿੱਧਾ ਨਜ਼ਰਅੰਦਾਜ਼ ਕਰਦਾ ਹੈ। ਇਮਾਰਤਾਂ ਮਰੀਨਾ ਦੇ ਉੱਤਰੀ ਸਿਰੇ 'ਚ ਮਰੀਨਾ ਕੁਏਜ਼ ਦੇ ਨੇੜੇ ਅਲ ਮਜਾਰਾ ਟਾਵਰਜ਼ ਤੋਂ ਪਾਰ ਹਨ।
- ਮਰੀਨਾ ਕਵੇਜ਼ ਆਰਿਫ ਅਤੇ ਬਿਨਟੋਕ ਦੁਆਰਾ ਡਿਜ਼ਾਇਨ ਕੀਤਾ ਗਿਆ ਇੱਕ ਕੰਪਲੈਕਸ ਹੈ, ਜੋ ਕੋਨਕੋਰਡ ਟਾਵਰ ਲਈ ਵੀ ਜ਼ਿੰਮੇਵਾਰ ਹੈ। 2016 ਤੱਕ, ਇਮਾਰਤਾਂ 'ਚ ਪੈਂਟਾਹਾਊਸ ਦਸ ਮਿਲੀਅਨ ਦਿਰਹਾਮ ਤੋਂ ਵੱਧ 'ਚ ਵੇਚੇ ਗਏ। 2018 'ਚ ਮਰੀਨਾ ਕਵਾਜ਼ ਲਈ ਇੱਕ ਬਰੇਕਟਾਵਰ ਬਣਾਉਣ ਲਈ ਪੰਜ ਮਿਲੀਅਨ ਚੱਟਾਨ ਜੋੜਿਆ ਗਿਆ ਸੀ। ਦੁਬਈ ਮਰੀਨਾ ਜਾ ਕੇ ਲੱਗਦਾ ਹੈ ਕਿ ਵਾਕਈ ਜੰਨਤ ਵਾਲੇ ਇਲਾਕੇ 'ਚ ਪਹੁੰਚ ਗਏ ਹੋਵੋ। ਅਗਲੀ ਵਾਰ ਕਿਸੇ ਹੋਰ ਅਨੁਭਵ ਬਾਰੇ ਚਰਚਾ ਕਰਾਂਗੇ।

## ਸਵਾਦ

ਜੀ ਤਾਂ ਕਰਦਾ ਤੀਲਾ ਤੀਲਾ ਖਿਲਰ ਜਾਉਂ
ਪਰ ਬਾਪ ਦੀ ਨਸੀਹਤ ਦਾ ਖਿਆਲ ਆ ਜਾਂਦਾ,
ਬਝੀ ਹੋਈ ਗੰਢ ਕਾ ਸਵਾਦ ਅਪਨਾ
ਖਿਆਲ, ਰੂਹ, ਜਿਸਮ ਪਰ ਵਾਰ ਇਤਨੇ
ਉਸ ਕੇ ਹੱਥੋਂ ਕਤਲ ਹੋਇਆ ਹਾਂ,
ਇਸ ਦਾ ਸਵਾਦ ਅਪਨਾ
ਬਸਰ ਹੂੰ ਹੌਲੀ ਹੌਲੀ ਬੀਤ ਜਾਊਂਗਾ
ਪਰ ਯਾਰੋ ਜੀਨੇ ਕਾ ਸਵਾਦ ਅਪਨਾ,
ਕੁੱਝ ਗੁਰਬਤ ਸੀ, ਕੁੱਝ ਬਿਖੜਾ ਸਮਾਂ ਥਾ,
ਏਹੀ ਬਾਤ ਹੈ ਮਜਬੂਤੀ ਸੇ ਜੀਨੇ ਕਾ ਸਵਾਦ ਆਪਣਾ
ਏਕ ਬਾਰ ਨਹੀਂ ਕਈ ਬਾਰ,
ਜਿਬ੍ਹਾ ਕੀਤਾ ਉਸ ਨੇ
ਫਿਰ ਅਗੜਾਈ ਲੈ ਕੇ ਉਠਣ ਦਾ
ਯਾਰੋ ਸਵਾਦ ਆਪਣਾ
ਉਸ ਦੇ ਆਉਣ 'ਤੇ ਫਿਰ
ਮੈਂ ਕੁੱਝ ਸੁਆਰ ਸਾਂਭ ਫੁੱਲ ਰੱਖੇ
ਜੇ ਦਸਤਕ ਦੇ ਕੇ ਆਉਂਦਾ
ਇਸ ਦਾ ਸੀ ਸਵਾਦ ਆਪਣਾ
ਉਹ ਜਦ ਵੀ ਮਿਲਿਆ
ਗਿਲੇ ਸ਼ਿਕਵੇ ਦੀ ਪੰਡ ਲੈ ਕੇ
ਕਦੇ ਤਾਂ ਨਿਰਛਲ ਤੋਂ ਨਿਰਮਲ ਹੋ ਮਿਲਦਾ
ਇਸ ਦਾ ਸੀ ਸਵਾਦ ਆਪਣਾ
ਚਲੋਂ ਖਿਲਰਨੇ ਬਿਖਰਨੇ ਸੇ ਕਿਆ ਫਾਇਦਾ,
ਚਲੋਂ ਇਕ ਗੰਢ 'ਚ ਬੱਝ ਜਾਉ,
ਇਸ ਤਰ੍ਹਾਂ ਜਿਊਣ ਦਾ ਵੀ ਯਾਰੋ ਸਵਾਦ ਆਪਣਾ।



-ਦਿਲਜੀਤ ਸਿੰਘ ਬੇਦੀ
ਪੰਜਾਬ ਮੇਲ USA

## ਨਕਲੀ ਚਿਹਰੇ

ਨਕਲੀ ਚਿਹਰੇ ਵਿੱਚੋਂ ਹੋਰ
ਠਿੱਬੀ ਲਾਉਣ ਨੂੰ ਲਾਉਂਦੇ ਜ਼ੋਰ
ਸਾਹਮਣੇ ਕਰਨ ਉਹ ਜੈ ਜੈਕਾਰ
ਪਿੱਛੋਂ ਕਰਨ ਹੋਰ ਦੀ ਹੋਰ

ਮੂੰਹ ਦੇ ਮਿਠੜੇ ਕਲਾਵੇ ਲੈਣ
ਦਿਲ ਦੇ ਵਿਚ ਕੋਈ ਖੋਟ ਹੋਰ
ਕਹਿਣ ਭਾਵੇਂ ਉਹ ਅਸੀਂ ਹਾਂ ਤੇਰੇ
ਅੰਦਰੋਂ ਨੇ ਉਹ ਵੱਡੇ ਚੋਰ

ਮੁਖੌਟਾ ਲਾ ਕੇ ਵਿਚਰਨ ਉਹ
ਕੀਤਾ ਨਾ ਕਦੇ ਇਸ 'ਤੇ ਗੌਰ
ਭੇਤ ਨ ਪਵੇ ਕਦੇ ਕਿਸੇ ਦਾ
ਲਾ ਲਓ ਭਾਵੇਂ ਜਿੰਨਾ ਜ਼ੋਰ
'ਰੰਧਾਵਾ' ਨਹੀਂ ਹੈ ਇੱਡਾ ਭੋਲਾ
ਰਹਿੰਦਾ ਹਰ ਦਮ ਆਪਣੀ ਟੌਰ
ਦੁਨੀਆਂ ਦੇਖੀ ਹੰਡੀ ਵਰਤੀ
ਤੂੰ ਨਹੀਂ ਤਾਂ ਬਥੇਰੇ ਹੋਰ



-ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
ਫੋਨ: +1 (916) 320-9444
ਪੰਜਾਬ ਮੇਲ USA

## ਬਲਿਊ ਸਟਾਰ 84

ਤੂੰ ਸਰਕਾਰੇ ਲੰਬਾ ਸਮਾਂ ਰਾਜ ਕਰ ਲੈਂਦੀ
ਕਿਉਂ ਆਢਾ ਸੰਤਾਂ ਨਾਲ ਸੀ ਲਾ ਬੈਠੀ!
ਤੂੰ ਮੁਗਲਾਂ ਦਾ ਇਤਿਹਾਸ ਪਹਿਲਾਂ ਪੜ੍ਹ ਲੈਂਦੀ
ਜੋ ਹਕੂਮਤ ਆਪਣਾ ਰਾਜ ਖ਼ਤਮ ਕਰਾ ਬੈਠੀ!
ਤੂੰ ਹਮਲੇ ਤੋਂ ਪਹਿਲਾਂ ਹੋਰ ਢੰਗ ਵਰਤ ਲੈਂਦੀ
ਕਿਉਂ ਘੱਟ ਗਿਣਤੀ ਨੂੰ ਨਿਸ਼ਾਨਾ ਬਣਾ ਬੈਠੀ!
ਤੂੰ ਦੇਸ਼ ਦੀ ਮਾਲਕ ਸੂਝ-ਬੂਝ ਤੋਂ ਕੰਮ ਲੈਂਦੀ
ਪਰ ਤੂੰ ਆਪਣੀ ਅਕਲ 'ਤੇ ਪਰਦਾ ਪਾ ਬੈਠੀ!
ਤੂੰ ਬਿਜਲੀ ਪਾਣੀ ਸਪਲਾਈ ਬੰਦ ਕਰ ਲੈਂਦੀ
ਖੂਨ ਖਰਾਬੇ ਦੀ ਕਿਸ ਤੋਂ ਲੈ ਸਲਾਹ ਬੈਠੀ!
ਤੂੰ ਮੱਸੇ ਰੰਗੜ ਦਾ ਇਤਿਹਾਸ ਹੀ ਪੜ੍ਹ ਲੈਂਦੀ
ਸੁਖਾ ਸਿੰਘ ਮਹਿਤਾਬ ਸਿੰਘ ਨੂੰ ਭੁਲਾ ਬੈਠੀ!
ਤੂੰ ਸਿੱਖ ਕੌਮ ਦੀ ਸ਼ਰਧਾ ਨੂੰ ਜਾਣ ਲੈਂਦੀ
ਕੀ ਸੋਚ ਟੈਂਕ ਵਾੜ ਕੇ ਤੋਪਾਂ ਚਲਾ ਬੈਠੀ!
ਤੂੰ ਬੰਦਾ ਸਿੰਘ ਦਾ ਇਤਿਹਾਸ ਵਿਚਾਰ ਲੈਂਦੀ
ਮੁੱਲਾਂਪੁਰ ਕਿਉਂ ਮੱਥੇ 'ਤੇ ਕਲੰਕ ਲਵਾ ਬੈਠੀ!



-ਸੁਖਵਿੰਦਰ ਸਿੰਘ ਮੁੱਲਾਂਪੁਰ
ਕੈਲਪੁਰ ਰੋਡ, ਮੁੱਲਾਂਪੁਰ ਦਾਖਾ
ਪੰਜਾਬ ਮੇਲ USA

## ਰੇਖਾਵਾਂ

ਰੇਖਾਵਾਂ ਅਕਸਰ ਬਰੀਕ ਜਿਹੀਆਂ,
ਕਿਤੇ ਤਿੱਖੀਆਂ ਸ਼ਮਸ਼ੀਰ ਜਿਹੀਆਂ,
ਅਟੱਲ ਅਤੇ ਅਹਿੱਲ ਜਿਹੀਆਂ,
ਕਿਤੇ ਜੀਵਨ ਦੀ ਅਖੀਰ ਜਿਹੀਆਂ,

ਕਦੀ ਤਿੱਖੀਆਂ ਵਾਂਗਰ ਤੀਰਾਂ ਦੇ,
ਕਦੀ ਝੁਕੀਆਂ ਵਾਂਗ ਫ਼ਕੀਰਾਂ ਦੇ,
ਕਦੀ ਵਿੰਗੀਆਂ ਟੇਢੀਆਂ ਵਾਲ ਜਿਹੀਆਂ,
ਕਦੀ ਸਿੱਧੀਆਂ ਵਾਂਗ ਸਤੀਰ ਜਿਹੀਆਂ।

ਦਿਲ, ਹੱਥਾਂ ਅਤੇ ਮੱਥਿਆਂ ਦੇ,
ਅਣ ਉਘੜੇ ਲੇਖ ਸਮਝਾਵਣ ਲਈ,
ਅੱਖਾਂ ਵਿਚ ਅੱਖਾਂ ਨੂੰ ਪਾ ਕੇ,
ਦੱਸਣ ਵਾਲੀ ਤਕਦੀਰ ਜਿਹੀਆਂ।

ਲੋਕਾਂ ਨੂੰ ਲੋਕਾਂ ਤੋਂ ਵੰਡ ਕੇ ਤੇ,
ਗਾਹ ਧਰਤ ਪਾਤਾਲ ਦੇ ਕਈ ਖ਼ਾਕੇ,
ਸਮੁੰਦਰ ਆਕਾਸ਼ ਵੀ ਸਰ ਕਰਕੇ,
ਅੜ ਜਾਂਦੀਆਂ ਬਣ ਬਲਬੀਰ ਜਿਹੀਆਂ।

ਕੋਈ ਲਛਮਣ ਦੀ ਦਿੱਤੀ ਕਾਰ ਜਿਹੀਆਂ,
ਕੋਈ ਸੀਤਾ ਦੇ ਸਤ ਸਤਿਕਾਰ ਜਿਹੀਆਂ,
ਕਈ ਮਰਯਾਦਾਵਾਂ ਦੀ ਹੱਦ ਜਿਹੀਆਂ,
ਕਈ ਇੱਜ਼ਤਾਂ ਦੀ ਲਕੀਰ ਜਿਹੀਆਂ।

ਨਫ਼ਰਤਾਂ ਦੇ ਬੁਣੇ ਕਈ ਜਾਲ਼ ਜਿਹੀਆਂ,
ਧਰਮਾਂ ਦੇ ਪਾਏ ਭੁਚਾਲ਼ ਜਿਹੀਆਂ,
ਕਈ ਸੁੱਚੇ ਰਿਸ਼ਤਿਆਂ ਦੀ ਪੀੜ ਜਿਹੀਆਂ,
ਭੈਣਾਂ ਦੇ ਸੋਹਣੇ ਵੀਰ ਜਿਹੀਆਂ।

ਰੇਖਾਵਾਂ ਅਕਸਰ ਬਰੀਕ ਜਿਹੀਆਂ,
ਕਿਤੇ ਤਿੱਖੀਆਂ ਸ਼ਮਸ਼ੀਰ ਜਿਹੀਆਂ,
ਅਟੱਲ ਅਤੇ ਅਹਿੱਲ ਜਿਹੀਆਂ,
ਕਿਤੇ ਜੀਵਨ ਦੀ ਅਖੀਰ ਜਿਹੀਆਂ,



-ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ, ਯੂ.ਕੇ.
ਪੰਜਾਬ ਮੇਲ USA

## ਮਾਣ ਮੱਤਾ ਖਾਲਸਾ

ਹੋਏ ਅਨੰਦਪੁਰ ਜਨਮ ਸਾਡੇ
ਸਾਨੂੰ ਪਾਲਿਆ ਨੇਜਿਆਂ, ਖੰਡਿਆਂ ਨੇ

ਹੱਥੀਂ ਲਿਖਿਆ ਖੂਨੀ, ਇਤਿਹਾਸ ਸਾਡਾ
ਸਰਸਾ ਨਦੀ ਦੇ ਜ਼ੁਲਮੀ, ਕੰਢਿਆਂ ਨੇ

ਫਿਰ ਪਰਖੇ ਸੀ ਤੱਤੇ, ਲਹੂ ਸਾਡੇ
ਸਰਹੰਦ ਸ਼ਹਿਰ ਦੇ ਬੁਰਜਾਂ, ਠੰਡਿਆਂ ਨੇ

ਫਿਰ ਪਰਖੇ ਸੀ ਜੋਸ਼ ਜਵਾਨੀਆਂ ਦੇ
ਚਮਕੌਰ ਗੜ੍ਹੀ ਦੇ ਕੇਸਰੀ, ਝੰਡਿਆਂ ਨੇ

ਸਾਡੇ ਪੈਰਾਂ ਨੂੰ ਤੁਰਨ ਦੀ ਜਾਚ ਦੱਸੀ
ਮਾਛੀਵਾੜੇ ਦੇ ਤਿੱਖਿਆਂ, ਕੰਡਿਆਂ ਨੇ

ਸਾਡੇ ਸੀਸ ਸੀ ਧੜ ਤੋਂ, ਕਲਮ ਕੀਤੇ
ਚਾਂਦਨੀ ਚੌਕ ਦੇ ਖੂਨੀ, ਪੰਜਿਆਂ ਨੇ

ਰੰਬੇ ਨੱਚੇ ਸੀ ਸਾਡਿਆਂ, ਖੋਪਰਾਂ ਤੇ
ਸਾਨੂੰ ਚੀਰਿਆ ਆਰੀ ਦੇ, ਦੰਦਿਆਂ ਨੇ

ਬੜੇ ਗਹਿਰੇ ਤੇ ਖੂਨੀ, ਜ਼ਖਮ ਦਿੱਤੇ
ਨੰਦੇੜ ਸਾਹਿਬ ਦੇ ਪੈਂਡੇ, ਲੰਬਿਆਂ ਨੇ

ਸਦਾ ਸਾਡੇ ਹੀ ਗਲਾਂ ਨੂੰ, ਪਾਏ ਜੱਫੇ
ਤਿੱਖੇ ਤੀਰਾਂ ਤੇ ਫਾਂਸੀ ਦੇ, ਫੰਦਿਆਂ ਨੇ

ਪਰ ਕਦੇ ਨਾ ਇਨ੍ਹਾਂ ਨੇ ਈਨ ਮੰਨੀ
ਡਾਣਸੀਵਾਲੀਆ ਗੁਰੂ ਦੇ ਚੰਡਿਆਂ ਨੇ

ਇਹ ਖਾਲਸਾ ਕਦੇ ਨਾ ਖਤਮ ਹੋਇਆ
ਜ਼ੋਰ ਲਾ ਲਿਆ ਬੜਾ, ਔਰੰਗਿਆਂ ਨੇ



ਕੁਲਵੀਰ ਸਿੰਘ ਡਾਨਸੀਵਾਲ, ਸਰ੍ਹੀ,
ਬੀ.ਸੀ. ਕੈਨੇਡਾ
778-863-2472
ਪੰਜਾਬ ਮੇਲ USA

## ਉਮੀਦਾਂ ਦਾ ਕਾਫ਼ਿਲਾ

ਸੱਜਣਾ ਤੁਸੀਂ ਵੀ ਚੱਲੋ, ਸੰਗ ਅਸੀਂ ਵੀ ਚੱਲਦੇ ਹਾਂ,
ਕੋਈ ਦੁੱਖ ਸੁੱਖ ਦੀ ਕਰੋ, ਹਾਮੀਂ ਆਪਾਂ ਵੀ ਭਰਦੇ ਹਾਂ।
ਬਣ ਕੇ ਤੁਰੀਏ ਕਾਫ਼ਿਲਾ, ਕਰੀਏ ਨਵੀਂ ਮੰਜ਼ਿਲ ਸਰ
ਨਸ਼ਾ ਪੜ੍ਹਾਈ ਦਾ ਵੰਡੀਏ, ਚਿੱਟਾ ਕੁੱਤੇ ਮੌਤ ਜਾਏ ਮਰ।

ਕਲੰਕ ਪੰਜਾਬ ਦੇ ਮੱਥੇ 'ਤੇ, ਹੈ ਕੁੜੀ ਮਾਰਾਂ ਦਾ ਲੱਗਾ,
ਚਲੋ ਰਲ ਕੋਹੜ ਵੱਢੀਏ, ਸ੍ਰਿਸ਼ਟੀ ਦਾ ਰੁਕੇ ਨ ਅੱਗਾ।
ਮੁੱਕੇ ਦਾਜ ਦੀ ਲਾਹਣਤ, ਨੂੰਹਾਂ ਦਾ ਸੜ੍ਹਨਾ ਹੋਵੇ ਬੰਦ,
ਬਣਨਾ ਬਾਦਸ਼ਾਹ ਛੱਡੀਏ, ਖਰਚਾ ਵਾਧੂ ਦਾ ਹੋਵੇ ਬੰਦ।

ਸਦਾਚਾਰ ਬੰਦੇ ਦਾ ਡਿੱਗਿਆ, ਨਿੱਤ ਹੁੰਦੇ ਬਲਾਤਕਾਰ,
ਮਿੱਠੀ ਬੋਲੀ ਵਿਗਾੜ ਦਿੱਤੀ, ਕੱਢ ਗਾਲ਼ਾਂ ਬੇਸ਼ੁਮਾਰ।
ਗੱਭਰੂ ਵਿਹਲੜ੍ਹ ਘੁੰਮ ਰਹੇ, ਜੀਅ ਚੁਰਾਂਦੇ ਕੰਮ ਕਾਰ,
ਬਣੇ 'ਰੰਗੀਲੇ ਬਹਾਦੁਰ ਸ਼ਾਹ', ਲੱਚਰ ਗੀਤ ਭਰਮਾਰ।

ਸਰਕਾਰਾਂ ਹੈਨ ਨਿਕੰਮੀਆਂ, ਕੁੱਝ ਨਹੀਂ ਇਨ੍ਹਾਂ ਦੇ ਪਾਸ,
ਲੋਕੀਂ ਚੁਣ-ਚੁਣ ਥੱਕ ਗਏ, ਨੇਤਾਵਾਂ ਤੋਂ ਹੋਏ ਨਿਰਾਸ਼।
ਆਉ ਇੱਕਠੇ ਹੋ ਸੋਚੀਏ, ਮਸਲਿਆਂ ਦਾ ਲੱਭੀਏ ਹੱਲ,
ਕਾਫ਼ਿਲੇ ਤੋਰੀਏ ਉਮੀਦ ਦੇ, ਸੋਚ ਨਵੀਂ ਜ਼ਿੰਦਗੀ ਵੱਲ।



-ਸੇਵਾ ਸਿੰਘ "ਨੂਰਪੁਰੀ"
ਪੰਜਾਬ ਮੇਲ USA





# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

## FOR SALE & PURCHASE OF ANY KIND OF PROPERTY

## ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

## Gurjatinder S. Randhawa

## 916-320-9444

web: www.RealtorRandhawa.com

garysingh123@yahoo.com